ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ: ੬੭ ਫੱਗਣ-ਚੇਤ ਸੰਮਤ ਨਾਨਕਸ਼ਾਹੀ ੫੫੫-੫੬ ਮਾਰਚ ੨੦੨੪ ਅੰਕ : ੧੨
Vol. : 67 March 2024 Issue : 12

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ



## ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ ਬਾਹੀ ਦੇ ਗੁਰਦੁਆਰਾ ਸਾਹਿਬਾਨ



ਗੁਰਦੁਆਰਾ ਰਾਮਸਰ ਸਾਹਿਬ



ਗੁਰਦੁਆਰਾ ਬਿਬੇਕਸਰ ਸਾਹਿਬ



ਗੁਰਦੁਆਰਾ ਸ਼ਹੀਦ ਗੰਜ ਸਾਹਿਬ



ਗੁਰਦੁਆਰਾ ਛੇਹਰਟਾ ਸਾਹਿਬ



ਗੁਰਦੁਆਰਾ ਸੰਨ੍ਹ ਸਾਹਿਬ, ਬਾਸਰਕੇ ਗਿੱਲਾਂ



ਗੁਰਦੁਆਰਾ ਗੁਰੂ ਕੀ ਵਡਾਲੀ

ੴ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਫੱਗਣ-ਚੇਤ, ਸੰਮਤ ਨਾਨਕਸ਼ਾਹੀ ੫੫੫-੫੬ ਮਾਰਚ 2024

ਜਿਲਦ ੬੭ (Vol. 67) ਅੰਕ ੧੨ (Issue 12)

ਸੰਪਾਦਕ
ਸਤਵਿੰਦਰ ਸਿੰਘ
ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੮ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਚੱਕ ਨਾਨਕੀ | -ਡਾ. ਕਿਰਨਦੀਪ ਕੌਰ | |
| | -ਡਾ. ਦਿਲਪ੍ਰੀਤ ਸਿੰਘ | ੧੧ |
| ਅਮਲੀ ਸਿੱਖ ਜੀਵਨ | -ਭਾਈ ਵੀਰ ਸਿੰਘ | ੧੯ |
| ਗੈਰਤ ਤੇ ਗੌਰਵ ਦੇ ਲਾਮਿਸਾਲ ਅਲੰਬਰਦਾਰ... | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੨੧ |
| ਉਦਮੁ ਕਰੇਦਿਆ ਜੀਉ ਤੂੰ . . . | -ਡਾ. ਸ਼ਿਆਮ ਸੁੰਦਰ ਦੀਪਤੀ | ੨੯ |
| ਬੰਦੀ ਸਿੰਘਾਂ ਨੂੰ ਰਿਹਾਅ ਕਰੋ (ਕਵਿਤਾ) | -ਸ. ਹਰਪ੍ਰੀਤ ਸਿੰਘ ਪੱਤੋ | ੩੧ |
| ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ ਬਾਹੀ... | -ਡਾ. ਅਮਰਜੀਤ ਕੌਰ ਇੱਬਣ ਕਲਾਂ | ੩੨ |
| ਜੀਵਨ ਬਿਰਤਾਂਤ: ਸ਼ਹੀਦ ਭਾਈ ਉਦੈ ਸਿੰਘ | -ਸ. ਅਮਨ ਸਿੰਘ ਕਤਲੌਰ | ੩੮ |
| ਹੋਲਾ-ਮਹੱਲਾ (ਕਵਿਤਾ) | -ਸ. ਮਾਨ ਸਿੰਘ ਲਾਂਬਾ 'ਮਸਕੀਨ' | ੪੫ |
| ਸਿੱਖ ਕੌਮ ਦਾ ਚਾਨਣ ਮੁਨਾਰਾ: ਅਕਾਲੀ ਫੂਲਾ ਸਿੰਘ | -ਡਾ. ਦਲਵਿੰਦਰ ਸਿੰਘ | ੪੬ |
| ਹਰਿ ਪ੍ਰਭੁ ਮੇਰੇ ਬਾਬੁਲਾ... | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੫੪ |
| ਭਾਈ ਮੋਹਨ ਸਿੰਘ ਵੈਦ: ਜੀਵਨ ਤੇ ਸ਼ਖ਼ਸੀਅਤ | -ਡਾ. ਸ਼ਮਸ਼ੇਰ ਸਿੰਘ | ੫੭ |
| ਹੋਲੇ-ਮਹੱਲੇ ਦੇ ਰੰਗ ਨਿਹੰਗ ਸਿੰਘਾਂ ਦੇ ਸੰਗ | -ਸ੍ਰੀ ਰਮੇਸ਼ ਬੱਗਾ ਚੋਹਲਾ | ੬੧ |
| ਸਿੱਖ ਰਹਿਤਨਾਮਿਆਂ ਵਿਚ ਇਸਤਰੀ ਸਨਮਾਨ | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੬੪ |
| ਹਜ਼ੂਰ ਸਾਹਿਬ 'ਤੇ ਸਰਕਾਰੀ ਸ਼ਿਕੰਜਾ | -ਸ. ਗੁਰਚਰਨਜੀਤ ਸਿੰਘ ਲਾਂਬਾ | ੭੧ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ... | -ਸ. ਮਨਪ੍ਰੀਤ ਸਿੰਘ ਬਾਜ | ੭੪ |
| ਦਾਸਤਾਨ-ਏ-ਅੰਡੇਮਾਨ (ਅਜ਼ਾਦੀ ਘੁਲਾਟੀਆਂ ਦੇ ਦੇਸ਼ ਅੰਦਰ) | -ਸ. ਨਵਜੋਤ ਸਿੰਘ | ੮੬ |
| ਮਾਰਚ ਅਤੇ ਅਪ੍ਰੈਲ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੮੮ |
| ਙ- ਅੱਖਰ ਰਾਹੀਂ ਗੁਰ ਉਪਦੇਸ਼ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੯ |
| ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ (ਕਵਿਤਾ) | -ਸ. ਕੁਲਦੀਪ ਸਿੰਘ ਲਾਂਬਾ | ੯੨ |
| ਸਬਦ ਸੁਹਾਇਆ (ਕਵਿਤਾ) | -ਭਾਈ ਹਰਪ੍ਰੀਤ ਸਿੰਘ | ੯੩ |
| ਖ਼ਬਰਨਾਮਾ | | ੯੪ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

# ਗੁਰਬਾਣੀ ਵਿਚਾਰ

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਅਰੰਭਕ ਪਉੜੀ ਵਿਚ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਨਾਮ ਬਿਨਾਂ ਮਨੁੱਖਾ ਸਰੀਰ ਦੇ ਵਿਅਰਥ ਜਾਣ ਦੀ ਵਾਸਤਵਿਕਤਾ ਸਮਝਾਉਂਦਿਆਂ, ਮਨੁੱਖਾ ਜਨਮ ਦੀ ਦੁਰਲੱਭਤਾ ਤੇ ਉੱਚੀ ਕੀਮਤ ਦਾ ਅਹਿਸਾਸ ਕਰਾਉਂਦੇ ਹਨ। ਗੁਰੂ ਪਾਤਸ਼ਾਹ ਜੀ ਇਸ ਵਿਚ ਅਧਿਆਤਮ ਮਾਰਗ 'ਤੇ ਤੁਰਨਾ ਅਤਿ ਜ਼ਰੂਰੀ ਦੱਸਦੇ ਹੋਏ ਇਸ ਦਿਸ਼ਾ ਵਿਚ ਤੁਰਨ ਹਿੱਤ ਉਸ ਨੂੰ ਪਰਮਾਤਮਾ ਦੀ ਕਿਰਪਾ ਦੀ ਜਾਚਨਾ ਕਰਨ ਅਤੇ ਉਸ ਦੇ ਸੱਚੇ ਸਦੀਵੀ ਕੰਮ ਆਉਣ ਵਾਲੇ ਨਾਮ ਨੂੰ ਮਨ-ਚਿਤ-ਆਤਮਾ ਵਿਚ ਵਸਾਉਣ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਅਕਾਲ ਪੁਰਖ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਫੁਰਮਾਨ ਕਰਦੇ ਹਨ ਕਿ, ਹੇ ਪ੍ਰਭੂ! ਆਪਣੇ ਕਰਮਾਂ ਦੀ ਕਮਾਈ ਕਰਕੇ ਤੇਰੇ ਤੋਂ ਵਿਛੜੇ ਹੋਏ ਹਾਂ। ਆਪਣੀ ਕਿਰਪਾ ਕਰਦਿਆਂ ਹੇ ਪ੍ਰਭੂ, ਆਪ ਨੇ ਸਾਨੂੰ ਆਪਣੇ ਨਾਲ ਮਿਲਾ ਲੈਣਾ। ਭਾਵ ਸਾਡਾ ਆਪ ਨੂੰ ਵਿਸਾਰੀ ਰੱਖਣਾ ਖ਼ਤਮ ਹੋ ਜਾਵੇ। ਅਸੀਂ ਆਪਣੇ ਆਲੇ-ਦੁਆਲੇ ਦੀਆਂ ਚਾਰੋਂ ਹੀ ਨੁੱਕਰਾਂ ਅਤੇ ਦਸਾਂ ਹੀ ਦਿਸ਼ਾਵਾਂ ਵਿਚ ਜਗਤ ਦੀ ਮਾਇਆ ਦੇ ਅਸਰ ਥੱਲੇ ਭੌਂਦੇ ਫਿਰਦੇ ਰਹੇ ਹਾਂ, ਹੁਣ ਹਾਰ-ਹੁੱਟ ਕੇ ਤੁਹਾਡਾ ਆਸਰਾ ਤੱਕਿਆ ਹੈ।

ਪਰਮਾਤਮਾ ਦੇ ਸਦੀਵੀ ਸੱਚੇ ਨਾਮ ਤੋਂ ਬਗੈਰ ਅਰਥਹੀਣ ਅਤੇ ਦੁਖਦਾਇਕ

ਮਾਨਸਿਕ ਆਤਮਿਕ ਹਾਲਤ ਨੂੰ ਦੋ ਦ੍ਰਿਸ਼ਟਾਂਤਾਂ ਰਾਹੀਂ ਦਰਸਾਉਂਦੇ ਹੋਏ ਗੁਰੂ ਪਾਤਸ਼ਾਹ ਕਥਨ ਕਰਦੇ ਹਨ ਕਿ ਗਊ ਜੋ ਦੁੱਧ ਨਹੀਂ ਦਿੰਦੀ, ਕਿਸੇ ਕੰਮ ਨਹੀਂ ਆਉਂਦੀ। ਦੂਸਰਾ ਦ੍ਰਿਸ਼ਟਾਂਤ ਦਿੰਦਿਆਂ ਗੁਰੂ ਜੀ ਕਥਨ ਕਰਦੇ ਹਨ ਕਿ ਪਾਣੀ ਬਿਨਾਂ ਖੇਤੀ ਮੁਰਝਾਅ ਜਾਂਦੀ ਹੈ ਅਤੇ ਉਸ ਤੋਂ ਪੂਰੀ ਆਮਦਨ ਨਹੀਂ ਹੋ ਸਕਦੀ ਭਾਵ ਪਾਣੀ ਖੇਤੀ ਦੇ ਵਿਕਾਸ-ਵਿਗਾਸ ਵਾਸਤੇ ਅਤਿ ਜ਼ਰੂਰੀ ਤੱਤ ਹੈ। ਦੋਨਾਂ ਦ੍ਰਿਸ਼ਟਾਂਤਾਂ ਦੀ ਸੰਰਚਨਾਤਮਕ ਯੋਜਨਾਬੰਦੀ ਦੁਆਰਾ ਸਹਿਜੇ ਹੀ ਸਿੱਟਾ ਕੱਢਦੇ ਹੋਏ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਇਨਸਾਨ ਦਾ ਸੱਜਣ ਕੇਵਲ ਤੇ ਕੇਵਲ ਉਹ ਪਰਮਾਤਮਾ ਹੈ। ਉਸ ਬਗ਼ੈਰ ਸੁਖ-ਸ਼ਾਂਤੀ ਕਿਵੇਂ ਮਿਲੇਗੀ? ਭਾਵ ਕਦਾਚਿਤ ਵੀ ਨਹੀਂ ਮਿਲੇਗੀ। 'ਪ੍ਰਭੂ ਦੇ ਨਾਮ ਵਿਚ ਹੀ ਸੱਚਾ ਸੁਖ ਮਿਲ ਸਕਦਾ ਹੈ' ਇਹ ਭਾਵ ਦ੍ਰਿੜ੍ਹ ਕਰਾਉਣ ਵਾਸਤੇ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਘਰ ਅਰਥਾਤ ਹਿਰਦੇ ਅੰਦਰ ਪਰਮਾਤਮਾ-ਰੂਪੀ ਪਿਆਰਾ ਪਤੀ ਪ੍ਰਗਟ ਨਹੀਂ ਹੁੰਦਾ ਮਤਲਬ ਕਿ ਜਿਹੜਾ ਹਿਰਦਾ ਉਹਨੂੰ ਯਾਦ ਨਹੀਂ ਰੱਖਦਾ ਜਾਂ ਹੱਦੋਂ ਵੱਧ ਦਿੱਸਦੇ ਸੰਸਾਰ ਦੀ ਮੋਹ-ਮਾਇਆ ਵਿਚ ਗੁਆਚ ਜਾਂਦਾ ਹੈ ਉਹ ਵੱਡੀ ਭੱਠੀ ਸਮਾਨ ਤਪਦੇ ਸ਼ਹਿਰ ਜਾਂ ਪਿੰਡ ਜਿਹਾ ਹੈ। ਜੀਵ-ਇਸਤਰੀ ਦਾ ਸਰੀਰਿਕ ਸ਼ਿੰਗਾਰ ਉਸ ਦੇ ਸਰੀਰ ਸਮੇਤ ਝੂਠਾ ਜਾਂ ਖ਼ਤਮ ਹੋ ਜਾਣ ਵਾਲਾ ਹੈ। ਮਾਲਕ ਪਰਮਾਤਮਾ ਬਿਨਾਂ ਬਾਹਰੀ ਰੂਪ ਵਿਚ ਮਿੱਤਰ ਜਾਂ ਹਿਤੈਸ਼ੀ ਦਿੱਸਦੇ ਲੋਕ ਜਮਾਂ/ਜਮਦੂਤਾਂ ਸਮਾਨ ਹਨ। ਗੁਰੂ ਜੀ ਮਨੁੱਖ-ਮਾਤਰ ਨੂੰ ਅਧਿਆਤਮ ਮਾਰਗ 'ਤੇ ਪਾਉਣ ਹਿੱਤ ਪ੍ਰਭੂ ਮਾਲਕ ਅੱਗੇ ਅਰਦਾਸ-ਜਾਚਨਾ ਕਰਦੇ ਹਨ ਕਿ, ਹੇ ਨਾਨਕ! ਆਪਣੀ ਮਿਹਰ ਕਰ ਕੇ ਮੈਨੂੰ ਆਪਣਾ ਨਾਮ ਬਖ਼ਸ਼ ਦਿਓ! ਮੈਨੂੰ ਆਪਣੇ ਨਾਲ ਆਪਣੇ ਨਾਮ ਦੁਆਰਾ ਮਿਲਾ ਲੈਣਾ ਜੀ! ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਉੱਪਰ ਆਪ ਜੀ ਦਾ ਨਾਮ ਹੀ ਸਦਾ ਅਟੱਲ ਰਹਿਣ ਵਾਲਾ ਹੈ ਭਾਵ ਇਸ ਸੰਸਾਰ ਉੱਪਰ ਹੋਰ ਜੋ ਕੁਝ ਵੀ ਦ੍ਰਿਸ਼ਟਮਾਨ ਹੈ ਸਭ ਬਦਲ ਜਾਣ ਵਾਲਾ ਹੈ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੁਆਰਾ ਚੇਤ ਮਹੀਨੇ ਨਾਲ ਸੰਬੰਧਿਤ ਵਾਤਾਵਰਨ ਅਤੇ ਮੌਸਮ ਦੇ ਰੂ-ਬ-ਰੂ ਜੀਵ-ਇਸਤਰੀ ਨੂੰ ਮਾਲਕ ਪਰਮਾਤਮਾ ਨੂੰ ਯਾਦ ਕਰਦਿਆਂ ਉਸ ਵਿਚ ਸੁਖ-ਅਨੰਦ ਮਾਣਦਿਆਂ, ਬਨਸਪਤੀ ਅਤੇ ਕੁਦਰਤ 'ਚ ਵੱਸਦੇ ਕਾਦਰ ਨੂੰ ਮਹਿਸੂਸ ਕਰਦਿਆਂ ਅਧਿਆਤਮਿਕ ਖੇਤਰ ਵਿਚ ਵਿਗਾਸ ਹਿੱਤ ਸਦਾ ਯਤਨਸ਼ੀਲ ਰਹਿਣ ਲਈ, ਸੱਚੇ ਗੁਰੂ ਦੀ ਅਗਵਾਈ ਹਾਸਲ ਕਰਨ ਦੀ ਗੁਰਮਤਿ-ਜੁਗਤ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਉਸ ਸੱਚੇ ਮਾਲਕ ਨੂੰ ਯਾਦ ਕਰੀਏ ਤਾਂ ਡੂੰਘਾ ਅਨੰਦ ਮਿਲਦਾ ਹੈ। ਸੰਤ ਭਾਵ ਰੱਬ ਨਾਲ ਮਿਲੇ ਹੋਏ ਲੋਕਾਂ ਨਾਲ ਮਿਲ-ਬੈਠ ਕੇ, ਜੀਭਾ ਨਾਲ ਉਸ ਮਾਲਕ ਦਾ ਨਾਮ ਜਪਣਾ ਸਹਿਜੇ ਹੀ ਸੰਭਵ ਹੋ ਜਾਂਦਾ ਹੈ। ਇੱਥੇ ਗੁਰੂ ਜੀ ਦਾ ਅੰਤਰੀਵ ਭਾਵ ਹੈ ਕਿ ਜਗਤ ਤੋਂ ਕਿਨਾਰਾ ਕਰਨਾ ਕਿਸੇ ਤਰ੍ਹਾਂ ਵੀ ਪ੍ਰਭੂ-ਭਗਤੀ ਦੇ ਵਾਸਤੇ ਲੋੜੀਂਦਾ ਅਤੇ ਯੋਗ ਨਹੀਂ ਸਿਰਫ਼ ਚੰਗੀ ਸੰਗਤ ਲੱਭਣ ਦੀ ਲੋੜ ਹੈ। ਚੰਗੀ ਸੰਗਤ ਵਿਚ ਹੋਣ ਵਾਲੀ ਪਰਸਪਰ ਵਿਚਾਰ ਮਨੁੱਖ ਨੂੰ ਭਟਕਣ ਤੋਂ ਬਚਾਉਂਦੀ ਹੋਈ ਰੂਹਾਨੀ ਮੰਜ਼ਲ ਵੱਲ ਤੋਰ ਦਿੰਦੀ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਮਾਲਕ (ਪਰਮਾਤਮਾ) ਨੂੰ ਪਾ ਲਿਆ ਹੈ ਉਸੇ ਨੂੰ ਹੀ ਇਸ ਸੰਸਾਰ ਉੱਪਰ ਆਇਆ ਗਿਣੀਏ। ਕਹਿਣ ਤੋਂ ਭਾਵ, ਮਾਲਕ ਨੂੰ ਰੀਝਾਉਣ ਬਿਨਾਂ ਮਨੁੱਖੀ ਸਰੀਰ ਨੂੰ ਪਾਉਣ ਦਾ ਕੋਈ ਅਰਥ ਹੀ ਨਹੀਂ। ਜਿਹੜਾ ਮਾਲਕ ਨੂੰ ਪਛਾਣ ਲੈਂਦਾ ਹੈ ਉਹ ਤਾਂ ਉਸ ਦੀ ਯਾਦ ਬਿਨਾਂ, ਉਸ ਨੂੰ ਚਿਤਵਣ ਬਿਨਾਂ ਨਹੀਂ ਰਹਿੰਦਾ। ਉਹ ਮਾਲਕ ਦਾ ਪਸਾਰਾ ਸਾਰੇ ਪਾਸੇ ਜਲ-ਥਲ ਅਤੇ ਬਨਸਪਤੀ ਵਿਚ ਵੇਖਦਾ-ਮਹਿਸੂਸਦਾ ਹੈ। ਦੂਜੇ ਬੰਨੇ ਜਿਸ ਨੂੰ ਉਹ ਮਾਲਕ ਯਾਦ ਨਹੀਂ ਆਉਂਦਾ ਉਹਦਾ ਦੁੱਖ ਬਹੁਤ ਹੀ ਵੱਡਾ ਹੈ। ਜਿਨ੍ਹਾਂ ਮਨੁੱਖਾਂ ਨੇ ਉਸ ਨੂੰ ਸਿਮਰਿਆ ਹੈ ਉਨ੍ਹਾਂ ਦੇ ਭਾਗ ਵੱਡੇ ਹਨ। ਹੇ ਨਾਨਕ! ਪ੍ਰਭੂ ਨੂੰ ਮਿਲਿਆਂ ਹੋਇਆਂ ਨੂੰ ਵੇਖ ਕੇ ਮਨ ਵਿਚ ਪਰਮਾਤਮਾ ਮਾਲਕ ਨੂੰ ਮਿਲ ਪੈਣ ਦੀ ਇੱਛਾ ਉਪਜੀ ਹੈ, ਮਨ ਵਿਚ ਇਕ ਤ੍ਰੇਹ ਲੱਗ ਗਈ ਹੈ। ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਕੋਈ ਉਸ ਮਾਲਕ ਨਾਲ ਮਿਲਾ ਦੇਣ ਦੀ ਆਸ ਬੰਨ੍ਹਾਏ ਤਾਂ ਉਸ ਦੇ ਚਰਨੀਂ ਲੱਗਣਾ ਚਾਹੀਦਾ ਹੈ।

ਸੰਪਾਦਕੀ...

# ਚੜ੍ਹਦੀ ਕਲਾ ਦਾ ਪ੍ਰਤੀਕ: ਹੋਲਾ-ਮਹੱਲਾ

*ਕਰਮਾਤਿ ਦੇ ਅਰਥ ਹਨ: ਬਖ਼ਸ਼ਿਸ਼, ਦਾਤ, ਕਰਾਮਾਤੀ ਸ਼ਕਤੀ ਆਦਿ। ਹੋਲੇ-ਮਹੱਲੇ ਦੇ ਪਵਿੱਤਰ ਅਤੇ ਇਤਿਹਾਸਿਕ ਖਾਲਸਈ ਪੁਰਬ ਦੀਆਂ ਦੇਸ਼-ਕੌਮ ਪ੍ਰਤੀ ਬਹੁਤ ਮਹਾਨ ਬਖ਼ਸ਼ਿਸ਼ਾਂ ਹਨ। ਗੁਰੂ ਸਾਹਿਬਾਨ ਦੁਆਰਾ ਸਿਰਜੇ ਸੰਕਲਪ, ਸਿਧਾਂਤ, ਪਰੰਪਰਾਵਾਂ, ਖਾਲਸਈ ਪੁਰਬ ਆਦਿ ਮਨੁੱਖਤਾ ਲਈ ਰੌਸ਼ਨ-ਮਿਨਾਰ ਹਨ। ਇਹ ਮਨੁੱਖਤਾ ਅੰਦਰ ਰੂਹਾਨੀ ਖੇੜਾ ਅਤੇ ਸਰੀਰਕ ਮਾਨਸਿਕ ਨਿਰੋਗਤਾ ਪੈਦਾ ਕਰਦੇ ਹਨ। ਇਹ ਸੁਆਰਥੀ ਭਾਵਨਾ ਵਿਚ ਗ੍ਰਸਤ ਹੋਈਆਂ ਸੁੱਤੀਆਂ ਜ਼ਮੀਰਾਂ ਨੂੰ ਟੁੰਬ ਕੇ ਜਗਾਉਣ ਦੀ ਸਮਰੱਥਾ ਰੱਖਦੇ ਹਨ। ਇਹ ਭਾਰਤੀ ਪਰੰਪਰਾ ਦੀਆਂ ਬਾਸੀਆਂ ਤੇ ਨਿਰਾਰਥਕ ਰਹੁ-ਰੀਤਾਂ ਨਾਲੋਂ ਖਾਲਸਾ-ਪੰਥ ਨੂੰ ਨਿਖੇੜ ਕੇ 'ਸਿੱਖ ਇਕ ਵੱਖਰੀ ਕੌਮ', ਦੀ ਸ਼ਾਹਦੀ ਭਰਦੀਆਂ ਹਨ।*

*'ਹੋਲਾ-ਮਹੱਲਾ' ਦਾ ਖਾਲਸਈ ਪੁਰਬ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਪਰ ਯੁੱਧ-ਅਭਿਆਸ ਵਜੋਂ ਸ਼ੁਰੂ ਕੀਤਾ। ਗੁਰੂ ਜੀ ਦਾ ਯੁੱਧ ਉਨ੍ਹਾਂ ਨਾਲ ਸੀ ਜਿਹੜੇ 'ਪੰਥ ਪ੍ਰਚੁਰ ਕਰਬੇ' ਵਿਚ ਰੁਕਾਵਟ ਖੜੀ ਕਰਦੇ ਸਨ, ਜਿਹੜੇ ਇਸ ਜਗਤ ਅੰਦਰ ਕੁਬੁਧਿ ਕਰਮ ਕਰਦੇ ਸਨ, ਜਿਹੜੇ ਧਰਮੀ ਰਾਜ ਦੀ ਸਥਾਪਤੀ ਵਿਚ ਰੁਕਾਵਟ ਸਨ, ਜਿਹੜੇ ਦੁਸ਼ਟ-ਦੋਖੀ ਗ਼ਰੀਬ ਲੋਕਾਈ ਨੂੰ ਤੰਗ ਕਰਦੇ ਸਨ। ਸਾਰ-ਰੂਪ ਵਿਚ ਬਦੀ ਨੂੰ ਖ਼ਤਮ ਕਰ ਕੇ ਨੇਕੀ ਦਾ ਰਾਜ ਸਥਾਪਿਤ ਕਰਨ ਲਈ ਗੁਰੂ ਜੀ ਨੇ ਜਿੱਥੇ ਮਨੁੱਖੀ ਆਤਮਿਕ ਵਿਗਾਸ ਲਈ ਬਾਣੀ ਦੀ ਰਚਨਾ ਕੀਤੀ ਤੇ ਖਾਲਸਾ-ਪੰਥ ਸਾਜਿਆ, ਉੱਥੇ ਮੈਦਾਨ-ਏ-ਜੰਗ ਵਿਚ ਬਦੀ ਦਾ ਟਾਕਰਾ ਕਰਨ ਲਈ ਯੁੱਧ-ਅਭਿਆਸ ਹਿੱਤ ੧੭੦੦ ਈ. ਨੂੰ ਹੋਲੇ ਮਹੱਲੇ ਦਾ ਖਾਲਸਈ ਪੁਰਬ ਸ਼ੁਰੂ ਕਰਵਾਇਆ।*

*'ਹੋਲਾ' ਦਾ ਅਰਥ ਹੈ— ਹੱਲਾ ਜਾਂ ਹਮਲਾ ਅਤੇ 'ਮਹੱਲਾ' ਦਾ ਅਰਥ ਹੈ— ਹਮਲਾਕਾਰਾਂ ਦੇ ਉਤਰਨ ਦੀ ਥਾਂ ਭਾਵ ਕਿ, ਜਿਸ ਥਾਂ ਉੱਪਰ ਉਨ੍ਹਾਂ ਕਬਜ਼ਾ ਜਮਾਉਣ ਲਈ ਹੱਲਾ ਕੀਤਾ ਹੈ। ਇਸ ਤਰ੍ਹਾਂ ਦੋਨਾਂ ਦੇ ਸੁਮੇਲ ਨਾਲ ਸ਼ਬਦ ਬਣਿਆ— ਹੋਲਾ-ਮਹੱਲਾ।*

*ਦਸਮੇਸ਼ ਪਿਤਾ ਜੀ ਖਾਲਸਾ ਫੌਜਾਂ ਨੂੰ ਦੋ ਦਲਾਂ ਵਿਚ ਵੰਡ ਦਿੰਦੇ। ਇਕ ਦਲ ਨਿਸ਼ਚਿਤ ਅਸਥਾਨ ਉੱਪਰ ਕਾਬਜ਼ ਹੋ ਜਾਂਦਾ ਅਤੇ ਦੂਸਰਾ ਦਲ ਉਸ ਅਸਥਾਨ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦਾ।*

*ਹਜ਼ਾਰਾਂ ਸਾਲਾਂ ਤੋਂ ਭਾਰਤ ਅੰਦਰ ਬਦੀ ਉੱਪਰ ਨੇਕੀ ਦੀ ਜਿੱਤ ਦੇ ਪ੍ਰਤੀਕ ਵਜੋਂ*

ਹੋਲੀ ਮਨਾਈ ਜਾਂਦੀ ਰਹੀ, ਪਰ ਵਿਵਹਾਰਕ ਰੂਪ ਵਿਚ ਕਦੇ ਵੀ ਨੇਕੀ ਦੀ ਜਿੱਤ ਨਾ ਹੋ ਸਕੀ, ਬਲਕਿ ਬਦੀ ਆਪਣਾ ਹੋਰ ਪ੍ਰਚੰਡ ਰੂਪ ਧਾਰਦੀ ਰਹੀ। ਪ੍ਰਹਿਲਾਦ ਭਗਤ ਦੇ ਇੱਕ ਪਰਮਾਤਮਾ ਉੱਪਰ ਵਿਸ਼ਵਾਸ ਅਤੇ ਉਸ ਦੇ ਭਗਤੀ-ਭਾਵ ਨੂੰ ਤਾਂ ਸਲਾਹਿਆ ਜਾਂਦਾ ਰਿਹਾ, ਪਰ ਸੰਭੂਕ ਨੂੰ ਕਿਸੇ ਭਗਤੀ ਨਾ ਕਰਨ ਦਿੱਤੀ। ਉਸ ਲਈ ਤਾਂ ਧਰਮ ਦੇ ਰੱਖਿਅਕ ਹੀ ਹਰਣਾਕਸ਼ ਬਣ ਗਏ। ਇਸ ਦੇਸ਼ ਵਿਚ ਰੱਬ ਦੇ ਭਗਤਾਂ ਨੂੰ, ਭਗਤੀ ਕਰਦਿਆਂ ਨੂੰ ਧਾਰਮਿਕ ਅਸਥਾਨਾਂ ਵਿੱਚੋਂ ਧੱਕੇ ਮਾਰ ਕੇ ਕੱਢਿਆ ਜਾਂਦਾ ਰਿਹਾ। ਨਾਮ ਸੁਣਨ ਅਤੇ ਭਗਤੀ ਕਰਨ ਵਾਲਿਆਂ ਦੀਆਂ ਜੀਭਾਂ ਵੱਢੀਆਂ ਜਾਂਦੀਆਂ ਰਹੀਆਂ। ਇੱਥੋਂ ਤਕ ਕਿ ਨਾਮ ਸੁਣਨ ਵਾਲਿਆਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਰਿਹਾ।

ਕਲਗੀਧਰ ਪਿਤਾ ਜੀ ਨੂੰ ਅਜਿਹੇ ਅਖੌਤੀ ਤਿਉਹਾਰ ਪ੍ਰਵਾਨ ਨਹੀਂ ਸਨ। ਉਨ੍ਹਾਂ ਕਿਹਾ ਮੇਰਾ ਖਾਲਸਾ-ਪੰਥ ਬਦੀ ਉੱਪਰ ਨੇਕੀ ਦੀ ਜਿੱਤ ਲਈ 'ਕਰਨੀ' ਪ੍ਰਧਾਨ ਹੋਵੇਗਾ। ਉਹ ਬਦੀ ਉੱਪਰ ਨੇਕੀ ਦੀ ਜਿੱਤ ਕਰ ਕੇ ਦਿਖਾਵੇਗਾ। ਉਹ ਧਰਤੀ ਉੱਪਰੋਂ ਬਦੀ ਦਾ ਖ਼ਾਤਮਾ ਕਰ ਕੇ ਨੇਕੀ ਦਾ ਰਾਜ ਸਥਾਪਿਤ ਕਰਨ ਲਈ ਯੁੱਧ-ਅਭਿਆਸ ਵਜੋਂ ਇਸ ਦਿਨ ਨੂੰ ਹੋਲੇ-ਮਹੱਲੇ ਦੇ ਰੂਪ ਵਿਚ ਮਨਾਇਆ ਕਰੇਗਾ। ਖਾਲਸਾ-ਪੰਥ ਦੀ ਸਿਰਜਣਾ ਅਤੇ ਨਰੋਏ ਖਾਲਸਈ ਤਿਉਹਾਰਾਂ ਸਦਕਾ ਇਹ ਸੱਚ ਸਾਬਤ ਹੋਇਆ। ਹਜ਼ਾਰਾਂ ਸਾਲਾਂ ਵਿਚ ਜਿਸ ਬਦੀ ਉੱਪਰ ਨੇਕੀ ਦੀ ਜਿੱਤ ਨਾ ਹੋਈ; ਉਹ ਖਾਲਸਾ ਪੰਥ ਨੇ ਕਰ ਕੇ ਵਿਖਾਈ। ਜ਼ੁਲਮੀ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟ ਕੇ ਧਰਮੀ ਖਾਲਸਈ ਰਾਜ ਸਥਾਪਿਤ ਕੀਤਾ। ਇਹ ਇਕ ਸਚਾਈ ਹੈ ਕਿ ਅਜਿਹਾ ਧਰਮੀ ਰਾਜ ਸਥਾਪਿਤ ਕਰਨਾ ਹਿੰਦ-ਵਾਸੀਆਂ ਲਈ ਕਦੇ ਵੀ ਸੰਭਵ ਨਹੀਂ ਸੀ, ਕਿਉਂਕਿ ਉਨ੍ਹਾਂ ਅੰਦਰ 'ਚਿੜੀਓਂ ਸੇ ਮੈਂ ਬਾਜ਼ ਤੁੜਾਊਂ, ਸਵਾ ਲਾਖ ਸੇ ਏਕ ਲੜਾਊਂ'' ਦੀ ਭਾਵਨਾ ਕਿਸੇ ਵੀ ਆਗੂ ਨੇ ਪੈਦਾ ਹੀ ਨਹੀਂ ਸੀ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ਼ੁਰੂ ਕਰਵਾਏ ਹੋਲੇ-ਮਹੱਲੇ ਦੇ ਇਸ ਯੁੱਧ-ਅਭਿਆਸ ਨੇ ਖਾਲਸਾ-ਪੰਥ ਅੰਦਰ ਯੁੱਧ ਕਲਾ ਦੀ ਅਜਿਹੀ ਮੁਹਾਰਤ ਅਤੇ ਜਜ਼ਬਾ ਭਰ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਇਹ ਯੁੱਧ ਅਭਿਆਸ ਵੱਡੀਆਂ-ਵੱਡੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਫੌਜੀ ਸਿਖ਼ਲਾਈ ਸੰਸਥਾਵਾਂ ਨੂੰ ਮਾਤ ਪਾ ਗਿਆ। ਸਭਰਾਵਾਂ ਦੇ ਮੈਦਾਨ ਵਿਚ ਖਾਲਸਈ ਫੌਜ ਨੇ ਅਤਿ ਆਧੁਨਿਕ ਸਿਖ਼ਲਾਈ ਹਾਸਲ ਅੰਗਰੇਜ਼ ਫੌਜ ਦੇ ਨਿੰਬੂਆਂ ਵਾਂਗ ਲਹੂ ਨਿਚੋੜ ਸੁੱਟੇ। ਇਸ ਤੋਂ ਪਹਿਲਾਂ ਇਸੇ ਯੁੱਧ-ਅਭਿਆਸ ਸਦਕਾ ਹੀ ਚਮਕੌਰ ਦੀ ਜੰਗ ਸਮੇਂ ਚਾਲ਼ੀ ਸਿੰਘਾਂ ਨੇ ਵੱਡੀ ਗਿਣਤੀ ਦੀ ਫੌਜ ਦਾ ਟਾਕਰਾ ਕਰ ਦੇ ਵਿਖਾਇਆ। ਇਸੇ ਯੁੱਧ-ਅਭਿਆਸ ਦੇ ਸਦਕਾ ਸਿੱਖਾਂ ਨੇ ਹਜ਼ਾਰਾਂ ਸਾਲ ਦੀ ਗ਼ੁਲਾਮੀ ਤੋਂ ਬਾਅਦ ਦੇਸ਼ ਨੂੰ ਅਜ਼ਾਦ ਕਰਵਾਇਆ। ਇਸੇ ਯੁੱਧ-ਅਭਿਆਸ ਦੇ ਜਜ਼ਬੇ ਨੇ ਹੀ ਲੈਫ. ਜਨਰਲ ਹਰਬਖਸ਼ ਸਿੰਘ, ਚੀਫ਼ ਮਾਰਸ਼ਲ

*ਅਰਜਨ ਸਿੰਘ, ਜਨਰਲ ਜਗਜੀਤ ਸਿੰਘ (ਅਰੋੜਾ), ਜਨਰਲ ਬਿਕਰਮ ਸਿੰਘ, ਜਨਰਲ ਸੁਬੇਗ ਸਿੰਘ, ਨਿਰਮਲਜੀਤ ਸਿੰਘ (ਸੇਖੋਂ) ਆਦਿ ਵਰਗੇ ਹੋਰ ਬਹੁਤ ਸਾਰੇ ਸਿੱਖ ਜਰਨੈਲ ਤਿਆਰ ਕੀਤੇ, ਜਿਨ੍ਹਾਂ ਨੇ ਆਪਣੀ ਬਹਾਦਰੀ ਸਦਕਾ ਹਿੰਦੁਸਤਾਨ ਦੀ ਆਬਰੂ ਨੂੰ ਪੈਰਾਂ ਵਿਚ ਰੁਲਣ ਤੋਂ ਬਚਾਇਆ। ਜਨਰਲ ਹਰਬਖਸ਼ ਸਿੰਘ ਨੇ ੧੯੪੭-੪੮ ਈ. ਦੀ ਭਾਰਤ-ਪਾਕਿਸਤਾਨ ਜੰਗ, ੧੯੬੨ ਈ. ਦੀ ਭਾਰਤ-ਚੀਨ ਜੰਗ, ੧੯੬੫ ਈ. ਦੀ ਭਾਰਤ-ਪਾਕਿਸਤਾਨ ਜੰਗ ਵਿਚ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ ਦੇਸ਼ ਦੀ ਕੰਡ ਨਾ ਲੱਗਣ ਦਿੱਤੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ੧੯੬੨ ਈ. ਦੀ ਜੰਗ ਵਿਚ ਵੀ ਸਿੱਖ ਰੈਜੀਮੈਂਟ ਨੂੰ ਛੱਡ ਕੇ ਬਾਕੀ ਫੌਜੀ ਭਗੌੜੇ ਹੋਏ ਸਨ। ੧੯੬੫ ਈ. ਦੀ ਜੰਗ ਵਿਚ ਵੀ ਡੋਗਰਾ ਰੈਜੀਮੈਂਟ ਦੇ ਅਫ਼ਸਰ ਤੇ ਸਿਪਾਹੀ ਆਪਣਾ ਅਸਲਾ ਸੁੱਟ ਕੇ ਜਾਨ ਬਚਾ ਕੇ ਭੱਜ ਨਿਕਲੇ ਸਨ, ਫਿਰ ਸਿੱਖ ਬਟਾਲੀਅਨ ਮੈਦਾਨ ਵਿਚ ਉਤਰੀ, ਪਾਕਿਸਤਾਨ ਦੇ ੨੪੦ ਪੈਟਨ ਟੈਂਕਾਂ ਅੱਗੇ ਛਾਤੀਆਂ ਡਾਹ ਕੇ ਟੈਂਕਾਂ ਨੂੰ ਤਬਾਹ ਕਰ ਦਿੱਤਾ। ਜਨਰਲ ਚੌਧਰੀ ਨੇ ਤਾਂ ਇੱਥੋਂ ਤਕ ਹੁਕਮ ਜਾਰੀ ਕਰ ਦਿੱਤਾ ਸੀ ਕਿ ਪਿੱਛੇ ਹਟ ਕੇ ਸਤਲੁਜ ਦਰਿਆ ਨੂੰ ਯੁੱਧ-ਰੇਖਾ ਬਣਾ ਲਵੋ, ਪਰ ਜਿਸ ਦੇ ਪੂਰਵਜਾਂ ਨੇ ਕਲਗੀਧਰ ਪਿਤਾ ਜੀ ਪਾਸੋਂ ਯੁੱਧ ਅਭਿਆਸ ਦੇ ਪੈਂਤੜੇ ਸਿੱਖੇ ਹੋਣ ਉਹ ਇੰਨੀ ਛੇਤੀ ਹੌਂਸਲਾ ਕਿਵੇਂ ਛੱਡ ਸਕਦਾ ਸੀ? ਜਿਸ ਦੇ ਪੂਰਵਜਾਂ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਸ਼ਹਾਦਤਾਂ ਪਾਈਆਂ ਹੋਣ ਉਹ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨੂੰ ਛੱਡ ਕੇ ਪਿੱਛੇ ਕਿਵੇਂ ਹਟ ਸਕਦਾ ਸੀ? ਇਸ ਲਈ ਗੁਰੂ ਦੇ ਸਿੱਖ ਲੈਫ. ਜਨਰਲ ਹਰਬਖਸ਼ ਸਿੰਘ ਨੇ ਵਾਹਗਾ ਅਤੇ ਖੇਮਕਰਨ ਬਾਰਡਰ ਉੱਪਰ ਖੜ੍ਹੇ ਰਹਿ ਕੇ ਹੀ ਪਾਕਿਸਤਾਨੀ ਫ਼ੌਜ ਦਾ ਸਾਹਮਣਾ ਕੀਤਾ ਸੀ। ੧੯੭੧ ਈ. ਵਿਚ ਵੀ ਸਿੱਖ ਰੈਜੀਮੈਂਟਾਂ ਨੂੰ ਛੱਡ ਬਾਕੀ ਫੌਜਾਂ ਦੌੜੀਆਂ ਸਨ। ਸਰਦਾਰ ਜਗਜੀਤ ਸਿੰਘ (ਅਰੋੜਾ) ਨੇ ਸਿੱਖ ਫੌਜ ਦੀ ਮਦਦ ਨਾਲ ਪਾਕਿਸਤਾਨੀ ਫੌਜ ਨੂੰ ਆਤਮ-ਸਮਰਪਣ ਕਰਨ ਲਈ ਮਜ਼ਬੂਰ ਕਰ ਦਿੱਤਾ। ਇਹ ਸਭ ਕਲਗੀਧਰ ਪਿਤਾ ਜੀ ਦੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਸ਼ਕਤੀ ਅਤੇ ਹੋਲੇ-ਮਹੱਲੇ ਦੇ ਯੁੱਧ-ਅਭਿਆਸ ਦਾ ਹੀ ਕਮਾਲ ਸੀ।*

■

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਚੱਕ ਨਾਨਕੀ

*-ਡਾ. ਕਿਰਨਦੀਪ ਕੌਰ**

*-ਡਾ. ਦਿਲਪ੍ਰੀਤ ਸਿੰਘ***

ਇਹ ਲੇਖ ਸਮੱਗਰ ਗੁਣਾਂ ਦੇ ਮਾਲਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਉਹਨਾਂ ਦੁਆਰਾ ਸਥਾਪਤ ਕੀਤੇ ਨਗਰ ਚੱਕ ਨਾਨਕੀ ਉੱਤੇ ਕੇਂਦਰਿਤ ਹੈ। ਵੱਖ-ਵੱਖ ਸਿੱਖ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਲੈ ਕੇ ਸ਼ਹਾਦਤ ਤਕ ਦੇ ਸਫ਼ਰ ਦੀਆਂ ਅਹਿਮ ਘਟਨਾਵਾਂ ਉੱਤੇ ਚਾਨਣਾ ਪਾਇਆ ਗਿਆ ਹੈ। ਇਸ ਤੋਂ ਇਲਾਵਾ ਲੋਕਾਈ ਨੂੰ ਤਾਰਨ ਲਈ ਕੀਤੀਆਂ ਯਾਤਰਾਵਾਂ ਦਾ ਸੰਖੇਪ ਵਰਨਣ ਕੀਤਾ ਗਿਆ ਹੈ।

**ਮੁਢਲਾ ਜੀਵਨ:-** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਵੈਸਾਖ ਵਦੀ ੫, ਸੰਮਤ ੧੬੭੮ (੧੬੨੧ ਈ.) ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ 'ਗੁਰੂ ਕੇ ਮਹਿਲ' ਸ੍ਰੀ ਅੰਮ੍ਰਿਤਸਰ ਵਿਖੇ ਹੋਇਆ।[੧] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜ ਪੁੱਤਰਾਂ-ਬਾਬਾ ਗੁਰਦਿੱਤਾ, ਅਣੀ ਰਾਏ, ਅਟੱਲ ਰਾਏ, ਸੂਰਜ ਮੱਲ ਅਤੇ ਇੱਕ ਪੁੱਤਰੀ ਬੀਬੀ ਵੀਰੋ ਜੀ ਵਿਚੋਂ ਆਪ ਸਭ ਤੋਂ ਛੋਟੇ ਸਨ। ਮੁੱਢਲੀ ਸਿੱਖਿਆ ਗੁਰੂ-ਘਰ ਦੇ ਮਹਾਨ ਗੁਰਸਿੱਖ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਪਾਸੋਂ ਪ੍ਰਾਪਤ ਕੀਤੀ। ਆਪਣੇ ਜੀਵਨ ਦੇ ਪਹਿਲੇ ੮ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਬਤੀਤ ਕਰਕੇ ੧੬੨੯ ਈ. ਨੂੰ ਪਰਵਾਰ ਸਮੇਤ ਕਰਤਾਰਪੁਰ (ਪੰਜਾਬ) ਵਿਖੇ ਨਿਵਾਸ ਕਰਨ ਲੱਗੇ। ਇੱਥੇ ਹੀ ੧੬੩੨ ਈ. ਨੂੰ ਲਾਲ ਚੰਦ ਦੀ ਪੁੱਤਰੀ ਗੁਜਰੀ ਜੀ ਨਾਲ ਆਪ ਜੀ ਦਾ ਅਨੰਦ ਕਾਰਜ ਹੋਇਆ।[੨] ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਆਪ ਦਾ ਪਹਿਲਾ ਨਾਮ ਤਿਆਗ ਮੱਲ ਸੀ, ਪਰ ਕਰਤਾਰਪੁਰ ਦੀ ਜੰਗ ਵਿਚ ਆਪ ਨੇ ਤੇਗ ਦੇ ਐਸੇ ਜੌਹਰ ਵਿਖਾਏ ਕਿ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਬਹਾਦਰੀ ਨੂੰ ਦੇਖਦੇ ਹੋਏ ਆਪ ਦਾ ਨਾਮ 'ਤੇਗ ਬਹਾਦਰ' ਰੱਖ ਦਿੱਤਾ।

ਕਰਤਾਰਪੁਰ (ਪੰਜਾਬ) ਦੀ ਜੰਗ ਤੋਂ ਬਾਅਦ ਆਪ ਪਰਵਾਰ ਸਮੇਤ ਕੀਰਤਪੁਰ ਸਾਹਿਬ ਨਿਵਾਸ ਕਰਨ ਲੱਗੇ। ਥੋੜ੍ਹੇ ਸਮੇਂ ਬਾਅਦ ਹੀ ਆਪ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਅਤੇ ਬਾਬਾ ਅਟੱਲ ਰਾਇ ਜੀ ਗੁਰਪੁਰੀ ਸਿਧਾਰ ਗਏ। ਇਸ ਤੋਂ ਬਾਅਦ ੧੬੪੫ ਈ. ਨੂੰ ਆਪ ਜੀ ਦੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ

*ਸਹਾਇਕ ਪ੍ਰੋਫੈਸਰ,ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ। ਮੋ.੯੪੬੪੧੦੬੩੩੯

**ਧਾਰਮਿਕ ਅਧਿਆਪਕ, ਸੰਤ ਬਾਬਾ ਸੁੰਦਰ ਸਿੰਘ ਜੀ ਕਨੇਡੀਅਨ ਅਕਾਲ ਅਕੈਡਮੀ, ਟੱਲੇਵਾਲ, ਬਰਨਾਲਾ। ਮੋ. ੮੫੬੮੯੮੦੦੦੫

ਸਮਾ ਗਏ। ਇਨ੍ਹਾਂ ਘਟਨਾਵਾਂ ਤੋਂ ਬਾਅਦ ਮਾਤਾ ਨਾਨਕੀ ਜੀ ਆਪ ਨੂੰ ਨਾਨਕੇ ਪਿੰਡ 'ਬਕਾਲਾ' ਵਿਖੇ ਲੈ ਆਏ।[੩]

**ਗੁਰਿਆਈ:-** ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਸਿੱਖਾਂ ਦਾ ਅਗਲਾ ਗੁਰੂ 'ਬਾਬਾ ਬਕਾਲਾ' ਵਿਖੇ ਹੋਣ ਦਾ ਸੰਕੇਤ ਦੇ ਕੇ ੩੦ ਮਾਰਚ, ੧੬੬੪ ਈ. ਨੂੰ ਜੋਤੀ ਜੋਤਿ ਸਮਾ ਗਏ ਸਨ।[੪] ਇਸ ਗੁੱਝੇ ਭੇਦ ਦਾ ਫਾਇਦਾ ਉਠਾ ਕੇ ਸੋਢੀ ਕੁਲ ਦੇ ੨੨ ਸਿੱਖਾਂ ਨੇ ਆਪਣੇ ਆਪ ਨੂੰ ਗੁਰੂ ਅਖਵਾਉਣ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਸਨ। ਇਕ ਦਿਨ ਟਾਂਡੇ ਦੇਸ਼ ਦੇ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਆਪਣੇ ਬਚਨ ਦੀ ਪੂਰਤੀ ਕਰਨ ਬਦਲੇ ਸੱਚੇ ਗੁਰੂ ਦੀ ਭਾਲ ਕੀਤੀ ਅਤੇ ਸਿੱਖ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਦੇ ਸੱਚੇ ਗੁਰੂ ਹੋਣ ਦਾ ਸਬੂਤ ਦਿੱਤਾ। ਬੜੇ ਲੰਮੇ ਸਮੇਂ ਤੋਂ ਭਟਕਣਾ ਵਿਚ ਪਏ ਸਿੱਖਾਂ ਨੂੰ ਜਦ ਸੱਚਾ ਗੁਰੂ ਲੱਭ ਪਿਆ ਤਾਂ ਹੁੰਮ-ਹੁੰਮਾ ਕੇ ਸੰਗਤ ਸ੍ਰੀ ਗੁਰੂ ਤੇਗ ਬਹਾਦਰ ਦੇ ਪਾਸ ਬਕਾਲੇ ਵਿਖੇ ਆਉਣ ਲੱਗੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ ਬਾਰੇ ਪਹਿਲਾ ਹੀ ਬਚਨ ਕਰ ਗਏ ਸਨ। ੧੬੬੫ ਈ. ਨੂੰ ਬਾਬਾ ਗੁਰਦਿੱਤਾ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਿਆਈ ਦੀ ਰਸਮ ਅਦਾ ਕੀਤੀ।[੫]

**ਅੰਮ੍ਰਿਤਸਰ ਯਾਤਰਾ:-** ਨਿੱਤ ਸੰਗਤ ਦਾ ਦਸਵੰਧ ਅਤੇ ਕਾਰ ਭੇਟਾਂ ਦੇ ਪਦਾਰਥ ਗੁਰੂ ਸਾਹਿਬ ਪਾਸ ਜਾਂਦੇ ਦੇਖ ਧੀਰਮੱਲ ਵਿਰੋਧਤਾ ਕਰਨ ਲੱਗਾ। ਇਕ ਦਿਨ ਗੁੱਸੇ ਵਿਚ ਆਏ ਨੇ ਸੀਹੇਂ ਮਸੰਦ ਪਾਸੋਂ ਗੁਰੂ ਸਾਹਿਬ ਉੱਤੇ ਗੋਲੀ ਚਲਵਾ ਦਿੱਤੀ।[੬] ਇਸ ਵਿਵਾਦ ਭਰੇ ਮਾਹੌਲ ਦੇ ਚਲਦਿਆਂ ਗੁਰੂ ਸਾਹਿਬ ਮੱਖਣ ਸ਼ਾਹ ਅਤੇ ਹੋਰ ਸਿੱਖਾਂ ਸਮੇਤ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਏ। ਸਠਿਆਲਾ, ਕਾਲੇਕੇ, ਗੋਇੰਦਵਾਲ ਸਾਹਿਬ, ਤਰਨਤਾਰਨ ਸਾਹਿਬ ਹੁੰਦੇ ਹੋਏ ਅੰਮ੍ਰਿਤਸਰ ਸਾਹਿਬ ਪੁੱਜੇ।[੭] ਜਦ ਪੁਜਾਰੀਆਂ ਨੂੰ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਆਪਣੀਆਂ ਪਦਵੀਆਂ ਖੁਸਣ ਦੇ ਡਰ ਕਾਰਨ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ। ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸੱਜੇ ਹੱਥ ਇਕ ਬੇਰੀ (ਗੁਰਦੁਆਰਾ ਥੜ੍ਹਾ ਸਾਹਿਬ) ਹੇਠਾਂ ਵਿਸ਼ਰਾਮ ਕਰ ਕੇ ਵਾਪਸ ਬਕਾਲੇ ਨੂੰ ਚਾਲੇ ਪਾ ਦਿੱਤੇ।[੮] ਵੇਰਕਾ, ਵੱਲਾ, ਗੋਇੰਦਵਾਲ, ਤਰਨ ਤਾਰਨ ਸੰਗਤ ਨੂੰ ਤਾਰਦੇ ਹੋਏ ਅਤੇ ਇਤਿਹਾਸਿਕ ਅਸਥਾਨਾਂ ਦੇ ਦਰਸ਼ਨ ਕਰਦੇ ਹੋਏ ਵਾਪਸ ਬਕਾਲੇ ਜਾ ਪੁੱਜੇ।

**ਕੀਰਤਪੁਰ ਸਾਹਿਬ:-** ਬਕਾਲੇ ਵਿਖੇ ਵਿਰੋਧਤਾ ਦੇ ਚਲਦਿਆਂ ਗੁਰੂ ਸਾਹਿਬ ਨੇ ਕੀਰਤਪੁਰ ਵਿਖੇ ਨਿਵਾਸ ਕਰਨਾ ਹੀ ਠੀਕ ਸਮਝਿਆ। ਪਰਵਾਰਿਕ ਮੈਬਰਾਂ ਅਤੇ ਸਿੱਖਾਂ ਸਮੇਤ ਰਸਤੇ ਵਿਚ ਮਿਲਦੀ ਸੰਗਤ ਨੂੰ ਸਤਿਨਾਮ ਦਾ ਉਪਦੇਸ਼ ਦਿੰਦੇ ਹੋਏ ਕੀਰਤਪੁਰ ਜਾ ਪਹੁੰਚੇ। ਇਸ ਨਗਰ ਦੀ ਸਥਾਪਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਪਰ ਬਾਬਾ ਗੁਰਦਿੱਤਾ ਜੀ ਨੇ ਸੰਮਤ ੧੬੮੩ (੧੬੨੬ ਈ.) ਵਿਚ ਕੀਤੀ ਸੀ।[੯] ਕੀਰਤਪੁਰ ਸਾਹਿਬ ਵਿਖੇ ਸੰਗਤ ਦਾ ਇਕੱਠ ਅਤੇ ਕਾਰ ਭੇਟਾ ਨੂੰ ਦੇਖਦੇ ਹੋਏ ਕੁਝ ਪਰਵਾਰਿਕ ਮੈਂਬਰ ਗੁਰੂ

ਸਾਹਿਬ ਨਾਲ ਖਾਰ ਖਾਣ ਲੱਗ ਪਏ। ਗੁਰੂ ਸਾਹਿਬ ਕਿਸੇ ਪ੍ਰਕਾਰ ਦੇ ਝਗੜੇ 'ਚ ਨਹੀਂ ਪੈਣਾ ਚਾਹੁੰਦੇ ਸਨ, ਇਸ ਕਰਕੇ ਅਜਿਹੇ ਸ਼ਰੀਕੇਬਾਜ਼ੀ ਭਰੇ ਮਾਹੌਲ ਦੇ ਚਲਦਿਆਂ ਨਵਾਂ ਨਗਰ ਸਥਾਪਿਤ ਕਰਨ ਦਾ ਮਨ ਬਣਾਇਆ।

**ਚੱਕ ਨਾਨਕੀ ਨਗਰ ਦੀ ਸਥਾਪਨਾ:-** ਸਿੱਖ ਗੁਰੂ ਸਾਹਿਬਾਨ ਦੁਆਰਾ ਸਿੱਖ ਪੰਥ ਦੇ ਵਾਧੇ ਅਤੇ ਵਿਕਾਸ ਲਈ ਅਨੇਕਾਂ ਨਵੇਂ ਨਗਰਾਂ ਦੀ ਸਥਾਪਨਾ ਕੀਤੀ ਗਈ ਸੀ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਗੁਰਿਆਈ ਕਾਲ ਦੌਰਾਨ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪਾਸ 'ਚੱਕ ਨਾਨਕੀ' ਦੀ ਸਥਾਪਨਾ ਕੀਤੀ। ਇਸ ਨਗਰ ਦੀ ਸਥਾਪਨਾ ਸੰਬੰਧੀ ਇਤਿਹਾਸਕਾਰਾਂ ਨੇ ਆਪਣੇ ਵੱਖੋ-ਵੱਖ ਪੱਖ ਪੇਸ਼ ਕੀਤੇ ਹਨ ਜਿਨ੍ਹਾਂ ਦਾ ਵੇਰਵਾ ਇਸ ਅਨੁਸਾਰ ਹੈ- 'ਗੁਰੂ ਕੀਆਂ ਸਾਖੀਆਂ' ਅਨੁਸਾਰ- 'ਰਾਣੀ ਚੰਪਾ ਸਤਾਰ੍ਹਵੀਂ ਤੇ ਫਾਰਗ ਹੋਇ ਮਾਤਾ ਨਾਨਕੀ ਜੀ ਪਾਸ ਆਈ। ਇਸੇ ਮਾਤਾ ਜੀ ਕੇ ਪਾਊਂ ਪਕੜ ਬੇਨਤੀ ਕੀ-ਜੀ ਅਸਾਂ ਸੁਨਾਂ ਹੈ ਕਿ ਗੁਰੂ ਜੀ ਕੋਟਿ ਗੁਰੂ ਹਰਿ ਰਾਇ ਜੀ ਕਾ ਨਿਵਾਸ ਛੋਰ ਬਾਂਗਰ ਦੇਸ਼ ਜਾਏ ਰਹੇ ਹੈਂ, ਐਸਾ ਨਾ ਕੀਜੀਏ, ਜੋ ਸਤਿਗੁਰੂ ਜੀ ਕੋਟਿ ਗੁਰੂ ਹਰਿ ਰਾਇ ਮੇਂ ਨਹੀਂ ਰਹਿਨਾ ਚਾਹਤੇ ਤਾਂ ਨਯਾ ਗਾਮ ਬਸਾਨੇ ਕੇ ਲੀਏ ਹੋਰ ਭੁੰਇ ਅਰਦਾਸ ਕਰਾਨੇ ਕੇ ਲੀਏ ਤਿਆਰ ਹਾਂ।' ਇਸ ਸਰੋਤ ਅਨੁਸਾਰ ਜਦ ਮਾਤਾ ਨਾਨਕੀ ਜੀ ਨੇ ਰਾਣੀ ਚੰਪਾ ਦੀ ਬੇਨਤੀ ਪ੍ਰਵਾਨ ਕਰ ਲਈ ਤਾਂ ਰਾਣੀ ਨੇ ਨਵੇਂ ਨਗਰ ਦੀ ਸਥਾਪਨਾ ਕਰਨ ਲਈ ਲੋਧੀਪੁਰ, ਮੀਆਂਪੁਰ ਅਤੇ ਸਹੋਟਾ ਪਿੰਡਾਂ ਦੀ ਜ਼ਮੀਨ ਭੇਟ ਕੀਤੀ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਵਾਪਸ ਕੀਰਤਪੁਰ ਸਾਹਿਬ ਆ ਕੇ ਦਰਗਾ ਮੱਲ ਨੂੰ ਸਹੀ ਜਗ੍ਹਾ ਦੀ ਚੋਣ ਕਰਨ ਲਈ ਭੇਜਿਆ। ਜਗ੍ਹਾ ਦੀ ਚੋਣ ਹੋਣ ਤੋਂ ਬਾਅਦ ਮਾਖੋਵਾਲ ਦੀ ਉੱਜੜੀ ਥੇਹ ਵਿਖੇ ਸੰਮਤ ੧੭੨੨ (੧੬੬੫ ਈ.) ਨੂੰ ਬਾਬਾ ਗੁਰਦਿੱਤਾ ਰੰਧਾਵਾ ਜੀ ਪਾਸੋਂ ਮੋੜ੍ਹੀ ਗੱਡਵਾਈ ਅਤੇ ਨਗਰ ਦਾ ਨਾਂ 'ਚੱਕ ਨਾਨਕੀ' ਰੱਖਿਆ।[੧੦]

ਹੁਸ਼ਿਆਰਪੁਰ ਗਜ਼ਟੀਅਰ ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਨਵੇਂ ਨਗਰ ਦੀ ਸਥਾਪਨਾ ਕਰਨ ਲਈ ਬਿਲਾਸਪੁਰ ਦੇ ਰਾਜੇ ਦੀਪ ਚੰਦ ਪਾਸੋਂ ਜ਼ਮੀਨ ਦਾ ਟੁਕੜਾ ਖ਼ਰੀਦਿਆ ਅਤੇ ਚੱਕ ਨਾਨਕੀ ਦੀ ਸਥਾਪਨਾ ਕੀਤੀ। ਉਸ ਸਮੇਂ ਇਹ ਇਲਾਕਾ ਰਾਜੇ ਦੇ ਅਧੀਨ ਜਾਂਦਬਾਰੀ ਤੁਅੱਲਕਾ (ਤਹਿਸੀਲ) ਵਿਚ ਪੈਂਦਾ ਸੀ।[੧੧]

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਪਰਵਾਰਿਕ ਸ਼ਰੀਕੇਬਾਜੀ ਨੂੰ ਆਪਣੇ ਮਾਰਗ ਵਿਚ ਵਿਘਨਕਾਰੀ ਸਾਬਿਤ ਹੁੰਦੇ ਦੇਖ ਰਾਜੇ ਦੀਪ ਚੰਦ ਪਾਸੋਂ ਮਾਖੋਵਾਲ ਦੀ ਉਜੜੀ ਥੇਹ ਦਸ ਹਜ਼ਾਰ ਰੁਪਏ ਵਿਚ ਖਰੀਦ ਕੇ ੯ ਹਾੜ, ਸੰਮਤ ੧੭੨੧ (੧੬੬੪ ਈ.) ਨੂੰ ਅਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ।[੧੨]

ਗੰਡਾ ਸਿੰਘ ਦੇ ਕਥਨ ਅਨੁਸਾਰ ਜਦ ਕੀਰਤਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੀ ਮਹਿਮਾ ਦਿਨ ਪਰ ਦਿਨ ਵਧਣ ਲੱਗੀ ਤਾਂ ਪਰਵਾਰਿਕ ਮੈਂਬਰ ਉਹਨਾਂ ਪ੍ਰਤੀ ਈਰਖਾ ਕਰਨ ਲੱਗੇ। ਮਾਤਾ ਨਾਨਕੀ ਜੀ ਨੇ ਇਸ ਵਿਵਾਦ ਭਰੇ ਮਾਹੌਲ ਨੂੰ ਆਪਣੇ ਪਰਵਾਰ ਲਈ

ਠੀਕ ਨਾ ਸਮਝਦੇ ਹੋਏ ਗੁਰੂ ਸਾਹਿਬ ਨੂੰ ਨਵਾਂ ਨਗਰ ਵਸਾਉਣ ਦੀ ਤਾਕੀਦ ਕੀਤੀ। ਫਲਸਰੂਪ ਗੁਰੂ ਸਾਹਿਬ ਨੇ ਦਰਘਾ ਮੱਲ ਨੂੰ ਨਾਲ ਲੈ ਕੇ ਕੀਰਤਪੁਰ ਸਾਹਿਬ ਤੋਂ ਥੋੜ੍ਹੀ ਦੂਰ ਚੰਗੀ ਜਗ੍ਹਾ ਦੀ ਭਾਲ ਕਰ ਕੇ ੫੦੦ ਰੁਪਏ ਵਿਚ ਮਾਖੋਵਾਲ ਦੀ ਥੇਹ ਖ਼ਰੀਦੀ।[੧੩]

ਇਨ੍ਹਾਂ ਸਰੋਤਾਂ ਦੇ ਅਧਿਐਨ ਤੋਂ ਇਹ ਗੱਲ ਤਾਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਪਰਵਾਰਿਕ ਵਾਦ-ਵਿਵਾਦ ਦੇ ਚਲਦਿਆਂ ਮਾਖੋਵਾਲ ਦੀ ਉੱਜੜੀ ਥੇਹ ਖਰੀਦ ਕੇ ਚੱਕ ਨਾਨਕੀ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਚੱਕ ਨਾਨਕੀ ਦੀ ਸਥਾਪਨਾ ਹੋਣ ਨਾਲ ਸਿੱਖ ਪੰਥ ਨੂੰ ਇਕ ਨਵਾਂ ਪ੍ਰਚਾਰ ਕੇਂਦਰ ਮਿਲਿਆ। ਇਸ ਤੋਂ ਇਲਾਵਾ ਇਕ ਇਹ ਵੀ ਪੱਖ ਸਾਹਮਣੇ ਆਇਆ ਹੈ ਕਿ ਨਗਰ ਦੀ ਸਥਾਪਨਾ ਲਈ ਬਿਲਾਸਪੁਰ ਦੀ ਰਾਣੀ ਨੇ ਜ਼ਮੀਨ ਭੇਟ ਕੀਤੀ। ਇਹ ਵੀ ਹੋ ਸਕਦਾ ਹੈ ਕਿ ਰਾਣੀ ਨੇ ਨਗਰ ਦੀ ਸਥਾਪਨਾ ਸੰਬੰਧੀ ਬੇਨਤੀ ਕੀਤੀ ਹੋਵੇ ਜਾਂ ਕੁਝ ਮਾਇਕ ਸਹਾਇਤਾ ਪ੍ਰਦਾਨ ਕੀਤੀ ਹੋਵੇ। ਪਰ ਗੁਰੂ ਸਾਹਿਬ ਦੁਆਰਾ ਆਪ ਜ਼ਮੀਨ ਖ਼ਰੀਦ ਕੇ ਸਥਾਪਨਾ ਕਰਨੀ ਵਧੇਰੇ ਠੀਕ ਜਾਪਦਾ ਹੈ।

**ਚੱਕ ਨਾਨਕੀ ਦਾ ਵਿਕਾਸ:-** ਨਵੇਂ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਆਪਣੀ ਵਿਉਂਤ ਅਨੁਸਾਰ ਇਮਾਰਤਾਂ ਦੀ ਉਸਾਰੀ ਕਰਵਾਈ। ਸਭ ਤੋਂ ਪਹਿਲਾਂ ਰਿਹਾਇਸ਼ੀ ਘਰ, ਗੁਰਦੁਆਰਾ ਸਾਹਿਬ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਲਈ ਵਿਸ਼ਰਾਮ ਘਰ ਤਿਆਰ ਕਰਵਾਏ। ਕਵੀ ਸੰਤੋਖ ਸਿੰਘ ਅਨੁਸਾਰ:

*ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ।*
*ਖਰੇ ਹੋਇ ਕਰਿ ਜੁਗਤਿ ਬਤਾਈ। 'ਇਸ ਚਿਨੀਯਹਿ ਨਿਕੇਤ ਸੁਖਦਾਈ'।*
*ਸੁਨਿ ਕਾਰੀਗਰ ਲਗੇ ਉਸਾਰਨਿ। ਸੁੰਦਰ ਘਰ ਸਮੇਤ ਬਿਸਤਾਰਨਿ।*
*ਇਕ ਧ੍ਰਮਸਾਲਾ ਬਡੀ ਬਨਾਈ। ਜਿਸ ਮਹਿਂ ਸੰਗਤਿ ਉਤਰਹਿ ਆਈ।*[੧੪]

ਗੁਰੂ ਸਾਹਿਬ ਦੇ ਚੱਕ ਨਾਨਕੀ ਵਿਖੇ ਨਿਵਾਸ ਕਰਨ ਦੀ ਖ਼ਬਰ ਜਦ ਸਿੱਖ ਸੰਗਤ ਤਕ ਪਹੁੰਚੀ ਤਾਂ ਸੰਗਤ ਹੁੰਮ-ਹੁੰਮਾ ਕੇ ਇਸ ਨਗਰ ਵਿਚ ਆਉਣ ਲੱਗੀ। ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਮੁਖੀ ਸਿੱਖਾਂ, ਕਾਰੀਗਰਾਂ ਅਤੇ ਵਪਾਰੀਆਂ ਨੂੰ ਨਗਰ ਵਿਚ ਨਿਵਾਸ ਕਰਨ ਲਈ ਮੁਫ਼ਤ ਜ਼ਮੀਨ ਅਤੇ ਮਾਇਕ ਸਹਾਇਤਾ ਪ੍ਰਦਾਨ ਕੀਤੀ।[੧੫]

ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਮੁਖੀ ਸਿੱਖਾਂ ਨੂੰ ਸਭ ਤੋਂ ਪਹਿਲਾਂ ਨਿਵਾਸ ਕਰਵਾਇਆ। ਹਰ ਪ੍ਰਾਣੀ ਲਈ ਕਿਸੇ ਵੀ ਨਗਰ ਵਿਚ ਨਿਵਾਸ ਕਰਨ ਲਈ ਘਰ ਹੋਣਾ ਸਭ ਤੋਂ ਪਹਿਲੀ ਮੰਗ ਹੁੰਦੀ ਹੈ। ਇਸ ਲਈ ਗੁਰੂ ਸਾਹਿਬ ਨੇ ਨਗਰ ਦੀ ਉਸਾਰੀ ਲਈ ਸਭ ਤੋਂ ਪਹਿਲਾਂ ਕਾਰੀਗਰਾਂ ਨੂੰ ਬੁਲਾਇਆ ਅਤੇ ਫੇਰ ਵਪਾਰੀਆਂ ਨੂੰ ਸੱਦੇ ਭੇਜੇ। ਨਗਰ ਪਹਾੜੀ ਇਲਾਕੇ ਪਾਸ ਹੋਣ ਕਰਕੇ ਘਰਾਂ ਦੀ ਉਸਾਰੀ ਲਈ ਅਤੇ ਰਸੋਈ ਘਰ ਲਈ ਲੱਕੜੀ ਦਾ ਪ੍ਰਬੰਧ ਸੌਖਾ ਹੀ ਹੋ ਗਿਆ। ਇਸ ਤੋਂ ਇਲਾਵਾ ਰੋਜ਼ ਮੱਰਾ ਦੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਅਸਾਨੀ ਨਾਲ ਪ੍ਰਾਪਤ ਕਰਨ ਲਈ ਵਪਾਰੀਆਂ ਨੂੰ ਪਹਿਲ ਦੇ ਆਧਾਰ 'ਤੇ ਵਸਾਇਆ। ਇਸ ਤੋਂ

ਇਲਾਵਾ ਚੱਕ ਨਾਨਕੀ ਦੀ ਸਥਾਪਨਾ ਨਾਲ ਸਿੱਖਾਂ ਨੂੰ ਇਕ ਨਵਾਂ ਪ੍ਰਚਾਰ ਕੇਂਦਰ ਮਿਲਿਆ ਜੋ ਕਿ ਬਿਲਕੁਲ ਸ਼ਿਵਾਲਿਕ ਪਹਾੜੀਆਂ ਦੀਆਂ ਜੜ੍ਹਾਂ ਵਿਚ ਸਥਿਤ ਸੀ। ਇਸ ਤੋਂ ਇਲਾਵਾ ਇਹ ਨਗਰ ਮਨੁੱਖੀ ਜੀਵਨ ਦੀਆਂ ਪ੍ਰਮੁੱਖ ਲੋੜਾਂ ਪਾਣੀ, ਲੱਕੜੀ, ਚਰਗਾਹਾਂ, ਉਪਜਾਊ ਭੂਮੀ ਆਦਿ ਸਭ ਸਹੂਲਤਾਂ ਉਪਲਬਧ ਸਨ। ਚੱਕ ਨਾਨਕੀ ਦੀ ਜ਼ਮੀਨ ਜ਼ਰਖੇਜ ਹੋਣ ਕਾਰਨ ਕਿਸਾਨਾਂ ਲਈ ਵਧੇਰੇ ਲਾਹੇਵੰਦ ਸਿੱਧ ਹੋਈ ਹੋਵੇਗੀ।

**ਪੂਰਬ ਯਾਤਰਾ:-** ਚੱਕ ਨਾਨਕੀ ਨੂੰ ਵਿਕਾਸ ਦੇ ਰਾਹ ਪਾ ਕੇ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਪੂਰਬ ਦੇਸ਼ ਦੀ ਯਾਤਰਾ ਕਰਨ ਦਾ ਮਨ ਬਣਾਇਆ। ਇਸ ਯਾਤਰਾ ਸੰਬੰਧੀ ਇਤਿਹਾਸਿਕ ਸਰੋਤਾਂ ਵਿਚ ਦੋ ਰਾਵਾਂ ਪ੍ਰਚੱਲਿਤ ਹਨ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਦੋ ਵਾਰ ਪੂਰਬ ਦੇਸ਼ਾਂ ਦੀ ਯਾਤਰਾ 'ਤੇ ਗਏ ਅਤੇ ਕੁਝ ਦਾ ਮੰਨਣਾ ਹੈ ਕਿ ਗੁਰਿਆਈ ਮਿਲਣ ਤੋਂ ਬਾਅਦ ਇੱਕੋ ਵਾਰੀ ਪੂਰਬ ਦੇਸ਼ ਦੀ ਯਾਤਰਾ ਕੀਤੀ। 'ਤਵਾਰੀਖ ਗੁਰੂ ਖਾਲਸਾ' ਅਨੁਸਾਰ ਗੁਰੂ ਸਾਹਿਬ ਨੇ ਨਵੇਂ ਨਗਰ ਦੀ ਸਥਾਪਨਾ ਕਰਨ ਤੋਂ ਬਾਅਦ ਚੌਮਾਸਾ ਗੁਜ਼ਾਰ ਕੇ ਪਰਵਾਰ ਅਤੇ ਕੁਝ ਸਿੱਖਾਂ ਸਮੇਤ ੨੫ ਅੱਸੂ, ਸੰਮਤ ੧੭੨੨ (੧੬੬੫ ਈ.) ਨੂੰ ਚੱਕ ਨਾਨਕੀ ਤੋਂ ਚਾਲੇ ਪਾਏ। ਯਾਤਰਾ 'ਤੇ ਜਾਣ ਤੋਂ ਪਹਿਲਾਂ ਨਗਰ ਦੇ ਕਾਰ-ਵਿਹਾਰ ਦੀ ਜ਼ਿੰਮੇਵਾਰੀ ਭਾਗੂ ਚੂਹਣੀਆਂ ਦੇ ਅਰੋੜੇ, ਰਾਮੇ ਸੰਧੂ, ਸਾਧੂ ਮੁਲਤਾਨੀ, ਬਹਿਲੋ ਕੇ ਆਦਿਕ ਪ੍ਰਮੁੱਖ ਸਿੱਖਾਂ ਨੂੰ ਸੌਂਪੀ। ਇਹ ਵੀ ਹੁਕਮ ਕੀਤਾ ਕਿ ਅਸੀਂ ਤਿੰਨ ਸਾਲਾਂ ਬਾਅਦ ਵਾਪਸ ਆਵਾਂਗੇ ਅਤੇ ਸਾਡੇ ਆਉਣ ਤਕ ਲੰਗਰ ਅਤੇ ਖੂਹ ਦੀ ਜਗ੍ਹਾ ਤਿਆਰ ਕਰਵਾ ਦੇਣੀ।[੧੬] ਪਰਵਾਰ ਅਤੇ ਕੁਝ ਸਿੱਖਾਂ ਸਮੇਤ ਰੋਪੜ, ਰਾਜਪੁਰਾ, ਸੈਫਾਬਾਦ, ਸੁਨਾਮ, ਲਹਿਰਾ ਹੁੰਦੇ ਹੋਏ ਧਮਧਾਨ ਸਾਹਿਬ ਪਹੁੰਚੇ। ਪਿੰਡ ਦੀ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਅਤੇ ਭਾਈ ਦੱਗੋ ਦੇ ਬੇਨਤੀ ਕਰਨ 'ਤੇ ਕੱਤਕ ਦੀ ਪੂਰਨਮਾਸੀ ਤਕ ਧਮਧਾਨ ਸਾਹਿਬ ਰੁਕੇ ਰਹੇ। ਇਸ ਸਥਾਨ ਤੋਂ ਹੀ ਬਾਦਸ਼ਾਹ ਦੇ ਅਹਿਲਕਾਰ ਗੁਰੂ ਸਾਹਿਬ ਨੂੰ ਫੜ ਕੇ ਦਿੱਲੀ ਲੈ ਗਏ ਅਤੇ ਤਿੰਨ ਦਿਨ ਬੰਦੀਖਾਨੇ ਰੱਖਿਆ। ਕੈਦ 'ਚੋਂ ਰਿਹਾਅ ਹੋ ਕੇ ਮਥੁਰਾ, ਆਗਰਾ, ਬਨਾਰਸ ਆਦਿ ਸਥਾਨਾਂ ਤੋਂ ਹੁੰਦੇ ਹੋਏ ਪਟਨਾ ਪਹੁੰਚੇ। ਕੁਝ ਸਮਾਂ ਪਟਨਾ ਵਿਖੇ ਨਿਵਾਸ ਕਰ ਕੇ ਸਿੱਖਾਂ ਸਮੇਤ ਆਸਾਮ ਲਈ ਰਵਾਨਾ ਹੋਏ। ਸੰਮਤ ੧੭੨੩ (੧੬੬੬ ਈ.) ਨੂੰ ਆਸਾਮ ਵਿਖੇ ਰਾਜੇ ਪਰਣਪਾਲ ਅਤੇ ਬਿਸ਼ਨ ਸਿੰਘ ਦਾ ਝਗੜਾ ਨਿਬੜਾਇਆ ਅਤੇ ਇੱਥੇ ਹੀ ਮਾਤਾ ਗੁਜਰੀ ਜੀ ਦੀ ਕੁੱਖੋਂ ਬਾਲ ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਜਨਮ ਲੈਣ ਦੀ ਖ਼ਬਰ ਮਿਲੀ। ਇਸ ਤੋਂ ਬਾਅਦ ਰਾਜੇ ਬਿਸ਼ਨ ਸਿੰਘ ਨੂੰ ਦਿੱਲੀ ਵੱਲ ਭੇਜ ਕੇ ਆਪ ਇੱਕ ਮਹੀਨਾ ਰਾਜਾ ਰਾਮ ਸਿੰਘ ਪਾਸ ਰੁਕੇ ਰਹੇ। ਰਾਜੇ ਪਾਸੋਂ ਵਿਦਾ ਹੋ ਕੇ ਸੰਮਤ ੧੭੨੪ (੧੬੬੭ ਈ.) ਨੂੰ ਪਟਨੇ ਵਿਖੇ ਬਾਲ ਗੋਬਿੰਦ ਰਾਏ ਜੀ ਦੇ ਦਰਸ਼ਨ ਕੀਤੇ।[੧੭]

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਗੁਰਿਆਈ ਮਿਲਣ ਤੋਂ ਪਹਿਲਾਂ ਸੰਮਤ ੧੭੧੩ (੧੬੫੬ ਈ.) ਨੂੰ ਪਰਵਾਰ ਸਮੇਤ ਪੂਰਬ ਦੇਸ਼ ਦੀ ਯਾਤਰਾ ਲਈ ਰਵਾਨਾ

ਹੋਏ। ਇਸ ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਬਕਾਲੇ ਤੋਂ ਚੱਲ ਕੇ ਹਰਿਦੁਆਰ, ਮਥੁਰਾ, ਆਗਰਾ, ਬਨਾਰਸ ਹੁੰਦੇ ਹੋਏ ਪਟਨੇ ਪੁੱਜੇ।[੧੮] ਇਸ ਸਰੋਤ ਅਨੁਸਾਰ ਦੂਜੀ ਵਾਰ ਗੁਰੂ ਸਾਹਿਬ ਨੇ ਕੀਰਤਪੁਰ ਤੋਂ ਥੋੜ੍ਹੀ ਦੂਰ ਮਾਖੋਵਾਲ ਦੀ ਥੇਹ ਤੇ ਸੰਮਤ ੧੭੨੨ (੧੬੬੫ ਈ.) ਨੂੰ ਚੱਕ ਨਾਨਕੀ ਦੀ ਸਥਾਪਨਾ ਕੀਤੀ। ਚੌਮਾਸਾ ਚੱਕ ਨਾਨਕੀ ਵਿਖੇ ਬਤੀਤ ਕਰਕੇ ਭਾਈ ਦੱਗੋ ਪਾਸ ਧਮਧਾਨ ਸਾਹਿਬ ਜਾ ਪੁੱਜੇ। ਦੀਵਾਲੀ ਦਾ ਪੁਰਬ ਬਾਂਗਰ ਇਲਾਕੇ ਦੀ ਸੰਗਤ ਨਾਲ ਮਨਾ ਕੇ ਦਿੱਲੀ, ਮਥਰਾ, ਆਗਰਾ, ਬਨਾਰਸ ਹੁੰਦੇ ਹੋਏ ਪਟਨੇ ਜਾ ਡੇਰਾ ਲਾਇਆ। ਆਸਾਮ ਪਹਾੜੀ ਰਾਜਿਆਂ ਦਾ ਆਪਸੀ ਮੇਲ ਕਰਵਾ ਕੇ ਅਤੇ ਰਾਸਤੇ ਵਿਚ ਅਨੇਕਾਂ ਸੰਗਤਾਂ ਨੂੰ ਤਾਰਦੇ ਹੋਏ ਵਾਪਸ ਪੰਜਾਬ ਆਏ।[੧੯]

**ਚੱਕ ਨਾਨਕੀ ਵਾਪਸੀ:-** ਗੁਰੂ ਸਾਹਿਬ ਨੇ ਤਿੰਨ ਮਹੀਨੇ ਪਟਨੇ ਵਿਖੇ ਸੰਗਤ ਨੂੰ ਨਾਮ ਦਾਨ ਦੇ ਗੱਫੇ ਵੰਡੇ ਅਤੇ ਇਕ ਅਕਾਲ ਪੁਰਖ ਦੇ ਲੜ ਲਾਇਆ। ਫੇਰ ਪਰਵਾਰ ਨੂੰ ਪਟਨੇ ਵਿਖੇ ਹੀ ਨਿਵਾਸ ਕਰਨ ਦਾ ਹੁਕਮ ਦੇ ਕੇ ਆਪ ਕੁਝ ਸਿੱਖਾਂ ਸਮੇਤ ਕਾਸ਼ੀ, ਲਖਨਊ, ਮੁਰਾਦਾਬਾਦ, ਹਰਿਦੁਆਰ ਆਦਿਕ ਸਥਾਨਾਂ 'ਤੇ ਸੰਗਤ ਨੂੰ ਤਾਰਦੇ ਹੋਏ ੨੨ ਵੈਸਾਖ, ਸੰਮਤ ੧੭੨੫ (੧੬੬੮ ਈ.) ਵਿਚ ਚੱਕ ਨਾਨਕੀ ਵਾਪਸ ਆਏ।[੨੦]

ਗੁਰੂ ਸਾਹਿਬ ਦੇ ਵਾਪਸ ਆਉਣ ਦੀ ਖ਼ਬਰ ਸੁਣਦੇ ਸਾਰ ਹੀ ਵੱਖ-ਵੱਖ ਇਲਾਕਿਆਂ ਦੇ ਮਸੰਦ ਅਤੇ ਸੰਗਤ ਵਧ ਚੜ੍ਹ ਕੇ ਚੱਕ ਨਾਨਕੀ ਵਿਖੇ ਆਉਣ ਲੱਗੀ। ਦਿਨ ਪਰ ਦਿਨ ਸੰਗਤ ਦੇ ਆਉਣ ਨਾਲ ਨਗਰ ਵਿਚ ਭਾਰੀ ਰੌਣਕ ਹੋਣ ਲੱਗੀ। ਹਰ ਰੋਜ਼ ਦੀਵਾਨ ਸਜਦਾ, ਕੀਰਤਨ ਦਰਬਾਰ ਲਗਦਾ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਸੰਗਤ ਨਿਹਾਲ ਹੁੰਦੀ। ਕੁਝ ਸਮੇਂ ਬਾਅਦ ਗੁਰੂ ਸਾਹਿਬ ਨੇ ਪਰਵਾਰ ਨੂੰ ਚੱਕ ਨਾਨਕੀ ਵਿਖੇ ਆਉਣ ਲਈ ਸੱਦਾ ਭੇਜਿਆ। ਬਾਲ ਗੋਬਿੰਦ ਰਾਏ ਜੀ ਪਰਵਾਰ ਸਮੇਤ ਪਟਨੇ ਤੋਂ ਚੱਲਕੇ ਕਾਸ਼ੀ, ਹਰਿਦੁਆਰ ਦੇ ਰਾਸਤੇ ਲਖਨੌਰ ਪੁੱਜੇ। ਕਈ ਮਹੀਨੇ ਜੇਠੇ ਮਸੰਦ ਦੇ ਘਰ ਨਿਵਾਸ ਕਰਕੇ ਰੋਪੜ, ਕੀਰਤਪੁਰ ਹੁੰਦਾ ਹੋਇਆ ੨੧ ਮਾਘ, ਸੰਮਤ ੧੭੨੯ (੧੬੭੨ ਈ.) ਨੂੰ ਪਰਵਾਰ ਚੱਕ ਨਾਨਕੀ ਪਹੁੰਚਿਆ।[੨੧]

ਬਾਲ ਗੋਬਿੰਦ ਰਾਏ ਜੀ ਦੇ ਦਰਸ਼ਨਾਂ ਲਈ ਵੱਡੀ ਗਿਣਤੀ ਵਿਚ ਸੰਗਤ ਚੱਕ ਨਾਨਕੀ ਵਿਖੇ ਪੁੱਜੀ। ਇਸ ਗੱਲ ਦੀ ਗਵਾਹੀ ਭਰਦੇ ਹੋਏ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਭਾਈ ਭਗਤੂ ਕੇ, ਰੂਪੇ ਕੇ, ਬਹਿਲੋ ਕੇ, ਡਰੋਲੀ, ਘੁੜਾਣੀ, ਲਤਾਲੇ ਆਦਿ ਮਾਲਵੇ ਦੇਸ਼ ਦੇ ਮਸੰਦ ਪਰਵਾਰਾਂ ਸਮੇਤ ਪਹੁੰਚੇ। ਗੁਰ ਚਰਨਾਂ ਵਿਚ ਕਾਰ ਭੇਟਾਂ ਅਰਪਣ ਕਰ ਕੇ ਬਾਲ ਗੋਬਿੰਦ ਰਾਏ ਜੀ ਦੇ ਦੀਦਾਰੇ ਕੀਤੇ। ਗੁਰੂ ਸਾਹਿਬ ਨੇ ਮਾਲਵਾ ਦੇਸ਼ ਦੀ ਸੰਗਤ ਦਾ ਉਤਸ਼ਾਹ ਅਤੇ ਸ਼ਰਧਾ ਭਾਵਨਾ ਦੇਖਦੇ ਹੋਏ ਬਚਨ ਕੀਤਾ 'ਜੰਗਲ- ਗੁਰੂ ਕਾ ਮੰਗਲ'। ਇਸ ਤੋਂ ਇਲਾਵਾ ਪੋਠੋਹਾਰ, ਮੁਲਤਾਨ, ਪਸ਼ੌਰ, ਬੁਲਾਕੀ ਆਦਿ ਇਲਾਕਿਆਂ ਦੇ ਮਸੰਦ ਵੀ ਸੰਗਤ ਸਮੇਤ ਪੁੱਜੇ। ਇੱਕੋ ਸਮੇਂ ਚੱਕ ਨਾਨਕੀ ਵਿਖੇ ਸੰਗਤ ਦਾ ਹੜ੍ਹ ਆ ਗਿਆ। ਜਿਨਸਾਂ ਅਤੇ ਕੀਮਤੀ ਪਦਾਰਥਾਂ ਦੇ ਢੇਰ ਲੱਗ ਗਏ। ਬਾਲ ਗੋਬਿੰਦ ਰਾਏ ਜੀ ਦੀ ਰੁਚੀ ਸ਼ਸਤਰ ਵਿੱਦਿਆ ਵੱਲ ਵੱਧ ਹੋਣ ਕਰਕੇ ਸੰਗਤ ਸ਼ਸਤਰ,

ਘੋੜੇ ਆਦਿ ਵੀ ਲੈ ਕੇ ਆਉਣ ਲੱਗੀ। ਸਿੱਖ ਸੰਗਤ, ਕਾਰੀਗਰਾਂ ਅਤੇ ਸ਼ਾਹੂਕਾਰਾਂ ਦੇ ਚੱਕ ਨਾਨਕੀ ਵਿਖੇ ਵਾਸਾ ਕਰਨ ਕਰਕੇ ਨਗਰ ਵਿਚ ਬਹੁਤ ਰੌਣਕ ਹੋ ਗਈ ਸੀ।[੨੨]

ਇਸ ਸਥਿਤੀ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੁਆਰਾ ਸਥਾਪਿਤ ਨਗਰੀ ਥੋੜ੍ਹੇ ਸਮੇਂ ਵਿਚ ਹੀ ਬਹੁਤ ਵਿਕਸਿਤ ਰੂਪ ਧਾਰਨ ਕਰ ਚੁੱਕੀ ਸੀ। ਇਤਿਹਾਸਕਾਰ ਲਿਖਦੇ ਹਨ ਕਿ ਥੋੜੇ ਸਮੇਂ ਵਿਚ ਹੀ ਗੁਰੂ ਘਰ ਦੇ ਖ਼ਜ਼ਾਨੇ ਭਰਪੂਰ ਹੋ ਗਏ ਸਨ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਨਗਰ ਥੋੜ੍ਹੇ ਸਮੇਂ ਵਿਚ ਹੀ ਆਰਥਿਕ ਪੱਖੋਂ ਬਹੁਤ ਮਜ਼ਬੂਤ ਬਣ ਗਿਆ ਹੋਵੇਗਾ।

੧੬੭੫ ਈ. ਨੂੰ ਕਸ਼ਮੀਰੀ ਪੰਡਤ ਔਰੰਗਜ਼ੇਬ ਦੇ ਸਤਾਏ ਹੋਏ ਗੁਰੂ ਸਾਹਿਬ ਦੀ ਸ਼ਰਨ ਆਏ। ਬਾਲ ਗੋਬਿੰਦ ਰਾਏ ਜੀ ਦੇ ਕਹੇ ਬਚਨਾਂ ਸਦਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਿੰਦੂ ਧਰਮ ਦੀ ਰੱਖਿਆ ਲਈ ਚੋਣਵੇਂ ਸਿੱਖਾਂ ਸਮੇਤ ੧੧ ਹਾੜ੍ਹ, ਸੰਮਤ ੧੭੩੨ (੧੬੭੫ ਈ.) ਨੂੰ ਹਮੇਸ਼ਾ ਲਈ ਚੱਕ ਨਾਨਕੀ ਨੂੰ ਛੱਡ ਕੇ ਦਿੱਲੀ ਲਈ ਰਵਾਨਾ ਹੋਏ। ਅੰਤ ੧੧ ਨਵੰਬਰ, ੧੬੭੫ ਈ. ਨੂੰ ਦਿੱਲੀ ਵਿਖੇ ਸਾਥੀ ਸਿੱਖਾਂ ਸਮੇਤ ਸ਼ਹੀਦੀ ਪਾ ਗਏ।[੨੩]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਨਗਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਣ ਲੱਗਾ। 'ਮਹਿਮਾ ਪ੍ਰਕਾਸ਼' ਅਨੁਸਾਰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨੇ ਤੋਂ ਚੱਲ ਕੇ ਮਾਖੋਵਾਲ ਪਹੁੰਚੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਥਾਨ 'ਤੇ ਜਾ ਮੱਥਾ ਟੇਕਿਆ ਅਤੇ ਪੰਜ ਪੌੜੀਆਂ ਅਨੰਦ ਸਾਹਿਬ ਦੀਆਂ ਪੜ੍ਹ ਕੇ ਇਸ ਨਗਰ ਦਾ ਨਾਮ 'ਅਨੰਦਪੁਰ' ਰੱਖਿਆ।

*ਤਹਾ ਡੇਰਾ ਸਤਿਗੁਰ ਜੀ ਕਰਾ।*
*ਪੌੜੀ ਪਾਂਚ ਅਨੰਦ ਕੀ ਪੜਾ।*
*ਆਨੰਦਪੁਰ ਨਾਵ ਤਹਾ ਕਾ ਰਾਖਾ।*
*ਸ੍ਰੀ ਮੁਖ ਸਿਉ ਸਤਗੁਰ ਜੀ ਭਾਖਾ।*[੨੪]

'ਬਚਿਤ੍ਰ ਨਾਟਕ' ਵਿਚ ਲਿਖਿਆ ਮਿਲਦਾ ਹੈ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੀ ਜੰਗ ਵਿਚ ਜਿੱਤ ਪ੍ਰਾਪਤ ਕਰ ਕੇ ਪਾਉਂਟਾ ਸਾਹਿਬ ਤੋਂ ਵਾਪਸ ਚੱਕ ਨਾਨਕੀ ਆਏ ਸਨ ਤਾਂ ਉਸ ਸਮੇਂ ਇਸ ਨਗਰ ਦਾ ਨਾਮ 'ਅਨੰਦਪੁਰ' ਰੱਖਿਆ।

*ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ॥*
*ਕਾਹਲੂਰ ਮੈਂ ਬਾਂਧਿਯੋ ਆਨ ਆਨੰਦਪੁਰ ਗਾਂਵ॥*

*(ਬਚਿਤ੍ਰ ਨਾਟਕ)*

ਉਪਰੋਕਤ ਦੇ ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਰਵ-ਗੁਣਾਂ ਦੇ ਮਾਲਕ ਸਨ। ਛੋਟੀ ਉਮਰ ਵਿਚ ਹੀ ਕਰਤਾਰਪੁਰ ਦੀ ਜੰਗ ਵਿਚ ਆਪਣੀ ਵੀਰਤਾ ਦੀ ਮਿਸਾਲ ਦਿੱਤੀ ਅਤੇ ਫਿਰ ਬਾਅਦ ਵਿਚ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਪਰਮਾਤਮਾ ਦੀ ਭਗਤੀ ਵਿਚ

ਲੀਨ ਹੋ ਗਏ। ਗੁਰਿਆਈ ਦੀ ਪ੍ਰਾਪਤੀ ਤੋਂ ਬਾਅਦ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਵਿਚ ਵਾਧਾ ਕਰਦੇ ਹੋਏ 'ਚੱਕ ਨਾਨਕੀ' ਦੀ ਸਥਾਪਨਾ ਕੀਤੀ। ਬਿਨਾਂ ਕਿਸੇ ਭੇਦ-ਭਾਵ ਤੋਂ ਕਿੱਤਾਕਾਰਾਂ, ਸ਼ਾਹੂਕਾਰਾਂ, ਦੁਕਾਨਦਾਰਾਂ ਆਦਿ ਨੂੰ ਇਸ ਨਗਰ ਵਿਚ ਵਸਾਇਆ। ਜਗਤ ਨੂੰ ਤਾਰਨ ਹਿੱਤ ਪੂਰਬ ਦੇਸ਼ ਦੀ ਯਾਤਰਾ ਕੀਤੀ ਅਤੇ ਅਨੇਕਾਂ ਹੀ ਲੋਕਾਂ ਦਾ ਉੱਧਾਰ ਕੀਤਾ। ਅੰਤ ਗੁਰੂ ਤੇਗ ਬਹਾਦਰ ਸਾਹਿਬ ਜੀ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਪਾ ਕੇ ਸਮੁੱਚੇ ਵਿਸ਼ਵ ਲਈ ਇਕ ਅਨੋਖੀ ਮਿਸਾਲ ਪੈਦਾ ਕਰ ਗਏ।

**ਹਵਾਲੇ :-**

੧. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ- ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿ., ੨੦੦੨, ਪੰਨਾ ੮੯.
੨. ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੨੦੧੯, ਪੰਨਾ ੬੦੦.
੩. ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (੧੪੬੯-੧੭੬੫),* ਭਗਤ ਸਿੰਘ (ਅਨੁ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੬, ਪੰਨਾ ੪੯.
੪. ਸਾਹਿਬ ਸਿੰਘ, *ਗੁਰ-ਇਤਿਹਾਸ ਪਾਤਸ਼ਾਹੀ ੨ ਤੋਂ ੯,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੫, ਪੰਨਾ ੩੦੪.
੫. *ਗੁਰੂ ਗ੍ਰੰਥ ਵਿਸ਼ਵਕੋਸ਼,* ਪੰਨਾ ੮੯.
੬. ਸੰਤੋਖ ਸਿੰਘ, (ਕਵੀ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਈ ਵੀਰ ਸਿੰਘ, (ਸੰਪਾ.), ਭਾਸ਼ਾ ਵਿਭਾਗ, ਪੰਜਾਬ, ੨੦੧੧, ਜਿਲਦ ਦਸਵੀਂ, ਰਾਸਿ ੧੧, ਅੰਸੂ ੧੩, ਪੰਨਾ ੪੦੨੩.
੭. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪਿਅਰਾ ਸਿੰਘ ਪਦਮ (ਅਨੁ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੮, ਪੰਨਾ ੬੬.
੮. ਗੁਰਦਿੱਤ ਸਿੰਘ, *ਗੁਰਧਾਮ ਦੀਦਾਰ,* ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ, ੨੦੦੯, ਪੰਨਾ ੩੧.
੯. *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ੩੦੨; *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ- ਪਹਿਲਾ, ਪੰਨਾ ੩੧੪.
੧੦. *ਗੁਰੂ ਕੀਆਂ ਸਾਖੀਆਂ,* ਪੰਨਾ ੭੨
੧੧. Hoshiarpur District gazetteers, ੧੯੦੪, . ੨੧੨-੨੧੫.
੧੨. ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ, ੧੯੯੯, ਪੰਨਾ ੯੮.
੧੩. *ਸਿੱਖ ਇਤਿਹਾਸ (੧੪੬੯-੧੭੬੫),* ਪੰਨਾ ੫੧.
੧੪. ਸੰਤੋਖ ਸਿੰਘ, (ਕਵੀ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਈ ਵੀਰ ਸਿੰਘ, (ਸੰਪਾ.), ਭਾਸ਼ਾ ਵਿਭਾਗ, ਪੰਜਾਬ, ੨੦੧੧, ਜਿਲਦ ਦਸਵੀਂ, ਰਾਸਿ ੧੧, ਅੰਸੂ ੨੮, ਪੰਨਾ ੪੦੮੦.
੧੫. *ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ,* ਤਾਰਨ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੭, ਪੰਨਾ ੨੨੫.
੧੬. ਤਵਾਰੀਖ ਗੁਰੂ ਖਾਲਸਾ, ਪੰਨਾ ੬੭੯.
੧੭. ਉਹੀ, ਪੰਨਾ ੭੦੯.
੧੮. *ਗੁਰੂ ਕੀਆਂ ਸਾਖੀਆਂ,* ਪੰਨਾ ੫੮-੬੪.
੧੯. ਉਹੀ, ਪੰਨਾ ੭੩-੭੫.
੨੦. ਤਵਾਰੀਖ ਗੁਰੂ ਖਾਲਸਾ, ਪੰਨਾ ੭੦੯.
੨੧. ਪ੍ਰੋ. ਸਾਹਿਬ ਸਿੰਘ, *ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰ੍ਹਵੀਂ ਵਾਰ ੨੦੧੭, ਪੰਨਾ ੪੧.
੨੨. *ਤਵਾਰੀਖ ਗੁਰੂ ਖਾਲਸਾ,* ਪੰਨਾ ੭੧੨
੨੩. *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੬੦੦.
੨੪. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ-ਦੂਜਾ, ਭਾਸ਼ਾ ਵਿਭਾਗ, ਪੰਜਾਬ, ੧੯੭੧, ਪੰਨਾ ੭੬੧.

# ਅਮਲੀ ਸਿੱਖ ਜੀਵਨ

*-ਭਾਈ ਵੀਰ ਸਿੰਘ**

ਇਕ ਨੇਕ ਬੰਦਾ ਘੋੜੇ 'ਤੇ ਚੜ੍ਹਿਆ ਜਾ ਰਿਹਾ ਸੀ, ਅੱਗੇ ਰਸਤੇ ਵਿਚ ਲੱਕ 'ਤੇ ਦੋਇ ਹੱਥ ਧਰ ਕੇ ਬਹੁਤ ਹੌਲੇ ਕਦਮ ਧਰ ਕੇ ਟੁਰਿਆ ਜਾਂਦਾ ਇਕ ਬੰਦਾ ਉਸ ਨੂੰ ਵੇਖ ਕੇ ਬੋਲਿਆ: 'ਭਾਈਆ ਅਸਵਾਰਾ! ਮੈਂ ਬੀਮਾਰ ਹਾਂ, ਟੁਰ ਨਹੀਂ ਹੁੰਦਾ, ਜੇ ਮੈਨੂੰ ਘੋੜੇ 'ਤੇ ਚਾੜ੍ਹ ਲਵੇਂ, ਤੇ ਦੋ ਕੋਹ ਲੈ ਚੱਲੇਂ ਤਾਂ ਮੇਰਾ ਪਿੰਡ ਆ ਜਾਏਗਾ, ਉੱਥੇ ਲਾਹ ਦੇਵੀਂ। ਰੱਬ ਤੇਰਾ ਭਲਾ ਕਰੇਗਾ।'

ਅਸਵਾਰ ਨੇ ਤਰਸ ਨਾਲ ਤੱਕਿਆ, ਘੋੜੇ ਤੋਂ ਉਤਰ ਪਿਆ, ਪਾਸ ਲਿਆ ਕੇ ਘੋੜੇ ਨੂੰ ਖਲਿਹਾਰ ਦਿੱਤਾ ਤੇ ਉਸ ਨੂੰ ਚੁੱਕ ਕੇ ਕਾਠੀ 'ਤੇ ਬਿਠਾ ਦਿੱਤਾ, ਰਾਸਾਂ ਉਸ ਦੇ ਹੱਥ ਦਿੱਤੀਆਂ ਤੇ ਅੱਗੋਂ ਵਾਗ ਫੜ ਕੇ ਘੋੜੇ ਨੂੰ ਕਦਮ ਕਦਮ ਲੈ ਕੇ ਆਪ ਟੁਰ ਪਿਆ।

ਅਸਵਾਰ ਕੁਝ ਚਿਰ ਤਾਂ ਵਾਗਾਂ ਢਿੱਲੀਆਂ ਛੱਡ ਕੇ ਬੈਠਾ ਰਿਹਾ, ਫੇਰ ਕਦੇ ਜ਼ਰਾ ਕੁ ਵਾਗ ਕੱਸੇ, ਫਿਰ ਢਿੱਲੀ ਕਰ ਦੇਵੇ, ਕੁਝ ਵਾਟ ਲੰਘ ਕੇ ਅਚਾਨਕ ਉਸ ਨੇ ਵਾਗਾਂ ਨੂੰ ਝਟਕਾ ਦਿੱਤਾ ਤੇ ਮਾਲਕ ਦੇ ਹੱਥੋਂ ਛੁਡਾ ਲਈਆਂ ਤੇ ਘੋੜੇ ਨੂੰ ਦੂਜੇ ਪਾਸੇ ਵਾਗ ਦੇ ਇਸ਼ਾਰੇ ਨਾਲ ਮੋੜਿਆ ਤੇ ਅੱਡੀ ਲਾ ਕੇ ਘੋੜੇ ਨੂੰ ਲੈ ਨੱਠਾ।

ਮਾਲਕ ਨੇ ਅਵਾਜ਼ ਦਿੱਤੀ, 'ਓਏ ਵੀਰਾ! ਦੂਰੋਂ ਹੀ ਸਹੀ, ਪਰ ਮੇਰੀ ਗੱਲ ਇਕ ਜ਼ਰੂਰ ਸੁਣੀ ਜਾਵੀਂ। ਘੋੜਾ ਜਿਵੇਂ ਲਈ ਜਾ ਰਿਹਾ ਹੈਂ ਤੇਰੀ ਰਜ਼ਾ, ਪਰ ਮੇਰੀ ਗੱਲ ਜ਼ਰੂਰ ਸੁਣੀ ਜਾਵੀਂ।'

ਹਰਿਆਨ ਹੋ ਕੇ ਉਸ ਨੇ ਘੋੜੇ ਨੂੰ ਥੰਮਿਆ ਤੇ ਆਵਾਜ਼ ਸੁਣੀ ਜਾ ਸਕਣ ਵਾਲੀ ਦੂਰੀ 'ਤੇ ਖੜੋ ਕੇ ਬੋਲਿਆ: 'ਸੁਣਾ'।

ਘੋੜੇ ਦੇ ਮਾਲਕ ਨੇ ਕਿਹਾ: 'ਖਬਰਦਾਰ! ਕਿਸੇ ਨੂੰ ਇਹ ਨਾ ਦੱਸੀਂ ਕਿ ਤੂੰ ਇਹ ਕਹਿ ਕੇ ਕਿ ਬੀਮਾਰ ਹਾਂ ਮੈਨੂੰ ਥੋੜ੍ਹੀ ਦੂਰ ਲੈ ਚੱਲ-ਘੋੜੇ 'ਤੇ ਚੜ੍ਹਿਆ ਸੈਂ, ਤੇ ਫੇਰ ਘੋੜਾ ਲੈ ਨੱਠਾ ਸੈਂ।'

ਉਸ ਨੇ ਹੈਰਾਨ ਹੋ ਕੇ ਪੁੱਛਿਆ 'ਇਹ ਕਿਉ'? ਮਾਲਕ ਨੇ ਕਿਹਾ: 'ਇਸ ਤਰ੍ਹਾਂ ਤੂੰ ਅਨੇਕਾਂ ਉਨ੍ਹਾਂ ਬੀਮਾਰਾਂ 'ਤੇ ਜ਼ੁਲਮ ਕਰੇਂਗਾ ਜੋ ਸੱਚੀ ਮੁੱਚੀ ਪੈਂਡੇ ਵਿਚ ਬੀਮਾਰ ਹੋਣਗੇ ਤੇ ਕਿਸੇ ਤੋਂ ਘੋੜੇ 'ਤੇ ਚੜ੍ਹਨ ਦੀ ਮਿਹਰਬਾਨਗੀ ਮੰਗਣਗੇ, ਕਿਉਂਕਿ ਘੋੜੇ ਵਾਲੇ ਜਾਣ ਲੈਣਗੇ ਕਿ ਇਹ ਵੀ ਉਹੋ ਜਿਹਾ ਠੱਗ ਹੋਣਾ ਹੈ, ਜਿਹੋ ਜਿਹਾ ਬੀਮਾਰ ਬੱਗਾ ਸਿੰਘ ਦਾ ਘੋੜਾ ਠੱਗ ਲੈ ਗਿਆ ਸੀ। ਤੂੰ ਤਾਂ ਮਰ ਜਾਏਂਗਾ ਪਰ ਘੋੜੇ ਵਾਲਿਆਂ ਅਤੇ ਬਿਮਾਰਾਂ 'ਤੇ ਤਰਸ ਕਰਨ ਵਾਲਿਆਂ ਨੇ ਸਦਾ ਹੁੰਦੇ ਹੀ ਰਹਿਣਾ ਹੈ, ਤੇਰੀ ਪੈਦਾ

ਕੀਤੀ ਬੇ-ਵਿਸਾਹੀ ਇਉਂ ਸਦਾ ਹੀ ਦੁਖਦਾਈ ਹੋ ਕੇ ਬੀਮਾਰਾਂ ਨੂੰ ਕਸ਼ਟ ਦਿੰਦੀ ਰਹੇਗੀ। '

ਬੱਗਾ ਸਿੰਘ ਚੁਪ ਹੋ ਗਿਆ, ਕਦਮ ਹਲਕਾ ਕਰ ਲਿਆ ਤੇ ਆਪਣੇ ਰਾਹੇ ਟੁਰ ਪਿਆ, ਤੇ ਅਸਵਾਰ ਘੋੜਾ ਦੁੜਾ ਕੇ ਆਪਣੇ ਰਸਤੇ ਚਲਾ ਗਿਆ।

ਬੱਗਾ ਸਿੰਘ ਘਰ ਆਇਆ, ਨ੍ਹਾਤਾ ਧੋਤਾ, ਰਹਰਾਸਿ ਦਾ ਪਾਠ ਕੀਤਾ, ਰੋਟੀ ਖਾਧੀ ਤੇ ਸੌਂ ਗਿਆ। ਸਵੇਰੇ ਉੱਠਿਆ, ਬਾਹਰ ਆਇਆ ਵਿਹੜੇ ਵਿਚ, ਗਿੱਝੇ ਹੋਏ ਪੈਰ ਡਿਉੜ੍ਹੀ ਵੱਲ ਵਧੇ ਕਿ ਪਹਿਲਾ ਪੁਚਕਾਰਾ ਰੋਜ਼ ਵਾਂਗ ਘੋੜੇ ਨੂੰ ਦੇਣ। ਘੋੜਾ ਬੀ ਆਦਤ ਮੂਜਬ ਮਾਲਕ ਦੀ ਪੈਖੜ ਸਿਆਣ ਕੇ ਹਿਣਕਿਆ, ਚੇਤਾ ਵੀ ਉਡਾਰੀ ਮਾਰ ਕੇ ਆ ਗਿਆ, ਕਿ ਘੋੜਾ ਤਾਂ ਕੱਲ੍ਹ ਰੋਗੀ ਨੂੰ ਦੇ ਆਇਆ ਸੈਂ ਬੱਗਾ ਸਿੰਹਾਂ, ਇਹ ਹਿਣਕਦਾ ਕੌਣ ਹੈ? ਇੰਨੇ ਨੂੰ ਫੇਰ ਹਿਣਕਦਾ ਸੁਣਾਈ ਦਿੱਤਾ।

ਬੱਗਾ ਸਿੰਘ ਹਰਿਆਨਿਆਂ ਅੱਗੇ ਵਧਿਆ, ਕੀ ਵੇਖੇ ਕਿ ਘੋੜਾ ਡਿਉੜ੍ਹੀ ਵਿਚ ਕਿੱਲੇ 'ਤੇ ਬੱਧਾ ਖੜ੍ਹਾ ਹੈ। ਜਾ ਉਸ ਦੀ ਧੌਣ ਤੇ ਹੱਥ ਧਰਿਓਸ, ਥਾਪੀ ਦਿੱਤੀ। ਫਿਰ ਦੇਖੇ ਤਾਂ ਬਾਹਰ ਦਾ ਬੂਹਾ ਖੁੱਲ੍ਹਾ ਹੋਇਆ ਹੈ, ਚੂਥੀ ਪੁੱਟੀ ਹੋਈ ਹੈ। ਬਾਹਰ ਨਿਕਲਿਆ ਤਾਂ ਤੱਕਿਆ ਕਿ ਕੱਲ੍ਹ ਵਾਲਾ ਬੀਮਾਰ ਨਿਮੋਂ ਝੂਣਾ ਖੜਾ ਹੈ; ਪੁੱਛਣ ਲੱਗਾ- 'ਸੁਣਾ ਬਈ ਰੋਗੀ ਵੀਰਾ! ਵੱਲ ਹੋ ਗਿਆਂ ਏਂ?'

ਠੱਗ: 'ਬੱਗਾ ਸਿੰਹਾਂ! ਮੈਂ ਸੱਚ ਮੁਚ ਰੋਗੀ ਸਾਂ, ਤੂੰ ਵੈਦ ਹੈਂ ਜਿਸ ਮੇਰੀ ਮੂਰਛਾ ਖੋਹਲੀ ਹੈ। ਘੋੜਾ ਸੰਭਾਲ ਲੈ ਭਾਈਆ! ਹੁਣ ਨਾ ਵਿਸਾਹ ਘਾਤ ਦੀ ਕਥਾ ਟੁਰੇਗੀ, ਹੁਣ ਨਾ ਰੋਗੀਆਂ ਨੂੰ ਕਸ਼ਟਣੀ ਆਵੇਗੀ। ਸਗੋਂ ਹੁਣ ਬੱਗਾ ਸਿੰਘ ਵਰਗਾ ਬੀਮਾਰਾਂ 'ਤੇ ਤਰਸ ਕਰਨ ਵਾਲਾ ਹੋ ਜਾਸਾਂ। ਦੇਹ ਨਾਂ ਅਸੀਸ। '

ਬੱਗਾ ਸਿੰਘ ਦੀ ਵਾਰਤਾ ਅਮਲੀ ਸਿੱਖ ਜੀਵਨ ਦਾ ਇਕ ਸੋਹਣਾ ਨਮੂਨਾ ਪੇਸ਼ ਕਰਦੀ ਹੈ। ਹਾਂ, ਅਸੀਂ ਬੀ ਆਪਣੇ ਪੂਜ ਸਤਿਗੁਰਾਂ ਤੇ ਆਪਣੇ ਸਤਿਕਾਰ ਯੋਗ ਬਜ਼ੁਰਗਾਂ ਦੇ ਕਦਮ 'ਤੇ ਚੱਲਣਾ ਹੈ। ਸੁਸਾਇਟੀ ਵਿਚ ਨਿੱਕੀ ਨਿੱਕੀ ਗੱਲ ਵੱਲ ਵਧ ਰਹੇ fraud (ਧੋਖੇ, ਚਲਾਕੀਆਂ,ਚਤੁਰਾਈਆਂ) ਨੂੰ ਦੂਰ ਕਰਨਾ, ਨੇਕ ਜੀਵਨ ਫੈਲਾਉਣਾ, ਆਪਣਾ ਗੁਆ ਕੇ ਬੀ ਪਰ ਦਾ ਭਲਾ ਕਰਨਾ ਤੇ ਜਗਤ ਸੁਖ ਵਧਾਉਣਾ ਹੈ, ਸਾਡੇ ਸਿਰ 'ਤੇ ਸਤਿਗੁਰਾਂ ਦਾ ਰੱਖਿਆ ਇਹ ਫ਼ਰਜ਼ ਹੈ।

'ਗੁਰਮੁਖ ਸਿੱਖਿਆ'

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

# ਗੈਰਤ ਤੇ ਗੌਰਵ ਦੇ ਲਾਮਿਸਾਲ ਅਲੰਬਰਦਾਰ: ਮਹਾਰਾਜਾ ਰਿਪੁਦਮਨ ਸਿੰਘ ਨਾਭਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ-ਜਿੱਥੇ ਆਪਣੇ ਪਵਿੱਤਰ ਚਰਨ ਪਾਏ, ਉੱਥੇ ਆਪਣੇ ਪੈਰੋਕਾਰਾਂ ਸੰਗਤ ਕਰਨ ਲਈ ਧਰਮਸਾਲਾਂ ਸਥਾਪਿਤ ਕੀਤੀਆਂ ਜਿੱਥੇ ਗੁਰਮਤਿ ਦਾ ਉਪਦੇਸ਼ ਦਿੱਤਾ ਜਾਂਦਾ ਸੀ, *"ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ। ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ। ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।"* ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ *"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥"* ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸੁਸ਼ੋਭਿਤ ਕਰਨ ਨਾਲ ਧਰਮਸਾਲ ਨੂੰ ਗੁਰਦੁਆਰਾ ਸਾਹਿਬ ਕਿਹਾ ਜਾਣ ਲੱਗਾ। ਗੁਰਦੁਆਰਾ ਸਾਹਿਬ ਸਿੱਖਾਂ ਲਈ ਕੇਵਲ ਭਗਤੀ ਦਾ ਅਸਥਾਨ ਹੀ ਨਹੀਂ, ਬਲਕਿ ਇਹ ਮਾਨਵਤਾ ਦੀਆਂ ਸਮੁੱਚੀਆਂ ਸਮੱਸਿਆਵਾਂ ਦੇ ਸਾਮਧਾਨ ਦਾ ਚਾਨਣ-ਮੁਨਾਰਾ ਅਤੇ ਕੇਂਦਰ ਹੈ। ਇਹ ਪਵਿੱਤਰ ਸਥਾਨ ਸਾਂਝੀਵਾਲਤਾ, ਇਕ ਪਰਮਾਤਮਾ ਦੀ ਹੋਂਦ-ਹਸਤੀ, ਮਨੁੱਖੀ ਬਰਾਬਰੀ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਸੁਰੱਖਿਆ ਦੇ ਉਪਦੇਸ਼ ਦਾ ਸ਼ਾਨਾਂਮੱਤਾ ਸੋਮਾ ਹੈ ਇਹੋ ਹੀ ਨਿਮਰਤਾ, ਹਲੀਮੀ ਅਤੇ ਸਦਭਾਵਨਾ ਦਾ ਉੱਤਮ ਸੁਨੇਹਾ ਪ੍ਰਦਾਨ ਕਰਦਾ ਹੈ। ਸਿੱਖਾਂ ਨੂੰ ਸਮੇਂ-ਸਮੇਂ ਅਨੁਸਾਰ ਗੁਰਦੁਆਰਾ ਸਾਹਿਬਾਨ ਉੱਤੇ ਧਾੜਵੀਆਂ ਵੱਲੋਂ ਬਾਹੁਬਲ ਨਾਲ ਕੀਤੇ ਗਏ ਅਨੈਤਿਕ ਅਤੇ ਗੈਰ ਕਨੂੰਨੀ ਕਬਜ਼ੇ ਤੋੜ ਕੇ ਅਤੇ ਗੁਰਦੁਆਰਾ ਸਾਹਿਬਾਨ ਇਨ੍ਹਾਂ ਪਾਸੋਂ ਅਜ਼ਾਦ ਕਰਾਉਣ ਅਤੇ ਗੁਰਮਰਯਾਦਾ ਬਹਾਲ ਕਰਨ ਲਈ ਨਿਸਚੇ ਹੀ ਸੰਘਰਸ਼ ਵੀ ਕਰਨੇ ਪਏ, ਜਿਸ ਦੌਰਾਨ ਅਣਗਿਣਤ ਕੁਰਬਾਨੀਆਂ ਅਤੇ ਸ਼ਹੀਦੀਆਂ ਵੀ ਹੋਈਆਂ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਮਾਨਵਤਾ ਦੇ ਭਲੇ ਲਈ, ਸਮਾਜ ਵਿਚ ਨੈਤਿਕ ਕਦਰਾਂ-ਕੀਮਤਾਂ ਫੈਲਾਉਣ ਲਈ ਅਤੇ ਆਪਣੇ ਹੱਕਾਂ ਲਈ ਅਵਾਜ਼ ਬੁਲੰਦ ਕਰਨ ਅਤੇ *ਅਪਨਾ ਬਿਗਾਰਿ ਬਿਰਾਂਨਾ ਸਾਂਢੈ॥* ਦੀ ਪ੍ਰੇਰਨਾ ਵੀ ਪ੍ਰਦਾਨ ਕਰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ *...ਸੁਭ ਕਰਮਨ ਤੇ ਕਬਹੂੰ ਨ ਟਰੋਂ॥* ਅਤੇ *ਨਿਸਚੈ ਕਰ ਅਪਨੀ ਜੀਤ ਕਰੋਂ॥* ਦੇ ਸਿਧਾਂਤ ਅਨੁਸਾਰ ਸਿੱਖ ਸਮਾਜ ਵਿਚ ਅਜ਼ਾਦੀ ਲਈ ਮਰ-ਮਿਟਣ ਲਈ ਸ਼ੌਕ ਪੈਦਾ ਹੋਇਆ ਅਤੇ ਇਸ ਸੰਘਰਸ਼ ਅਧੀਨ ਅਠਾਰ੍ਹਵੀਂ ਸਦੀ ਵਿਚ ਅਨੇਕ ਸ਼ਹੀਦੀਆਂ ਹੋਈਆਂ ਅਤੇ ਸਿੰਘਾਂ ਨੂੰ ਸੰਘਰਸ਼ ਦੇ ਪੈਂਤੜੇ ਅਨੁਸਾਰ ਜੰਗਲਾਂ ਦਾ ਆਸਰਾ ਵੀ ਲੈਣਾ ਪਿਆ। ਇਸੇ ਸਮੇਂ ਦੌਰਾਨ ੧੧ ਮਿਸਲਾਂ ਅਤੇ ਪਟਿਆਲਾ, ਨਾਭਾ, ਜੀਂਦ ਆਦਿ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: ੯੯੧੫੮-੦੫੧੦੦*

ਫੂਲਕੀਆ ਮਿਸਲ ਦੇ ਰਾਜਿਆਂ ਦਾ ਰਾਜ ਮਿਲਾ ਕੇ ਫੂਲਕੀਆਂ ੧੨ਵੀਂ ਮਿਸਲ ਬਣੀ। ਉਪਰੰਤ ੧੭੯੯ ਈ. ਵਿਚ ਅਬਦਾਲੀ ਦੇ ਪੋਤਰੇ ਜਰਨੈਲ ਜਹਾਨ ਖਾਨ ਨੂੰ ਹਰਾ ਕੇ ਲਾਹੌਰ ਉੱਤੇ ਕਬਜ਼ਾ ਕਰ ਕੇ ਸ਼ੁਕਰਚਕੀਆ ਮਿਸਲ ਦੇ ਮੁਖੀ ੧੯ ਸਾਲਾ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਰੰਭ ਹੋਇਆ, ਜਿਸ ਨੇ ੧੧ ਮਿਸਲਾਂ ਨੂੰ ਆਪਣੇ ਰਾਜ ਵਿਚ ਮਿਲਾ ਕੇ ਖਾਲਸੇ ਦਾ ਰਾਜ ਸਥਾਪਿਤ ਕੀਤਾ, ਜਿਸ ਨੂੰ ਇਤਿਹਾਸ ਵਿਚ 'ਸਰਕਾਰ-ਏ-ਖਾਲਸਾ' ਕਿਹਾ ਜਾਂਦਾ ਹੈ। ਲੰਮੇ ਸਿੱਖ ਸੰਘਰਸ਼ ਦੌਰਾਨ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਖਾਲਸਾ ਪੰਥ ਦੇ ਮਹੱਤਵਪੂਰਨ ਅੰਗ ਉਦਾਸੀ ਅਤੇ ਨਿਰਮਲਿਆਂ ਨੇ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸਾਹਿਬਾਨ ਨਾਲ ਜਗੀਰਾਂ ਲੱਗਾ ਦਿੱਤੀਆਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਆਪਣੇ ਆਪ ਨੂੰ ਖਾਲਸਾ ਪੰਥ ਦੇ ਸੇਵਕ ਦੀ ਥਾਂ ਮਹੰਤ ਅਖਵਾਉਣ ਲੱਗ ਪਏ ਅਤੇ ਕਈ ਮਹੰਤ ਐਸ਼-ਪ੍ਰਸ਼ਤੀ ਵਿਚ ਪੈ ਗਏ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਅੰਗਰੇਜ਼ਾਂ ਦਾ ਰਾਜ ਹੋਣ ਕਾਰਨ ਇਨ੍ਹਾਂ ਮਹੰਤਾਂ ਨੂੰ ਹੋਰ ਖੁਲ ਮਿਲ ਗਈ ਅਤੇ ਮਹੰਤ ਸਰਕਾਰ ਅੰਗਰੇਜ਼ੀ ਦੇ ਟੋਡੀ ਹਮਾਇਤੀ ਅਤੇ ਖਾਲਸਾ ਪੰਥ ਦੇ ਵਿਰੋਧੀ ਬਣ ਬੈਠੇ। ਇਹ ਗੁਰਦੁਆਰਾ ਸਾਹਿਬਾਨ ਵਿਚ ਮੰਦ ਕਰਮ ਕਰਨ ਲੱਗ ਪਏ ਅਤੇ ਗੁਰਦੁਆਰਾ ਸਾਹਿਬਾਨ ਦੀ ਮਰਿਆਦਾ ਤਹਿਸ-ਨਹਿਸ ਕਰ ਦਿੱਤੀ। ਇਹ ਗੁਰਦੁਆਰਾ ਸਾਹਿਬਾਨ ਅਤਿ ਦੇ ਵਿਭਚਾਰ ਦੇ ਅੱਡੇ ਅਤੇ ਡੇਰੇ ਬਣ ਗਏ। ਇਸ ਸਮੇਂ ਦੌਰਾਨ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਤੌਰ ਉਤੇ ਅਜ਼ਾਦੀ ਪ੍ਰਾਪਤ ਕਰਨ ਲਈ ਅਨੇਕ ਲਹਿਰਾਂ ਅਤੇ ਮੋਰਚਿਆਂ ਦੀ ਉਤਪਤੀ ਹੋਈ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸਿੰਘ ਸਭਾ ਲਹਿਰ, ਗ਼ਦਰ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਦਿ ਸਨ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਅਕਾਲੀ ਲਹਿਰ ਦਾ ਮੁੱਖ ਉਦੇਸ਼ ਗੁਰਦੁਆਰਾ ਸਾਹਿਬਾਨ ਦੀ ਪਵਿੱਤਰਤਾ ਤੇ ਗੁਰਮਰਯਾਦਾ ਨੂੰ ਬਹਾਲ ਕਰਨਾ, ਗੁਰਮਤਿ ਸਿਧਾਂਤ ਦੀ ਬਾਹਾਲੀ ਅਤੇ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਦੇ ਚੁੰਗਲ ਤੋਂ ਛੁਟਕਾਰਾ ਦਿਵਾਉਣਾ ਅਤੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੰਗਤ (ਖ਼ਾਲਸਾ ਪੰਥ) ਹਵਾਲੇ ਕਰਨਾ ਸੀ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹੋਂਦ ਵਿਚ ਆਈ, ਜਿਸ ਨੇ ਗੁਰਦੁਆਰਾ ਸਾਹਿਬਾਨ ਦੀ ਮਰਿਆਦਾ ਦੀ ਬਹਾਲੀ ਉਪਰੰਤ ਇਨ੍ਹਾਂ ਦਾ ਸੁਚੱਜਾ ਪ੍ਰਬੰਧ ਕਰਨ ਦਾ ਉੱਦਮ ਕਰਨ ਲਈ ਅਨੇਕ ਕਾਰਜ ਕੀਤੇ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ 'ਬਾਬੇ ਕੀ ਬੇਰ ਸਿਆਲਕੋਟ' ਤੋਂ ਲੈ ਕੇ 'ਜੈਤੋ ਦੇ ਮੋਰਚੇ' ਤਕ ਬਿਲਕੁਲ ਸ਼ਾਂਤਮਈ ੧੧ ਮੋਰਚੇ ਵੀ ਲਾਏ ਗਏ, ਜਿਵੇਂ ਬਾਬੇ ਦੀ ਬੇਰ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਗੁਰੂ ਦੇ ਬਾਗ ਦਾ ਮੋਰਚਾ, ਗੁਰਦੁਆਰਾ ਰਕਾਬ ਗੰਜ ਦਾ ਮੋਰਚਾ, ਤਰਨ ਤਾਰਨ ਸਾਹਿਬ ਦਾ ਮੋਰਚਾ, ਸ੍ਰੀ ਨਨਕਾਣਾ ਸਾਹਿਬ ਦਾ ਮੋਰਚਾ ਆਦਿ। ਅਸੀਂ ਇਸ ਲੇਖ ਵਿਚ ਜੈਤੋ ਦੇ ਮੋਰਚੇ ਸੰਬੰਧੀ ਸੰਖੇਪ ਰੂਪ ਵਿਚ ਵਿਚਾਰ ਕਰ ਰਹੇ ਹਾਂ।

ਜੈਤੋ ਦੇ ਮੋਰਚੇ ਨੂੰ ਗੰਗਸਰ ਜੈਤੋ ਦਾ ਮੋਰਚਾ ਵੀ ਕਿਹਾ ਜਾਂਦਾ ਹੈ। ਗੁਰਦੁਆਰਾ ਗੰਗਸਰ ਸਾਹਿਬ ਜ਼ਿਲ੍ਹਾ ਫਰੀਦਕੋਟ ਦੇ ਕਸਬਾ ਜੈਤੋ ਵਿਚ ਹੀ ਸੁਸ਼ੋਭਿਤ ਹੈ। ਇਸ ਮੋਰਚੇ ਦਾ ਮੁੱਖ ਮੰਤਵ ਇਕੱਲਾ ਗੁਰਦੁਆਰਾ ਸਾਹਿਬਾਨ ਦੀ ਅਜ਼ਾਦੀ ਬਹਾਲ ਕਰਨਾ ਹੀ ਨਹੀਂ, ਬਲਕਿ ਸਿੱਖਾਂ ਦੇ ਧਾਰਮਿਕ ਕਾਰਜਾਂ ਵਿਚ ਅੰਗਰੇਜ਼ਾਂ ਦੀ ਦਖ਼ਲਅੰਦਾਜ਼ੀ ਨੂੰ ਵੰਗਾਰਨਾ, ਰੋਕਣਾ ਅਤੇ ਜੰਗ-ਏ-ਅਜ਼ਾਦੀ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨਾ ਵੀ ਸੀ। ਗੁਰਦੁਆਰਾ ਗੰਗਸਰ ਜੈਤੋ ਵਾਲਾ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਹੈ। ਇਹ ਇਲਾਕਾ ਤਤਕਾਲੀਨ ਨਾਭਾ ਰਿਆਸਤ, ਜਿਸ ਦਾ ਰਾਜ ਇਕ ਪੂਰਨ ਗੁਰਸਿੱਖ ਅਤੇ ਮਹਾਨ ਦੇਸ਼-ਭਗਤ ਮਹਾਰਾਜਾ ਰਿਪੁਦਮਨ ਸਿੰਘ ਦੇ ਅਧੀਨ ਪੈਂਦਾ ਸੀ। ਨਾਭਾ ਰਿਆਸਤ ਫੂਲਕੀਆਂ ਰਿਆਸਤਾਂ ਵਿੱਚੋਂ ਇਕ ਰਿਆਸਤ ਸੀ। ਇਨ੍ਹਾਂ ਦੇ ਵਡੇਰੇ ਭਾਈ ਫੂਲ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਬਖ਼ਸ਼ਿਸ਼ ਨਾਲ ਰਾਜਭਾਗ ਦਾ ਵਰ ਪ੍ਰਾਪਤ ਹੋਇਆ ਸੀ। ਲਾਹੌਰ ਅਤੇ ਦਿੱਲੀ ਦੇ ਵਿਚਕਾਰ (ਨਾਭ) ਵਿਚ ਸਥਿਤ ਹੋਣ ਕਾਰਨ ਨਵੀਂ ਰਿਆਸਤ ਦਾ ਨਾਮ ਨਾਭਾ ਰੱਖਿਆ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਬਖ਼ਸ਼ਿਸ਼ ਨਾਲ ਭਾਈ ਫੂਲ ਦੇ ਪੁੱਤਰਾਂ ਭਾਈ ਤਿਲੋਕਾ ਅਤੇ ਭਾਈ ਰਾਮਾ ਦੇ ਵੰਸ਼ਜ਼ਾਂ ਵੱਲੋਂ ਪਟਿਆਲਾ, ਨਾਭਾ, ਜੀਂਦ ਰਿਆਸਤਾਂ ਕਾਇਮ ਕੀਤੀਆਂ। ਭਾਈ ਤਲੋਕੇ ਦੀ ਵੰਸ਼ਜ ਚੌਧਰੀ ਗੁਰਦਿੱਤ ਸਿੰਘ ਨੇ ਬਹੁਤ ਸਾਰਾ ਇਲਾਕਾ ਮੁਗ਼ਲ ਸਰਕਾਰ ਦਾ ਖੋਹ ਕੇ (ਜਿੱਤ ਕੇ) ਆਪਣੀ ਜਾਗੀਰ ਵਿਚ ਸ਼ਾਮਲ ਕਰ ਲਿਆ। ਚੌਧਰੀ ਗੁਰਦਿੱਤ ਸਿੰਘ ਦੇ ਪੋਤਰੇ ਸ. ਹਮੀਰ ਸਿੰਘ ਅਤੇ ਉਸ ਦੇ ਭਰਾ ਨੇ ਸਰਹਿੰਦ ਦੇ ਸੂਬੇਦਾਰ ਜੈਨ ਖਾਂ ਨੂੰ ਮਾਰ ਕੇ ਉਸ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਬਾਅਦ ਵਿਚ ਅਮਲੋਹ ਦਾ ਇਲਾਕਾ ਅਤੇ ਰੋੜੀ ਦਾ ਇਲਾਕਾ ਆਪਣੀ ਜਾਗੀਰ ਵਿਚ ਸ਼ਾਮਲ ਕਰ ਲਿਆ। ਜ਼ਿਲ੍ਹਾ (ਰਿਆਸਤ) ਸੰਗਰੂਰ ਦੇ ਕਸਬਾ ਬਡਰੁੱਖਾਂ ਦੇ ਚੌਧਰੀ ਭਾਈ ਸੁੱਖਾ ਸਿੰਘ ਦੇ ਪੁੱਤਰ ਸ. ਹਮੀਰ ਸਿੰਘ ਨੇ ਨਾਭਾ ਰਿਆਸਤ ਕਾਇਮ ਕੀਤੀ। ਬਾਅਦ ਵਿਚ ਉਨ੍ਹਾਂ ਦੇ ਹੀ ਵੰਸ਼ਜ ਨਾਭਾਪਤੀ ਰਾਜਾ ਹੀਰਾ ਸਿੰਘ ਅਤੇ ਸ. ਅਨੋਖ ਸਿੰਘ ਲੌਂਗੋਵਾਲੀ ਦੀ ਪੁੱਤਰੀ ਮੀਰ ਤਥਾ ਜਸਮੇਰ ਕੌਰ ਦੇ ਘਰ ਰਿਪੁਦਮਨ ਸਿੰਘ ਦਾ ਜਨਮ ੪ ਮਾਰਚ, ੧੮੮੩ ਈ. ਨੂੰ ਹੋਇਆ। ਇਹ ਉਨ੍ਹਾਂ ਦੋਹਾਂ ਦੀ ਇੱਕੋ ਹੀ ਔਲਾਦ ਸੀ। ਮਹਾਰਾਜਾ ਹੀਰਾ ਸਿੰਘ ਨੇ ਆਪਣੇ ਸ਼ਹਿਜ਼ਾਦਾ ਰਿਪੁਦਮਨ ਸਿੰਘ ਦਾ ਚੰਗੀ ਤਰ੍ਹਾਂ ਪਾਲਣ-ਪੋਸ਼ਣ ਕੀਤਾ। ਸਿੱਖਿਆ ਪ੍ਰਾਪਤੀ ਲਈ ਲਾਲਾ ਬਿਸ਼ਨ ਦਾਸ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਸਪੁਰਦ ਕਰ ਦਿੱਤਾ ਅਤੇ ਧਾਰਮਿਕ ਵਿੱਦਿਆ ਅਤੇ ਗੁਰ-ਮਰਯਾਦਾ ਵਿਚ ਪ੍ਰਪੱਕ ਕਰਨ ਲਈ ਸਮੇਂ ਦੇ ਰੱਬੀ ਰੰਗ ਵਿਚ ਰੰਗੀ ਹੋਈ ਰੂਹ, ਮਹਾਨ ਤਪੱਸਵੀ ਤੇ ਉੱਚ ਕੋਟੀ ਦੀ ਧਾਰਮਿਕ ਸ਼ਖ਼ਸੀਅਤ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਦੇ ਹਵਾਲੇ ਕਰ ਦਿੱਤਾ। ਮਹਾਰਾਜਾ ਹੀਰਾ ਸਿੰਘ ਦੇ ਦੇਹਾਂਤ ਤੋਂ ਪਿੱਛੋਂ ਉਨ੍ਹਾਂ ਦੇ ਯੁਵਰਾਜ ਟਿੱਕਾ ਰਿਪੁਦਮਨ ਸਿੰਘ, ੨੪ ਜਨਵਰੀ, ੧੯੧੨ ਈ. ਨੂੰ ਨਾਭੇ ਦੀ ਰਾਜ ਗੱਦੀ ਉੱਤੇ ਬੈਠੇ। ਨਾਭਾਪਤੀ ਰਿਪੁਦਮਨ ਸਿੰਘ ਨੇ ਗੱਦੀ ਉੱਤੇ ਬੈਠਦਿਆਂ ਹੀ ਬਹੁਤ ਸ਼ਲਾਘਾਯੋਗ ਪੰਥਕ ਕਾਰਜ ਕੀਤੇ ਜਿਨ੍ਹਾਂ ਸਦਕਾ ਸਿੱਖ ਕੌਮ ਵਿਚ ਉਸ ਦਾ

ਸਨਮਾਨ ਬਹੁਤ ਵਧ ਗਿਆ। ਮਹਾਰਾਜਾ ਰਿਪੁਦਮਨ ਸਿੰਘ ਨੇ ਗਵਰਨਰ ਜਨਰਲ ਦੀ ਕੌਂਸਲ ਦਾ ਮੈਂਬਰ ਹੋਣ ਸਮੇਂ ਅਨੰਦ ਮੈਰਿਜ ਬਿੱਲ ਪੇਸ਼ ਕੀਤਾ ਸੀ ਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਮੋਰਚੇ ਸਮੇਂ ਕੌਮ ਦੇ ਮੋਢੇ ਨਾਲ ਮੋਢਾ ਜੋੜ ਦੇ ਸੇਵਾ ਨਿਭਾਈ। ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਲਈ ਵੀ ਭਰਪੂਰ ਸਹਾਇਤਾ ਕੀਤੀ। ਇਸ ਤਰ੍ਹਾਂ ਉਹ ਪੰਥਪ੍ਰਸਤੀ ਅਤੇ ਦੇਸ਼-ਭਗਤੀ ਦੇ ਝੰਡਾਬਰਦਾਰ ਹੀ ਬਣ ਗਏ ਸਨ।

ਅੰਗਰੇਜ਼ ਰਾਜ ਸਮੇਂ ਭਾਰਤ ਵਿਚ ਜਿੰਨੀਆਂ ਵੀ ਛੋਟੀਆਂ ਛੋਟੀਆਂ ਸਿੱਖ, ਹਿੰਦੂ-ਰਾਜਪੂਤ, ਮੁਸਲਮਾਨ ਰਿਆਸਤਾਂ ਸਨ, ਉਹ ਸਭ ਅੰਗਰੇਜ਼ਾਂ ਦੀਆਂ ਹੀ ਗ਼ੁਲਾਮ ਸਨ। ਇਨ੍ਹਾਂ ਰਿਆਸਤਾਂ ਦੇ ਲੋਕ ਦੂਹਰੀ ਗ਼ੁਲਾਮੀ ਦਾ ਨਰਕ ਭੋਗਦੇ ਸਨ। ਇਕ ਪਾਸੇ ਰਿਆਸਤੀ ਰਾਜਿਆਂ, ਰਾਣਿਆਂ, ਰਜਵਾੜਿਆਂ, ਜਗੀਰਦਾਰਾਂ ਦੀ ਗ਼ੁਲਾਮੀ ਅਤੇ ਉੱਪਰੋਂ ਸਿੱਧੇ-ਅਸਿੱਧੇ ਤੌਰ ਉਤੇ ਅੰਗਰੇਜ਼ ਸਰਕਾਰ ਦੀ ਗ਼ੁਲਾਮੀ। ਜਦੋਂ ਵੀ ਕਿਸੇ ਰਿਆਸਤ ਦਾ ਰਾਜਾ, ਰਾਣਾ, ਮਹਾਰਾਜਾ ਮਰ ਜਾਂਦਾ ਸੀ ਜਾਂ ਉਸ ਦੇ ਆਪਣਿਆਂ ਵੱਲੋਂ ਜ਼ਿਸ਼ਾਂ ਰਚ ਕੇ ਉਨ੍ਹਾਂ ਨੂੰ ਗੱਦੀ ਤੋਂ ਲਾਹ ਕੇ ਆਪ ਗੱਦੀ-ਨਸ਼ੀਨ ਹੋ ਜਾਂਦੇ ਸਨ ਅਤੇ ਰਾਜ ਨਰੇਸ਼ ਦੀ ਤਾਜਪੋਸ਼ੀ ਸਮੇਂ ਅੰਗਰੇਜ਼ ਸਰਕਾਰ ਦਾ ਉੱਚ-ਅਧਿਕਾਰੀ (RESIDENT) ਤਾਜਪੋਸ਼ੀ ਦੀ ਰਾਜਸੀ ਕਾਰਵਾਈ ਕਰਦਾ ਸੀ ਅਤੇ ਉਸ ਨਵੇਂ ਸਜੇ ਰਾਜੇ, ਰਾਣੇ ਤੋਂ ਇੰਗਲੈਂਡ ਦੇ ਰਾਜ (BRITISH CROWN) ਦੀ ਵਫਾਦਾਰੀ ਦਾ ਵਚਨ ਲਿਆ ਜਾਂਦਾ ਸੀ ਅਤੇ ਵਾਇਸਰਾਏ ਹਿੰਦ ਵੱਲੋਂ ਸੰਦੇਸ਼ ਰੂਪ ਵਿਚ ਆਸ਼ੀਰਵਾਦ ਦਿੱਤਾ ਜਾਂਦਾ ਸੀ ਪਰੰਤੂ ਜਦੋਂ ਕੰਵਰ ਰਿਪੁਦਮਨ ਸਿੰਘ, ਜੋ ਇੱਕ ਪੂਰਨ ਗੁਰਸਿੱਖ ਸੀ ਅਤੇ ਉੱਚ ਕੋਟੀ ਦੀ ਵਿੱਦਿਆ ਪ੍ਰਾਪਤ ਨੌਜਵਾਨ ਸੀ, ਨੇ ਅੰਗਰੇਜ਼ ਰੈਜੀਡੈਂਟ ਵੱਲੋਂ ਇਹ ਰਾਜਸੀ ਕਾਰਵਾਈ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਸ੍ਰੀ ਅਖੰਡ ਪਾਠ ਦਾ ਭੋਗ ਪੂਰੀ ਸ਼ਰਧਾ ਨਾਲ ਸੰਪੰਨ ਕਰਵਾ ਕੇ ਪੰਜ ਪਿਆਰਿਆਂ ਪਾਸੋਂ ਹੀ ਗੁਰੂ-ਘਰ ਦੀ ਬਖਸ਼ਿਸ਼ 'ਸਿਰੋਪਾਉ' ਪ੍ਰਾਪਤ ਕਰ ਲਿਆ। ਉਨ੍ਹਾਂ ਦਾ ਮੰਨਣਾ ਸੀ ਕਿ ਇਹ ਰਾਜਭਾਗ ਅਕਾਲ ਪੁਰਖ ਦੀ ਬਖ਼ਸ਼ਿਸ਼ ਹੈ। ਰਾਜਗੱਦੀ "ਮੇਰਾ ਪਿਤਾ ਪੁਰਖੀ" ਅਧਿਕਾਰ ਹੈ। ਅੰਗਰੇਜ਼ ਨੇ ਇਸ ਕਾਰਵਾਈ ਨੂੰ ਸਰਕਾਰ ਅੰਗਰੇਜ਼ੀ ਵਿਰੁੱਧ ਖੁਲ੍ਹੀ ਬਗਾਵਤ ਮੰਨਿਆ। ਇਸੇ ਤਰ੍ਹਾਂ ਹੀ ਮਹਾਰਾਜਾ ਰਿਪੁਦਮਨ ਸਿੰਘ ਜੀ ਨੇ ਸਰਕਾਰ ਅੰਗਰੇਜ਼ੀ ਦੇ ਹੁਕਮਾਂ ਵਿਰੁੱਧ ਮਲੇਰਕੋਟਲੇ ਵਿਚ ਕੂਕਿਆਂ ਦੀ ਬਗਾਵਤ ਸਮੇਂ ਕੂਕਿਆਂ ਦੀ ਮਦਦ ਕੀਤੀ। ੧੯੧੪ ਈ. ਵਿਚ ਦੂਜੀ ਵਿਸ਼ਵ ਜੰਗ ਸਮੇਂ ਅੰਗਰੇਜ਼ ਸਰਕਾਰ ਦੀ ਸਹਾਇਤਾ ਕਰਨ ਲਈ ਨਾਭਾ ਰਿਆਸਤ ਦੀ ਫੌਜ ਭੇਜਣ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ ਸਰਕਾਰ ਅਤੇ ਮਲੇਰਕੋਟਲੇ ਦੇ ਨਵਾਬ ਦੀਆਂ ਜ਼ਾਲਮਾਨਾ ਜ਼ਿਆਦਤੀਆਂ ਕਾਰਨ ਹੋਏ ਭਗੌੜੇ ਰਿਆਸਤ ਨਾਭਾ ਵਿਚ ਸ਼ਰਨ ਲੈਂਦੇ ਰਹੇ ਅਤੇ ਨਾਭਾ ਵਿਖੇ ਬਰਤਾਨੀਆ ਦੇ ਪ੍ਰਿੰਸ ਆਫ ਵੇਲਜ਼ ਦੇ ਆਉਣ ਸਮੇਂ ਮਹਾਰਾਜਾ ਰਿਪੁਦਮਨ ਸਿੰਘ ਜੀ ਵੱਲੋਂ ਸਵਾਗਤ ਨਾ ਕੀਤਾ ਗਿਆ। ਦੇਸ਼ ਅੰਦਰ ਚੱਲ ਰਹੀ ਜੰਗ-ਏ-ਅਜ਼ਾਦੀ ਦੀ ਲਹਿਰ ਨਾਲ ਮਹਾਰਾਜਾ ਨਾਭਾ ਪੂਰੀ ਹਮਦਰਦੀ ਰੱਖਦੇ ਸਨ। ਉਸ ਸਮੇਂ ਦੇ ਵੱਡੇ ਅਖੌਤੀ ਰਾਸ਼ਟਰੀ ਨੇਤਾਵਾਂ ਨਾਲ ਉਨ੍ਹਾਂ ਦਾ ਹਮੇਸ਼ਾ ਸੰਪਰਕ ਬਣਿਆ ਰਿਹਾ।

ਅਜਿਹੇ ਅਨੇਕਾਂ ਕਾਰਨਾਂ ਕਰਕੇ ਅੰਗਰੇਜ਼ ਸਰਕਾਰ ਨੇ ਸਮਝ ਲਿਆ ਸੀ ਕਿ ਮਹਾਰਾਜਾ ਰਿਪੁਦਮਨ ਸਿੰਘ ਜੀ ਰਾਜ ਅੰਗਰੇਜ਼ੀ ਵਿਰੁੱਧ ਬਗਾਵਤ ਕਰ ਰਿਹਾ ਹੈ। ਬਸ! ਅੰਗਰੇਜ਼ ਸਰਕਾਰ ਨੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦਿਓਂ ਲਾਹੁਣ ਲਈ ਅਨੇਕਾਂ ਸਾਜ਼ਿਸ਼ਾਂ ਰਚਨੀਆਂ ਸ਼ੁਰੂ ਕਰ ਦਿੱਤੀਆਂ। ਪਟਿਆਲਾ ਰਿਆਸਤ ਅਤੇ ਨਾਭਾ ਰਿਆਸਤ ਦਾ ਆਪਸੀ ਵਿਵਾਦ ਅੰਗਰੇਜ਼ ਨੂੰ ਇਕ ਬਹਾਨਾ ਮਿਲ ਗਿਆ। ਸਰਕਾਰ ਅੰਗਰੇਜ਼ੀ ਨੇ, ਜਿਵੇਂ ਸਰਕਾਰਾਂ ਆਮ ਕਰਦੀਆਂ ਹਨ, ਰਿਆਸਤੀ ਰਾਜ ਪ੍ਰਬੰਧ ਵਿਚ ਕਾਰਜਸ਼ੀਲ ਕੁਝ ਲਾਲਚੀ ਵਿਕਾਊ ਟੋਡੀ ਕਿਸਮ ਦੇ ਸਥਾਨਕ ਅਤੇ ਅੰਗਰੇਜ਼ ਅਫਸਰਾਂ ਨੂੰ ਆਪਣੇ ਨਾਲ ਰਲਾ ਲਿਆ ਅਤੇ ਮਹਾਰਾਜਾ ਰਿਪੁਦਮਨ ਸਿੰਘ ਵਿਰੁਧ ਸਾਜ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ, ਬਦਕਿਸਮਤੀ ਹੀ ਸਮਝੋ ਕਿ ਇਹ ਰਿਆਸਤੀ ਰਾਜੇ ਆਪਸ ਵਿਚ ਲੜਦੇ ਹੀ ਰਹਿੰਦੇ ਸਨ। ਸ਼ਾਇਦ! ਅੰਗਰੇਜ਼ ਹੀ ਸਾਜ਼ਿਸ਼ੀ ਢੰਗ ਨਾਲ ਲੜਾਈ-ਝਗੜਾ ਕਰਵਾਉਂਦੇ ਰਹੇ ਸੀ।

ਨਾਭੇ ਦੀ ਰਾਜਗੱਦੀ 'ਤੇ ਬੈਠਣ ਪਿੱਛੋਂ ਨਾਭਾ ਨਰੇਸ਼ ਦੀ ਸਮੁੱਚੀ ਹਮਦਰਦੀ ਦੇਸ਼ ਦੀਆਂ ਅਗਾਂਹਵਧੂ ਪਾਰਟੀਆਂ ਖਾਸ ਕਰਕੇ ਖਾਲਸਾ ਪੰਥ, ਜੋ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਸਨ, ਨਾਲ ਰਹੀ। ਸ੍ਰੀ ਨਨਕਾਣਾ ਸਾਹਿਬ ਸਾਕੇ ਦੀਆਂ ਹਿਰਦੇਵੇਦਕ ਸ਼ਹਾਦਤਾਂ ਪਿੱਛੋਂ ਸਾਰੀਆਂ ਸਿੱਖ ਰਿਆਸਤਾਂ ਵਿੱਚੋਂ ਕੇਵਲ ਨਾਭਾ ਰਿਆਸਤ ਹੀ ਸੀ, ਜਿਸ ਨੇ ਸਮੁੱਚੇ ਸਿੱਖ ਜਗਤ ਨਾਲ ਮਿਲ ਕੇ ਨਨਕਾਣਾ ਸਾਹਿਬ ਦੇ ਸ਼ਹੀਦੀ ਦਿਨ ਦੀ ਯਾਦ ਮਨਾਈ। ਬਲਕਿ ਖਾਲਸਾ ਪੰਥ ਦੇ ਫੈਸਲੇ ਅਨੁਸਾਰ ਰਿਆਸਤੀ ਪਰਜਾ ਵੱਲੋਂ ਕਾਲੀਆਂ ਦਸਤਾਰਾਂ ਸਜਾਈਆਂ ਗਈਆਂ। ਸਿੱਖ ਸੰਗਤ ਵੱਲੋਂ ਅਰਦਾਸੇ ਸੋਧੇ ਗਏ ਜਿਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਵੀ ਸ਼ਾਮਲ ਹੋਏ। ਇਹੋ ਹੀ ਇੱਕੋ ਇਕ ਰਾਜ ਸੀ ਜਿਸ ਅੰਦਰ ਕਾਲੀ ਦਸਤਾਰ ਵਾਲਾ ਕਿਰਪਾਨਧਾਰੀ ਸਿੱਖ ਬਿਨਾਂ ਕਿਸੇ ਪੁੱਛਗਿਛ ਖੁਲ੍ਹ ਕੇ ਵਿਚਰ ਸਕਦਾ ਸੀ। ਜਦੋਂ ਕਿ ਦੂਸਰੀਆਂ ਸਾਰੀਆਂ ਸਿੱਖ ਰਿਆਸਤਾਂ ਨੇ ਅਜਿਹਾ ਨਹੀਂ ਸੀ ਹੋਣ ਦਿੱਤਾ। ਉਕਤ ਸਾਰੀਆਂ ਕਾਰਵਾਈਆਂ ਭਾਰਤ ਦੀ ਅੰਗਰੇਜ਼ ਸਰਕਾਰ ਨੂੰ ਰੜਕਦੀਆਂ ਸਨ ਅਤੇ ਸਰਕਾਰ ਨੂੰ ਮਹਾਰਾਜਾ ਰਿਪੁਦਮਨ ਸਿੰਘ ਦਾ ਨਾਭੇ ਦੀ ਰਾਜਗੱਦੀ 'ਤੇ ਹੋਣਾ ਬਹੁਤ ਚੁਭਦਾ ਸੀ। ਸਰਕਾਰ ਰਾਜੇ ਨੂੰ ਗੱਦੀਓਂ ਲਾਹੁਣ ਦੇ ਅਵਸਰ ਭਾਲਦੀ ਸੀ, ਸਰਕਾਰ ਅੰਗਰੇਜ਼ੀ ਨੇ ਕਈ ਤਰ੍ਹਾਂ ਦੀਆਂ ਸਾਜ਼ਿਸ਼ਾਂ ਅਰੰਭ ਦਿੱਤੀਆਂ ਇਨ੍ਹਾਂ ਸਾਜ਼ਿਸ਼ਾਂ ਵਿਚ ਬਹੁਤ ਸਾਰੇ ਟੋਡੀ, ਮੌਕਾਪ੍ਰਸਤ, ਮਤਲਬਪ੍ਰਸਤ ਅਤੇ ਬੇਈਮਾਨ ਲੋਕ ਵੀ ਸ਼ਾਮਲ ਹੋ ਗਏ। ਅੰਗਰੇਜ਼ ਦੇ ਹੱਥ-ਠੋਕੇ ਬਣ ਗਏ। ਬੜੇ ਅਫਸੋਸ ਦੀ ਦੁਖਦਾਇਕ ਗੱਲ ਹੈ ਅੰਗਰੇਜ਼ ਅਫਸਰ ਜੋ ਰਿਆਸਤ ਵਿਚ ਅਹੁਦਿਆਂ ਉੱਤੇ ਤਾਇਨਾਤ ਸਨ ਉਹ ਤਾਂ ਸਰਕਾਰ ਅੰਗਰੇਜ਼ੀ ਨਾਲ ਰਲ ਹੀ ਗਏ ਅਤੇ ਰਿਆਸਤ ਨਾਭਾ ਨਾਲ ਸੰਬੰਧਿਤ ਸਰਦਾਰਾਂ, ਸ਼ਾਹੂਕਾਰਾਂ, ਅਹਿਲਕਾਰਾਂ, ਜਿਨ੍ਹਾਂ ਨੇ ਨਾਭੇ ਵਿਚ ਰਾਜਭਾਗ ਮਾਣਿਆ ਅਤੇ ਹੁਕਮ-ਹਦਾਇਤਾਂ ਕਰਦੇ ਰਹੇ ਉਨ੍ਹਾਂ ਨੇ ਨਮਕਹਰਾਮੀ ਕੀਤੀ ਅਤੇ ਉਹ ਭੀ ਅੰਗਰੇਜ਼ ਸਰਕਾਰ ਪਾਸੋਂ ਹੋਰ ਉੱਚੇ ਅਹੁਦੇ/ਲਾਭ ਪ੍ਰਾਪਤ ਕਰਨ ਹਿੱਤ ਸਰਕਾਰ ਅੰਗਰੇਜ਼ੀ ਦੇ ਹੱਥ-ਠੋਕੇ ਬਣ ਗਏ ਅਤੇ ਮਹਾਰਾਜਾ ਨਾਭਾ ਨਾਲ ਬਹੁਤ ਵੱਡਾ ਧੋਖਾ/ਬੇਈਮਾਨੀ ਅਤੇ

ਬੇਵਫਾਈ ਕੀਤੀ। ਉਨ੍ਹਾਂ ਗ਼ੱਦਾਰ ਅਹਿਲਕਾਰਾਂ ਦੀ ਔਲਾਦ ਅੱਜ ਵੀ ਵੱਡੇ-ਵੱਡੇ ਅਹੁਦਿਆਂ ਉਤੇ ਤਾਇਨਾਤ ਹੈ ਅਤੇ ਉਨ੍ਹਾਂ ਨੇ ਅਰਬਾਂ/ਖਰਬਾਂ ਦੀਆਂ ਜਾਇਦਾਦਾਂ ਵੀ ਬਣਾ ਰੱਖੀਆਂ ਹਨ। ਅਸਲ ਵਿਚ ਅੰਗਰੇਜ਼ ਸਰਕਾਰ ਵਿਰੁੱਧ ਲੰਮੇ ਜੰਗ-ਏ-ਅਜ਼ਾਦੀ ਦੇ ਸੰਘਰਸ਼ ਦੌਰਾਨ ਭਾਵੇਂ ਗ਼ਦਰ ਪਾਰਟੀ, ਭਾਵੇਂ ਬੱਬਰ ਅਕਾਲੀ, ਭਾਵੇਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਦਿ ਦੌਰਾਨ ਅਜਿਹੇ ਹੀ ਅਨੇਕਾਂ ਟੋਡੀ/ਗ਼ੱਦਾਰਾਂ ਨੇ ਹਮੇਸ਼ਾਂ ਹੀ ਸਰਕਾਰ ਅੰਗਰੇਜ਼ੀ ਦਾ ਸਾਥ ਦਿੱਤਾ ਅਤੇ ਆਪਣੇ ਹੀ ਦੇਸ਼ ਅਤੇ ਦੇਸ਼-ਵਾਸੀ ਅਜ਼ਾਦੀ ਪਰਵਾਨਿਆਂ ਦਾ ਘਾਣ ਕਰਵਾਉਂਦੇ ਰਹੇ ਅਤੇ ਅੰਗਰੇਜ਼ ਪਾਸੋਂ ਵੱਡੇ ਖ਼ਿਤਾਬ, ਜਗੀਰਾਂ-ਜਾਇਦਾਦਾਂ, ਅਹੁਦੇ ਆਦਿ ਪ੍ਰਾਪਤ ਕਰਦੇ ਰਹੇ। (ਦੁਖ ਦੀ ਗੱਲ ਹੈ ਕਿ ਉਨ੍ਹਾਂ ਸੰਘਰਸ਼ੀ ਯੋਧਿਆਂ/ਸ਼ਹੀਦਾਂ ਦੇ ਪਰਵਾਰਾਂ ਨੂੰ ਦੇਸ਼ ਦੇ ਅਜ਼ਾਦ ਹੋਣ ਉਪਰੰਤ ਕਿਸੇ ਨੇ ਸਤਿਕਾਰ ਤਾਂ ਕੀ ਦੇਣਾ ਸੀ ਸਗੋਂ ਉਨ੍ਹਾਂ ਨੂੰ ਕਿਸੇ ਨੇ ਪੁੱਛਿਆ ਵੀ ਨਹੀਂ ਅਤੇ ਉਨ੍ਹਾਂ ਦੇ ਪਰਵਾਰ ਅੱਜ ਵੀ ਰੁਲ਼ ਰਹੇ ਹਨ। ਅੱਜ ਵੀ ਰਾਜਭਾਗ ਦਾ ਨਿੱਘ ਅੰਗਰੇਜ਼ ਦੇ ਪਿੱਠੂ ਲੋਕਾਂ ਦੇ ਪਰਵਾਰ ਹੀ ਮਾਣ ਰਹੇ ਹਨ।) ਸਰਕਾਰ ਨੂੰ ਛੇਤੀ ਹੀ ਨਾਭਾ ਤੇ ਪਟਿਆਲਾ ਰਾਜਾਂ ਦੇ ਆਪਸੀ ਵਿਰੋਧ ਤੋਂ ਮੌਕਾ ਮਿਲ ਗਿਆ। ਦੋਹਾਂ ਰਿਆਸਤਾਂ ਵਿਚਕਾਰ ਚੱਲ ਰਹੇ ਮਾਮੂਲੀ ਕੇਸ ਵਿਚ ਹਾਈਕੋਰਟ ਦੇ ਇਕ ਜੱਜ ਪਾਸੋਂ ਫੈਸਲਾ ਕਰਵਾ ਕੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਉਤਾਰਨ ਦਾ ਆਦੇਸ਼ ੭ ਜੁਲਾਈ, ੧੯੨੩ ਈ. ਨੂੰ ਚਿੱਠੀ ਰਾਹੀਂ ਭੇਜ ਦਿੱਤਾ ਗਿਆ। ਜਿਸ ਨੂੰ ਸਰਕਾਰ ਨੇ ਨਾਭਾ ਨਰੇਸ਼ ਨੂੰ ਗਦੀਓਂ ਲਾਹੁਣ ਦਾ ਫੌਰੀ ਕਾਰਨ ਬਣਾ ਲਿਆ। ਸੰਸਾਰ ਵਿਚ ਅਜਿਹੀ ਰਾਜਸੀ ਬੇਈਮਾਨੀ ਅਤੇ ਧੱਕੇਸ਼ਾਹੀ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ ਜਿਸ ਤਰ੍ਹਾਂ ਨਾਭੇ ਦੇ ਮਹਾਰਾਜੇ ਨਾਲ ਕੀਤਾ ਗਿਆ। ਇਕ ਅੰਗਰੇਜ਼ ਉੱਚ-ਅਧਿਕਾਰੀ ਨੇ ੯ ਜੁਲਾਈ, ੧੯੨੩ ਈ. ਨੂੰ ਆਪਣੇ ਨਾਲ ਫੌਜੀ ਟੁੱਕੜੀ ਲੈ ਕੇ ਕਿਲ੍ਹੇ ਦੇ ਦਰਵਾਜ਼ੇ ਉਤੇ ਤਾਇਨਾਤ ਪਹਿਰੇਦਾਰ ਨੂੰ ਜਬਰੀ ਖਦੇੜ ਦਿੱਤਾ ਅਤੇ ਨਾਭਾ ਨਰੇਸ਼ ਨੂੰ ਉਸ ਦੇ ਕਿਲ੍ਹੇ ਵਿੱਚੋਂ ਧੱਕੇ ਨਾਲ ਧੂਹ ਕੇ ਆਪਣੀ ਗੱਡੀ ਵਿਚ ਸੁੱਟ ਲਿਆ ਅਤੇ ਉੱਥੋਂ ਡੇਹਰਾਦੂਨ ਵਿਖੇ ਪਹੁੰਚਾ ਕੇ ਜਲਾਵਤਨ ਕਰ ਕੇ ਰਾਜਸੀ ਕੈਦੀ ਬਣਾ ਕੇ ਮਹਾਰਾਜੇ ਉੱਤੇ ਸਖਤ ਪਾਬੰਦੀਆਂ ਲਗਾ ਦਿੱਤੀਆਂ ਅਤੇ ਉਸ ਨੂੰ ਗੁਜ਼ਾਰੇ ਲਈ ਥੋੜੀ ਜਿਹੀ ਰਕਮ ਨੀਯਤ ਕਰ ਦਿਤੀ। ਇਸ ਤੋਂ ਵੱਡੀ ਸ਼ਰਮਨਾਕ ਬਾਤ ਹੋਰ ਹੋ ਹੀ ਨਹੀਂ ਸਕਦੀ ਕਿ ੧੫-੨੦ ਅੰਗਰੇਜ਼ ਗੁੰਡੇ ਅਧਿਕਾਰੀਆਂ ਨੇ ਕਿਲ੍ਹੇ ਅੰਦਰ ਸਥਿਤ 'ਜਨਾਨਾਖਾਨਾ' ਵਿਚ ਦਾਖ਼ਲ ਹੋ ਕੇ ਮਹਾਰਾਣੀ ਸਾਹਿਬਾ ਅਤੇ ਹੋਰ ਰਾਣੀਆਂ ਨੂੰ ਬੜੀ ਢੀਠਤਾ, ਬੜੀ ਬੇਹਯਾਈ ਅਤੇ ਬੇਸ਼ਰਮੀ ਨਾਲ ਬੰਦੀ ਬਣਾ ਲਿਆ। ਤਕਰੀਬਨ ਇਕ ਹਫਤਾ ਉਨ੍ਹਾਂ ਨੂੰ ਅੰਦਰ ਹੀ ਬੰਦ ਕਰ ਦਿੱਤਾ ਅਤੇ ਅਧਿਕਾਰੀ ਵੀ ਉਨ੍ਹਾਂ ਨਾਲ ਹੀ ਅੰਦਰ ਰਹਿ ਕੇ ਉਨ੍ਹਾਂ ਨਾਲ ਬਦਇਖ਼ਲਾਕੀ ਕਰਦੇ ਰਹੇ। ਇਹ ਦੁਖਦਾਇਕ ਅਤੇ ਹਿਰਦੇ-ਵੇਦਕ ਖ਼ਬਰ ਖਾਲਸਾ ਪੰਥ ਅੰਦਰ ਅੱਗ ਵਾਂਗ ਫੈਲ ਗਈ ਅਤੇ ਪੰਥ ਅੰਦਰ ਕਰੋਧ ਦੀ ਜਵਾਲਾ ਫੁੱਟ ਪਈ। *ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥* ਅਨੁਸਾਰ ਸਮੁੱਚੇ ਖ਼ਾਲਸਾ ਪੰਥ ਅੰਦਰ ਗੁੱਸੇ ਦੀ ਲਹਿਰ ਦੌੜ ਗਈ।

੫ ਅਗਸਤ, ੧੯੨੩ ਈ. ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ

ਕਮੇਟੀ ਦੀ ਜਰਨਲ ਇਕਤੱਰਤਾ ਵਿਚ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ ਫੈਸਲਾ ਹੋਇਆ ਕਿ ੯ ਸਤੰਬਰ ਨੂੰ ਮਹਾਰਾਜੇ ਨਾਲ ਇੱਕਜੁਟਤਾ ਵਿਖਾਉਣ ਲਈ ਸਭ ਥਾਈਂ ਰੋਸ ਵਜੋਂ ਨਾਭਾ ਦਿਵਸ (Nabha Day) ਮਨਾਇਆ ਜਾਵੇ। ਸਮੂਹ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਕਿ ਉਸ ਦਿਨ ਸ਼ਾਂਤਮਈ ਢੰਗ ਨਾਲ ਰੋਸ/ਜਲੂਸ ਕੱਢੇ ਜਾਣ। ਦੀਵਾਨ ਸਜਾ ਕੇ ਰੋਸ ਮਤੇ ਪਾਸ ਕੀਤੇ ਜਾਣ ਅਤੇ ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫ਼ੀ ਨੂੰ ਦੂਰ ਕਰਵਾਉਣ ਲਈ ਅਰਦਾਸੇ ਸੋਧੇ ਜਾਣ ਅਤੇ ਸਰਕਾਰ-ਅੰਗਰੇਜ਼ੀ ਦੇ ਬੇਹਯਾਈ ਅਤੇ ਬੇਸ਼ਰਮੀ ਦੇ ਨੀਚ ਕਰਮ ਦੀ ਨਖੇਧੀ ਕੀਤੀ ਜਾਵੇ। ੨੫, ੨੬ ਅਤੇ ੨੭ ਅਗਸਤ ਨੂੰ ਇਲਾਕੇ ਦੀ ਸੰਗਤ ਵੱਲੋਂ ਗੁਰਦੁਆਰਾ ਗੰਗਸਰ ਜੈਤੋ ਵਿਖੇ ਦੀਵਾਨ ਸਜਾਇਆ ਗਿਆ, ਜਿਸ ਵਿਚ ਮਹਾਰਾਜੇ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ੨੭ ਅਗਸਤ ਨੂੰ ਭਰੇ ਦੀਵਾਨ ਵਿੱਚੋਂ ਅੰਗਰੇਜ਼ ਦੀ ਜਾਬਰ ਪੁਲਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜੇ ਗਿਆਨੀ ਇੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਕੁਝ ਹੋਰ ਕਾਰਕੁੰਨ ਵੀ ਫੜ ਲਏ ਗਏ। ਜਿਸ ’ਤੇ ਸੰਗਤ ਨੇ ਫੈਸਲਾ ਕੀਤਾ ਕਿ ਇਹ ਦੀਵਾਨ ਜੋ ਪਹਿਲੇ ਪ੍ਰੋਗਰਾਮ ਅਨੁਸਾਰ ੨੭ ਤਾਰੀਖ ਨੂੰ ਸਮਾਪਤ ਹੋ ਜਾਣਾ ਸੀ, ਤਦ ਤਕ ਜਾਰੀ ਰੱਖਿਆ ਜਾਵੇ ਜਦ ਤਾਈਂ ਹਕੂਮਤ ਇਸ ਵਿਚ ਦਖ਼ਲ ਦੇਣ ਤੋਂ ਨਹੀਂ ਹਟਦੀ।

੯ ਸਤੰਬਰ ਨੂੰ ਪੰਜਾਬ ਭਰ ਤੋਂ ਸਿੱਖ ਰਿਆਸਤਾਂ ਦੇ ਲਗਪਗ ਸਾਰੇ ਸ਼ਹਿਰਾਂ ਵਿਚ ਸਿੱਖ ਸੰਗਤ ਵੱਲੋਂ ਰਿਆਸਤੀ ਰਾਜਿਆਂ ਦੇ ਅੰਗਰੇਜ਼-ਪੱਖੀ ਹੁਕਮਾਂ ਦੀ ਪਰਵਾਹ ਨਾ ਕਰਦੇ ਹੋਏ ਰੋਸ ਜਲੂਸ ਕੱਢੇ ਗਏ ਅਤੇ ਦੀਵਾਨ ਸਜਾ ਕੇ ਮਤੇ ਪਾਸ ਕੀਤੇ ਗਏ ਅਤੇ ਅਰਦਾਸੇ ਸੋਧੇ ਗਏ। ਜੈਤੋ ਮੰਡੀ ਵਿਚ ਵੀ ਰੋਸ ਜਲੂਸ ਨਿਕਲਿਆ, ਗੁਰਦੁਆਰਾ ਗੰਗਸਰ ਵਿਖੇ ਦੀਵਾਨ ਸਜਿਆ ਅਤੇ ਅਖੰਡ ਪਾਠਾਂ ਦਾ ਅਰੰਭ ਕੀਤਾ ਗਿਆ। ਅੰਗਰੇਜ਼ ਸਰਕਾਰ ਵੱਲੋਂ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਸੰਬੰਧੀ ਕਿਸੇ ਵਿਚਾਰ, ਤਕਰੀਰ ਜਾਂ ਮਤਾ ਪਾਸ ਕਰਨ ਦੀ ਆਗਿਆ ਨਹੀਂ ਸੀ। ੯ ਸਤੰਬਰ ਵਾਲੇ ਜਲੂਸ ਵਿਚ ਸ਼ਾਮਲ ਅਕਾਲੀ ਗ੍ਰਿਫਤਾਰ ਕੀਤੇ ਜਾ ਚੁੱਕੇ ਸਨ। ੧੪ ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਦੇ ਅੰਦਰ ਦੀਵਾਨ ਸਜਿਆ ਹੋਇਆ ਸੀ ਅਤੇ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਰਵਣ ਕਰ ਰਹੀ ਸੀ, ਤਾਂ ਇਕ ਹਥਿਆਰਬੰਦ ਬਾਵਰਦੀ ਸਿਪਾਹੀਆਂ ਦਾ ਦਸਤਾ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋਇਆ ਅਤੇ ਸਾਰੀ ਸੰਗਤ ਨੂੰ ਗ੍ਰਿਫਤਾਰ ਕਰ ਲਿਆ। ਬਲਕਿ ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਬੈਠਾ ਅਖੰਡ ਪਾਠ ਕਰ ਰਿਹਾ ਸੀ, ਉਸ ਨੂੰ ਵੀ ਬਾਹੋਂ ਫੜ ਕੇ ਘਸੀਟ ਕੇ ਫੜ ਲਿਆ ਗਿਆ ਅਤੇ ਇਸ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਵੀ ਖੰਡਿਤ ਕਰ ਦਿੱਤਾ ਗਿਆ।

ਸਿੱਖਾਂ ਲਈ ਸ੍ਰੀ ਅਖੰਡ ਪਾਠ ਸਾਹਿਬ ਖੰਡਿਤ ਕੀਤੇ ਜਾਣਾ ਸਿੱਖੀ ਮਰਯਾਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵੱਡੀ ਬੇਅਦਬੀ ਸੀ ਜੋ ਖ਼ਾਲਸਾ ਪੰਥ ਲਈ ਸਹਿਣਯੋਗ ਨਹੀਂ

ਸੀ। ਜਿਸ ਦੀ ਚਰਚਾ ਜੰਗਲ ਦੀ ਅੱਗ ਵਾਂਗ ਸਾਰੇ ਫੈਲ ਗਈ। ਸਮੂਹ ਸਿੱਖਾਂ ਅੰਦਰ ਰੋਸ ਅਤੇ ਗੁੱਸੇ ਦੀ ਲਹਿਰ ਭੜਕ ਉਠੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਬਾਕਾਇਦਾ ਮੋਰਚਾ ਚਾਲੂ ਹੋ ਗਿਆ। ਇਸ ਮੋਰਚੇ ਦਾ ਨਿਸ਼ਾਨਾ ਖੰਡਿਤ ਸ੍ਰੀ ਅਖੰਡ ਪਾਠ ਸਾਹਿਬ ਨੂੰ ਮੁੜ ਚਾਲੂ ਕਰਨਾ ਸੀ ਅਤੇ ਨਾਭਾ ਨਰੇਸ਼ ਨੂੰ ਗੱਦੀ ਉੱਤੇ ਬਹਾਲ ਕਰਾਉਣਾ ਸੀ। ਜਿਸ ਲਈ ਏਥੇ ੧੦੧ ਅਖੰਡ ਪਾਠਾਂ ਦੇ ਲਗਾਤਾਰ ਕੀਤੇ ਜਾਣ ਦਾ ਫੈਸਲਾ ਕਰ ਕੇ ਸਿੰਘਾਂ ਦੇ ਜਥਿਆਂ ਦਾ ਰੋਜ਼ਾਨਾ ਗੁਰਦੁਆਰਾ ਗੰਗਸਰ ਭੇਜਣਾ ਅਰੰਭ ਹੋ ਗਿਆ। ਪਹਿਲਾ ਜਥਾ ੧੫ ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਪੈਦਲ ਰਵਾਨਾ ਹੋਇਆ। ਇਸ ਤੋਂ ਪਹਿਲੇ ਲੱਗੇ ਮੋਰਚੇ ਦੌਰਾਨ ਖਾਲਸਾ ਪੰਥ ਦੇ ਹੁਕਮ ਅਨੁਸਾਰ ਗੁਰੂ ਕੇ ਬਾਗ਼ ਨੂੰ ਜਾਂਦੇ ਜਥਿਆਂ ਵਾਂਗ ਮਨ ਬਚਨ ਕਰਮ ਕਰਕੇ ਸਰਕਾਰੀ ਜ਼ਬਰ, ਜ਼ੁਲਮ ਅਤੇ ਧੱਕੇ ਦੇ ਬਾਵਜੂਦ ਅਹਿੰਸਕ ਅਤੇ ਸ਼ਾਂਤ ਚਿੱਤ ਰਹਿਣ ਦਾ ਪ੍ਰਣ ਕੀਤਾ ਸੀ ਉਸੇ ਤਰ੍ਹਾਂ ਖਾਲਸਾ ਪੰਥ ਦੇ ਹੁਕਮ ਅਨੁਸਾਰ ਬਿਲਕੁਲ ਸ਼ਾਂਤਚਿਤ ਰਹਿੰਦਿਆਂ ਅਤੇ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦਿਆਂ ਇਹ ਜਥਾ ਰਵਾਂ-ਰਵੀਂ ਪੈਦਲ ਚਲਦਾ ਹੋਇਆ ਨੀਯਤ ਦਿਨ ਤੇ ਜੈਤੋ ਪੁੱਜਾ ਪਰ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਹੀ ਫੜ ਲਿਆ ਗਿਆ। ਇਕ ਜਥਾ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਤੋਂ ਤੁਰਦਾ ਅਤੇ ਜੈਤੋ ਜਾ ਕੇ ਗ੍ਰਿਫ਼ਤਾਰ ਹੋ ਜਾਂਦਾ। ਇਸ ਤਰ੍ਹਾਂ ਗ੍ਰਿਫਤਾਰ ਕੀਤੇ ਹਰ ਜਥੇ ਨੂੰ ਦੋ-ਤਿੰਨ ਦਿਨ ਸਧਾਰਨ ਵਲਗਣਾ ਅੰਦਰ ਰੱਖਿਆ ਜਾਂਦਾ ਜਿੱਥੇ ਇਹ ਕਈ ਵਾਰ ਦੋ ਦੋ ਦਿਨ ਭੁਖੇ ਹੀ ਰੱਖੇ ਜਾਂਦੇ। ਕਈਆਂ ਦੀ ਮਾਰ-ਕੁਟਾਈ ਵੀ ਕੀਤੀ ਜਾਂਦੀ। ਫਿਰ ਗੱਡੀ ਵਿਚ ਬਿਠਾ ਕੇ ਨਾਭਾ ਜ਼ੇਲ੍ਹ ਪਹੁੰਚਾਇਆ ਜਾਂਦਾ ਜਾਂ ਰੀਵਾੜੀ ਤੋਂ ਅੱਗੇ ਬਾਵਲ ਦੇ ਇਲਾਕੇ ਵਿਚ ਲੈ ਜਾ ਕੇ ਬਿਨਾਂ ਖਰਚ ਅਤੇ ਖੁਰਾਕ ਛੱਡ ਦਿੱਤਾ ਜਾਂਦਾ ਸੀ। ਜਿੱਥੋਂ ੩੦੦ ਮੀਲ ਪੈਦਲ ਸਫਰ ਤੁਰ ਕੇ ਸਿੰਘ ਮੁੜ ਸਿੱਧੇ ਸ੍ਰੀ ਅੰਮ੍ਰਿਤਸਰ ਜਾ ਕੇ ਜਥਿਆਂ ਵਿਚ ਸ਼ਾਮਲ ਹੋ ਜਾਂਦੇ। ਦੁਨੀਆ ਦੇ ਇਤਿਹਾਸ ਵਿਚ ਅਜਿਹਾ ਸ਼ਾਨਾਂਮੱਤਾ ਕੁਰਬਾਨੀਆਂ ਵਾਲਾ ਕਾਰਜ ਆਪਣੇ ਸਤਿਗੁਰੂ ਪ੍ਰਤੀ ਅਟੁੱਟ ਵਿਸ਼ਵਾਸ, ਸਿਦਕ, ਸਿਰੜ, ਭਰੋਸਾ ਕੇਵਲ ਤੇ ਕੇਵਲ ਸਿੱਖ ਕੌਮ ਵੱਲੋਂ ਕੀਤਾ ਗਿਆ ਹੈ। ੨੯ ਸਤੰਬਰ, ੧੯੨੩ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਭਾ ਅਧਿਕਾਰੀਆਂ ਵੱਲੋਂ ੧੪ ਸਤੰਬਰ ਨੂੰ ਗੁਰਦੁਆਰਾ ਗੰਗਸਰ ਸਾਹਿਬ ਅੰਦਰ ਅਖੰਡ ਪਾਠ ਨੂੰ ਖੰਡਿਤ ਕਰਨ ਦੀ ਕਾਰਵਾਈ ਅਤੇ ਅਕਾਲੀਆਂ ਨਾਲ ਕੀਤੇ ਜਾ ਰਹੇ ਨਿੰਦਣਯੋਗ ਅਤੇ ਮੰਦੇ ਵਰਤਾਉ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਭਾਰਤ ਸਰਕਾਰ ਦਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਅੰਦਰ ਅਜਿਹੇ ਦਖ਼ਲ ਨੂੰ ਕਦਾਚਿਤ ਕਦਾਚਿਤ ਹੀ ਸਹਿਣ ਨਾ ਕਰਨ ਦਾ ਮਤਾ ਪਾਸ ਕੀਤਾ।

**ਚਲਦਾ...**

# ਉਦਮੁ ਕਰੇਦਿਆ ਜੀਉ ਤੂੰ . . .

*-ਡਾ. ਸ਼ਿਆਮ ਸੁੰਦਰ ਦੀਪਤੀ**

ਸ੍ਰਿਸ਼ਟੀ ਵਿਚ ਜਿੰਨੇ ਵੀ ਜੀਵ ਪੈਦਾ ਹੋਏ ਹਨ ਉਨ੍ਹਾਂ ਸਭ ਨੂੰ ਜਿਊਣ ਲਈ ਉੱਦਮ ਕਰਨਾ ਪੈਂਦਾ ਹੈ। ਜਿੰਨਾ ਮਰਜ਼ੀ ਕੋਈ ਬੇਬੱਸ-ਲਚਾਰ ਹੋਵੇ, ਘੱਟੋ-ਘੱਟ ਰੋਟੀ ਖਾਣ ਲਈ, ਮੂੰਹ ਵਿਚ ਕੁਝ ਪਾਉਣ ਲਈ, ਮੂੰਹ ਹਿਲਾਉਣ ਲਈ ਉੱਦਮ ਤਾਂ ਕਰਨਾ ਹੀ ਪੈਂਦਾ ਹੈ। ਇਹ ਗੱਲ ਵੱਖਰੀ ਹੈ ਕਿ ਅਜੋਕੇ, ਆਧੁਨਿਕ ਮੈਡੀਕਲ ਵਿਗਿਆਨ ਨਾਲ ਸੂਈਆਂ ਅਤੇ ਨਾਲੀਆਂ ਰਾਹੀਂ ਕੁਝ ਦਵਾਈਆਂ ਅਤੇ ਖਾਣ ਦਾ ਸਾਮਾਨ ਸਰੀਰ ਵਿਚ ਭੇਜਣ ਦਾ ਉਪਰਾਲਾ ਕੀਤਾ ਜਾਂਦਾ ਹੈ। ਦੂਜੇ ਪਾਸੇ ਸਰੀਰ ਵਿਚ ਜਾ ਕੇ ਵੀ ਇਕ ਜਿਊਂਦੇ ਜਾਗਦੇ ਵਿਅਕਤੀ ਨੂੰ ਇਹ ਖਾਦ-ਪਦਾਰਥ ਹਜ਼ਮ ਕਰਨ ਲਈ ਸਰੀਰ ਦੇ ਸੂਖਮ ਪੱਧਰ 'ਤੇ ਉੱਦਮ ਕਰਨਾ ਹੀ ਪੈਂਦਾ ਹੈ। ਅਸੀ ਸਾਰੇ ਹੀ ਜਿਊਂਦੇ ਹਾਂ ਤੇ ਜਿਊਣ ਦਾ ਵਰਤਾਰਾ ਕੁਦਰਤੀ ਹੈ। ਜਿਊਂਦੇ ਵਿਅਕਤੀ ਨੂੰ ਪਰਖਣ ਲਈ ਕੁਦਰਤ ਨੇ ਦੋ ਮੁੱਖ ਕਿਰਿਆਵਾਂ ਪ੍ਰਦਾਨ ਕੀਤੀਆਂ ਹਨ। ਸਾਹ ਅਤੇ ਦਿਲ ਦੀ ਧੜਕਣ ਨੂੰ ਚਲਦੇ ਰੱਖਣਾ। ਇਹ ਦੋਵੇਂ ਕਿਰਿਆਵਾਂ ਹਰ ਵਕਤ, ਚੌਵੀ ਘੰਟੇ ਬਿਨਾਂ ਕਿਸੇ ਰੁਕਾਵਟ ਦੇ ਚਲਦੀਆਂ ਰਹਿੰਦੀਆਂ ਹਨ। ਇਹ ਉੱਦਮ ਕੁਦਰਤ ਵੱਲੋਂ ਆਪ-ਮੁਹਾਰੇ ਬਣਾਇਆ ਗਿਆ ਅਤੇ ਲਗਾਤਾਰ ਜਾਰੀ ਰਹਿੰਦਾ ਹੈ।

ਇਸ ਉੱਦਮ ਲਈ ਚਾਹੇ ਉਹ ਖਾਣਾ ਹੈ ਜਾਂ ਕੁਝ ਪਚਾਣਾ ਹੈ, ਸਰੀਰ ਨੂੰ ਊਰਜਾ ਦੀ ਲੋੜ ਪੈਂਦੀ ਹੈ, ਜਿਸਨੂੰ ਵਿਗਿਆਨਕ ਭਾਸ਼ਾ ਵਿਚ ਕੈਲਰੀਜ਼ ਕਹਿੰਦੇ ਹਨ। ਇਹ ਊਰਜਾ ਵੀ ਸਾਨੂੰ ਕੁਦਰਤੀ ਸਰੋਤਾਂ/ਖਾਦ ਪਦਾਰਥਾਂ ਤੋਂ ਮਿਲਦੀ ਹੈ। ਹਰੇਕ ਕੁਦਰਤੀ ਪਦਾਰਥ ਵਿਚ ਊਰਜਾ (ਕੈਲਰੀਜ਼) ਮੌਜੂਦ ਹੁੰਦੀ ਹੈ। ਇਸ ਦਾ ਸਭ ਤੋਂ ਵੱਡਾ ਸਰੋਤ ਰੋਜ਼ਾਨਾ ਵਰਤਿਆ ਜਾਣ ਵਾਲਾ ਅਨਾਜ ਹੈ।

ਜਦੋਂ ਅਸੀਂ 'ਉਦਮੁ ਕਰੇਦਿਆ ਜੀਉ' ਦੀ ਗੱਲ ਕਰਦੇ ਹਾਂ ਤਾਂ ਅਨਾਜ ਪੈਦਾ ਕਰਨ ਲਈ ਵੀ ਮਿਹਨਤ ਮੁਸ਼ੱਕਤ ਕਰਨੀ ਪੈਂਦੀ ਹੈ। ਕਹਿਣ ਦਾ ਮਤਲਬ ਉੱਦਮ ਜ਼ਿੰਦਗੀ ਦਾ ਸਾਰ ਹੈ ਜਿਸ ਤੋਂ ਬਗ਼ੈਰ ਅਸੀਂ ਜਿਊਣ ਦੇ ਬਾਰੇ ਸੋਚ ਵੀ ਨਹੀਂ ਸਕਦੇ।

ਵੱਡੇ ਪੱਧਰ 'ਤੇ ਇਸ ਉੱਦਮ ਤੇ ਸਰੀਰਕ ਪੱਧਰ 'ਤੇ ਹਿਲਜੁਲ ਜਿੱਥੇ ਜਿਊਣ ਦੀ ਗੱਲ ਆਉਂਦੀ ਹੈ, ਉੱਥੇ ਸਿਹਤਮੰਦ ਜਿਊਣਾ ਵੀ ਇਕ ਅਹਿਮ ਲੋੜ ਹੈ। ਅਸੀਂ ਦੇਖਦੇ ਹਾਂ ਉਮਰ ਦੇ ਨਾਲ ਬਜ਼ੁਰਗਾਂ ਦੇ ਗੋਡੇ, ਮੋਢੇ ਅਤੇ ਸਰੀਰ ਦੇ ਹੋਰ ਜੋੜ ਜਾਂ ਤਾਂ ਖਲੋ ਜਾਂਦੇ ਹਨ ਜਾਂ ਦਰਦ ਕਰਨ ਲੱਗ ਪੈਂਦੇ ਹਨ। ਅਜੋਕੇ ਰਹਿਣ-ਸਹਿਣ ਦੇ ਸੁਭਾਅ ਮੁਤਾਬਿਕ ਅੱਜ ਅਧੇੜ ਉਮਰ ਵਿਚ ਹੀ ਪਿੱਠ, ਗਰਦਨ ਆਦਿ ਦਰਦ ਦੀ ਸ਼ਿਕਾਇਤ ਕਾਫ਼ੀ ਵਧ ਗਈ ਹੈ। ਜੋੜਾਂ ਦਾ

**੯੭-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ: +੯੧੯੮੧੫੮-੦੮੫੦੬*

ਜੁੜਨਾ ਆਮ ਹੁੰਦਾ ਜਾ ਰਿਹਾ ਹੈ ਜਿਸ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੀ ਜ਼ਿੰਦਗੀ ਵਿਚ ਉੱਦਮ ਕਰਨਾ ਘਟਾ ਦਿੱਤਾ ਹੈ ਜਾਂ ਬੰਦ ਹੀ ਕਰ ਦਿੱਤਾ ਹੈ। ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ 'ਤੇ ਝਾਤੀ ਮਾਰ ਕੇ ਦੇਖੀਏ, ਅਸੀਂ ਰਿਮੋਟ ਕੰਟਰੋਲ ਵਾਲੀ ਜ਼ਿੰਦਗੀ ਜਿਊਣ ਦੇ ਆਦੀ ਹੋ ਗਏ ਹਾਂ ਜਾਂ ਕਹੀਏ ਕਿ ਉੱਦਮ, ਹੱਥੀਂ ਕੰਮ ਨਾ ਕਰਨ ਵਾਲੇ ਕਾਰਜ ਨੂੰ ਅਸੀਂ ਵਧੀਆ ਸਮਝਦੇ ਹਾਂ ਤੇ ਆਪਣੇ ਰੁਤਬੇ ਨਾਲ ਜੋੜਦੇ ਹਾਂ।

ਜੇਕਰ ਜ਼ਿੰਦਗੀ ਨੂੰ ਆਧੁਨਿਕ ਪਰਿਪੇਖ ਵਿਚ ਦੇਖੀਏ ਤਾਂ ਰਸੋਈ ਤੋਂ ਲੈ ਕੇ ਕਿਸੇ ਵੀ ਮਾਲ ਜਾਂ ਦੁਕਾਨ ਦੀਆਂ ਪੌੜੀਆਂ ਦੀ ਥਾਂ 'ਤੇ ਲਿਫਟ/ਐਕਸੀਲੇਟਰ ਵਰਤਣ ਨੂੰ ਤਰਜੀਹ ਦਿੰਦੇ ਹਾਂ। ਹੌਲੀ-ਹੌਲੀ ਘਰਾਂ ਅਤੇ ਦੁਕਾਨਾਂ ਦੇ ਦਰਵਾਜ਼ੇ ਵੀ ਆਪ ਖੁੱਲਣ-ਬੰਦ ਹੋਣ ਲੱਗੇ ਹਨ ਤੇ ਇਸ ਤਰ੍ਹਾਂ ਕਰਦੇ ਹੋਏ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ ਤੇ ਅਚੇਤ ਰੂਪ ਵਿਚ ਸਾਨੂੰ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਕੁਦਰਤ ਵੱਲੋਂ ਮਿਲੇ ਹੱਥ, ਪੈਰ ਜਾਂ ਛੋਟੇ ਤੋਂ ਛੋਟੇ ਹੱਥਾਂ, ਪੈਰਾਂ ਦੀਆਂ ਉਂਗਲਾਂ ਦੇ ਜੋੜ ਇਸਤੇਮਾਲ ਨਾ ਕਰ ਕੇ ਅਸੀਂ ਉਨ੍ਹਾਂ ਨੂੰ ਜੰਗ ਲਗਵਾ ਰਹੇ ਹਾਂ ਜੋ ਫਿਰ ਮੈਡੀਕਲ ਦੇ ਨਾਂ 'ਤੇ ਸਰਵਾਈਕਲ ਜਾਂ ਮੋਢੇ ਦੇ ਫਾਈਫਰੋਸ਼ਿਸ (ਜੁੜਨਾ) ਦੇ ਰੂਪ ਵਿਚ ਹਸਪਤਾਲਾਂ ਦੇ ਗੇੜੇ ਲਾਉਣ ਵੱਲ ਧੱਕ ਰਹੇ ਹੁੰਦੇ ਹਾਂ।

ਗੁਰਬਾਣੀ ਦੇ ਇਸ ਵਾਕ ਦਾ ਦੂਸਰਾ ਹਿੱਸਾ ਹੈ, 'ਸੁਖ ਭੁੰਚੁ' ਜਾਂ ਇਕ ਹੋਰ ਵਾਕ ਹੈ 'ਸੋਈ ਕੰਮ ਕਮਾਇ ਜਿਤੁ ਮੁਖੁ ਉਜਲਾ'। ਅਸੀਂ ਮਨੁੱਖ ਦੇ ਸਰੀਰਕ ਪੱਖ ਦੀ ਗੱਲ ਕੀਤੀ ਹੈ, ਜਦੋਂ ਕਿ ਮਨੁੱਖ ਦਾ ਮਾਨਸਿਕ ਪੱਖ ਵੀ ਓਨਾ ਹੀ ਅਤਿ ਮਹੱਤਵਪੂਰਨ ਹੈ ਕਿ ਵਿਅਕਤੀ ਨੂੰ ਉਹ ਕਾਰਜ ਕਰਨਾ ਚਾਹੀਦਾ ਹੈ ਜੋ ਸਰੀਰਕ ਸੁਖ ਵੀ ਦੇਣ ਤੇ ਮਾਨਸਿਕ ਸੰਤੁਸ਼ਟੀ ਅਤੇ ਖੁਸ਼ੀ ਵੀ, ਕਹਿਣ ਤੋਂ ਭਾਵ ਜਦੋਂ ਖੁਸ਼ੀ ਹੁੰਦੀ ਹੈ ਤਾਂ ਉਹ ਚਿਹਰੇ 'ਤੇ ਝਲਕਦੀ ਹੈ ਸਾਡਾ ਮੁਖ ਚਮਕ ਨਾਲ ਉਜਲਿਆ ਜਾਪਦਾ ਹੈ।

ਕਹਿਣ ਤੋਂ ਭਾਵ ਹੈ ਕਿ ਅਸੀਂ ਉੱਦਮ ਤਾਂ ਕਰਨਾ ਹੈ, ਉਸ ਦੀ ਲੋੜ ਹੈ, ਉਹ ਜੀਵਨ ਦੀ ਨਿਸ਼ਾਨੀ ਹੈ ਤਾਂ ਆਪਣਾ ਕੰਮ ਕਰਦਿਆਂ, ਸੋਚੀਏ ਤੇ ਵੀਚਾਰੀਏ ਕਿ ਉਸ ਕੰਮ ਨਾਲ ਸਾਨੂੰ ਸੰਤੁਸ਼ਟੀ ਅਤੇ ਖੁਸ਼ੀ ਮਿਲਦੀ ਹੈ ਜਾਂ ਨਹੀਂ। ਅੱਜ ਜਦੋਂ (Holistic Health) ਦੀ ਗੱਲ ਹੋ, ਰਹੀ ਹੈ, ਮਤਲਬ ਮੁਕੰਮਲ ਸਿਹਤ ਦੀ ਤਾਂ ਭਾਵ ਇਹ ਹੈ ਕਿ ਉਹ ਸਿਰਫ ਸਰੀਰਕ ਨਾ ਹੋਵੇ, ਸਗੋਂ ਸਰੀਰਕ ਅਤੇ ਮਾਨਸਿਕ ਹੋਵੇ, ਜਦੋਂ ਕਿ ਕਈ ਵਿਗਿਆਨੀ ਇਸ ਤੋਂ ਅੱਗੇ ਆਤਮਕ ਸਿਹਤ ਦੀ ਗੱਲ ਕਰ ਰਹੇ ਹਨ।

ਆਧੁਨਿਕ ਸਿਹਤ ਵਿਗਿਆਨ, ਸਰੀਰ ਦੇ ਨਾਲ ਮਨ ਦੀ ਵੀ ਗੱਲ ਕਰ ਰਿਹਾ ਹੈ ਤੇ ਮਾਨਸਿਕ ਵਿਕਾਰਾਂ ਦੇ ਮਾਹਿਰ ਵੀ ਆ ਗਏ ਹਨ, ਹਾਲਾਂਕਿ ਸਿਹਤ ਦਾ ਇਕ ਹੋਰ ਅਹਿਮ ਪੱਖ ਸਮਾਜਿਕ ਸਿਹਤ ਵੀ ਵਿਚਾਰਨ ਦੀ ਮੰਗ ਕਰਦਾ ਹੈ। ਇਸ ਦੇ ਤਹਿਤ ਮਨੁੱਖੀ ਰਿਸ਼ਤਿਆਂ ਦੀ ਬਦਲ ਰਹੀ ਤਸਵੀਰ ਅਤੇ ਆਪਸੀ ਪ੍ਰੇਮ-ਪਿਆਰ ਦਾ ਜਿਸ ਤਰ੍ਹਾਂ ਰੂਪ ਬਦਲ ਰਿਹਾ ਹੈ ਉਹ ਵੀ ਮਨੁੱਖੀ ਸਿਹਤ ਨੂੰ ਲੈ ਕੇ ਸਵਾਲਾਂ ਦੇ ਘੇਰੇ ਵਿਚ ਆ ਰਿਹਾ ਹੈ। ਇਹ ਰਿਸ਼ਤੇ ਵੀ, ਆਪਸੀ ਮੇਲ-ਮਿਲਾਪ ਵੀ ਜ਼ਿੰਦਗੀ ਵਿਚ ਸੁੱਖ ਅਤੇ ਖੁਸ਼ੀ ਦਾ

ਕਾਰਨ ਨਾ ਬਣ ਕੇ ਸਗੋਂ ਪ੍ਰੇਸ਼ਾਨੀ ਦਾ ਸਬੱਬ ਬਣੇ ਹੋਏ ਹਨ।

ਜੇਕਰ ਇਨ੍ਹਾਂ ਸਾਰੇ ਪੱਖਾਂ ਨੂੰ ਚੰਦ ਕੁ ਸ਼ਬਦਾਂ ਵਿਚ ਸਮੇਟਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਰਹਿਣ-ਸਹਿਣ, ਖਾਣ-ਪੀਣ, ਉਠਣ-ਬੈਠਣ, ਮੇਲ-ਮਿਲਾਪ ਆਦਿ ਸਾਰੇ ਹੀ ਪੱਖ ਕੁਦਰਤ ਦੀ ਲੋੜ ਦੇ ਅਨੁਕੂਲ ਨਹੀਂ ਹਨ ਅਤੇ ਸਾਨੂੰ ਇਕ ਵਾਰ ਫਿਰ ਤੋਂ ਵਿਚਾਰ ਕਰਨ ਦੀ ਲੋੜ ਹੈ ਕਿ ਅਸੀਂ ਕੁਦਰਤ ਨਾਲ ਜੁੜੀਏ ਤੇ ਕੁਦਰਤ ਦੀ ਚਾਲ-ਢਾਲ ਦੇ ਮੁਤਾਬਿਕ ਖ਼ੁਦ ਨੂੰ ਢਾਲੀਏ ਨਾ ਕਿ ਕੁਦਰਤ ਨੂੰ ਛੇੜੀਏ ਤੇ ਆਪਣੀ ਸੁੱਖ-ਸਹੂਲਤ ਦੇ ਮੁਤਾਬਿਕ ਬਣਾਉਣ ਦੀ ਕੋਸ਼ਿਸ਼ ਕਰੀਏ। ■

ਕਵਿਤਾ

# (ਬੰਦੀ ਸਿੰਘਾਂ ਨੂੰ ਰਿਹਾਅ ਕਰੋ)

*-ਸ. ਹਰਪ੍ਰੀਤ ਸਿੰਘ ਪੱਤੋ**

*ਕਾਉਣ ਵੇਲੇ ਹੋਏ ਸਜ਼ਾਵਾਂ ਪੂਰੀਆਂ ਨੂੰ,*
*ਅਜੇ ਤਕ ਲਈ ਨਾ ਸਾਰ ਮੀਆਂ।*
*ਧਰਮ ਨਿਰਪੱਖ ਕਹੋ ਦੇਸ਼ ਸਾਡਾ,*
*ਫਿਰ ਨਾਲ ਸਿੱਖਾਂ ਕਿਓਂ ਖਾਰ ਮੀਆਂ।*
*ਜੇ ਕੋਈ ਆਪਣੇ ਹੱਕਾਂ ਦੀ ਗੱਲ ਕਰਦਾ,*
*ਦੇਸ਼ ਧ੍ਰੋਹੀ ਕਹੇ ਸਰਕਾਰ ਮੀਆਂ।*
*ਲੋਕਤੰਤਰ ਵਿਚ ਬਰਾਬਰ ਹੱਕ ਸਭ ਨੂੰ,*
*ਕਹਿੰਦੇ ਕਿਉਂ ਬਾਂਹ ਉਲਾਰ ਮੀਆਂ।*
*ਇੱਥੇ ਦੋਸ਼ੀਆਂ ਨੂੰ ਪੈਰੋਲ ਨਿੱਤ ਮਿਲਦੀ,*
*ਉਹ ਕੀ ਲੱਗਦੇ ਥੋਡੇ ਯਾਰ ਮੀਆਂ।*

*ਵੋਟਾਂ ਵੇਲੇ ਬੰਦੀ ਸਿੰਘ ਯਾਦ ਆਉਂਦੇ,*
*ਗੱਲਾਂ ਕਰਦੇ ਵਾਰ ਵਾਰ ਮੀਆਂ।*
*ਘੱਟ ਗਿਣਤੀ ਨਾਲ ਤੁਸੀਂ ਕਰੋਂ ਨਫ਼ਰਤ,*
*ਹੈ ਸਭ ਨੂੰ ਇੱਕੋ ਅਧਿਕਾਰ ਮੀਆਂ।*
*ਬਦਲੋ ਨੀਤੀ ਕਰੋ ਰਿਹਾਅ ਸਿੰਘਾਂ ਤਾਂਈਂ,*
*ਕਿਉਂ ਪਾਉਂਦੇ ਓ ਕੌਮ 'ਤੇ ਭਾਰ ਮੀਆਂ।*
*ਯਾਦ ਰੱਖਿਓ ਲੂਣ ਭਾਵੇਂ ਘੱਟ ਹੋਵੇ,*
*ਪਵੇ ਵੱਧ ਤਾਂ ਪਾਉਂਦਾ ਖਾਰ ਮੀਆਂ।*
*ਅਜੇ ਤਕ ਨਾ ਮਿਲਿਆ ਇਨਸਾਫ਼ ਪੱਤੋ ,*
*ਕਈ ਵਾਰੀਂ ਲਾਈ ਗੁਹਾਰ ਮੀਆਂ।*

** ਪਿੰਡ ਪੱਤੋ ਹੀਰਾ ਸਿੰਘ, ਮੋਗਾ। ਮੋ. ੯੪੬੫੮-੨੧੪੧੭*

■

## ਪਿੰਡ ਪੱਖੋ ਕਲਾਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਡਿੰਪਲ ਸਿੰਘ ਸਮਾਉਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਵੱਡਾ ਗੁਰਦੁਆਰਾ ਸਾਹਿਬ, ਪਿੰਡ ਪੱਖੋ ਕਲਾਂ, ਜ਼ਿਲ੍ਹਾ ਬਰਨਾਲਾ ਵਿਖੇ ੧੧ ਦਸੰਬਰ ੨੦੨੩ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੪੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

# ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ ਬਾਹੀ (ਸਿੱਖ ਇਤਿਹਾਸ ਦੇ ਪਰਿਪੇਖ 'ਚ)

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ ਬਾਹੀ ਦਾ ਬਾਰਡਰ ਬੈਲਟ ਦਾ ੬੫ ਕੁ ਕਿਲੋਮੀਟਰ ਦਾ ਇਲਾਕਾ ਸਿੱਖ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦਾ ੭੦% ਹਿੱਸਾ ਸਮੋਈ ਬੈਠਾ ਹੈ। ਪਿੰਡਾਂ ਵੱਲ ਜਾਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੀ ਦੱਖਣੀ ਬਾਹੀ ਚਾਟੀਵਿੰਡ ਸ਼ਹੀਦਾਂ, ਸ੍ਰੀ ਰਾਮਸਰ ਸਾਹਿਬ ਹੈ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪਾਦਤ ਕੀਤੀ ਗਈ ਸੀ। ਇਸ ਸਥਾਨ ਦੇ ਸਾਹਮਣੇ ਪਾਸੇ ਬਿਬੇਕਸਰ ਹੈ ਜੋ ਛੇਵੇਂ ਪਾਤਸ਼ਾਹ ਨਾਲ ਸੰਬੰਧਿਤ ਸਥਾਨ ਹੈ। ਇਸ ਦੇ ਨਾਲ ਹੀ ਮੁੱਖ ਸੜਕ ਉੱਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸਥਾਨ ਸ਼ਹੀਦ ਗੰਜ ਹੈ ਜਿੱਥੇ ਬਾਬਾ ਦੀਪ ਸਿੰਘ ਜੀ ਦਾ ਸਸਕਾਰ ਹੋਇਆ ਸੀ। ਚਾਟੀਵਿੰਡ ਚੌਂਕ ਸਹੀਦਾਂ ਬਾਹਰ ਵੱਲ ਜਾਂਦੀ ਸੜਕ ਤਰਨ ਤਾਰਨ ਰੋਡ ਉੱਤੇ ਛੇ-ਸਤ ਕਿਲੋਮੀਟਰ ਦੀ ਦੂਰੀ 'ਤੇ ਬਾਬਾ ਨੌਧ ਸਿੰਘ ਜੀ ਦੀ ਸਮਾਧ ਹੈ ਜਿਸ ਦੇ ਅੱਗੋਂ ਲੰਘਣ ਵਾਲਾ ਹਰ ਵਾਹਨ ਰੁਕ ਕੇ ਲੰਘਦਾ ਹੈ। ਇਸ ਸਥਾਨ ਦੇ ਪਿਛਲੇ ਪਾਸੇ ਪਿੰਡ ਵਰਪਾਲ ਹੈ ਜਿੱਥੇ ਪੈਰ ਪੈਰ 'ਤੇ ਸ਼ਹੀਦਾਂ ਦੇ ਸਥਾਨ ਹਨ। ਇੱਕ ਇੱਕ ਕਿੱਲੇ ਦੀ ਵਿੱਥ 'ਤੇ ਬਣੇ ਸ਼ਹੀਦ ਸਿੰਘਾਂ ਦੇ ਸਥਾਨ ਹਨ, ਜਿਵੇਂ ਬਾਬਾ ਬਲਵੰਤ ਸਿੰਘ, ਬਾਬਾ ਧਰਮ ਸਿੰਘ, ਬਾਬਾ ਤਾਰਾ ਸਿੰਘ, ਬਾਬਾ ਸੰਤੋਖ ਸਿੰਘ, ਬਾਬਾ ਦਿਆਲ ਸਿੰਘ ਸੁਰ ਸਿੰਘ, ਬਾਬਾ ਅਰੂੜ ਸਿੰਘ ਸੁਰ ਸਿੰਘ, ਬਾਬਾ ਸੰਤੋਖ ਸਿੰਘ, ਬਾਬਾ ਕੁੰਦਨ ਸਿੰਘ, ਬਾਬਾ ਸਾਹਿਬ ਸਿੰਘ ਆਦਿ ਇਸ ਤਰਾਂ ਅਠਾਰ੍ਹਾਂ ਸ਼ਹੀਦਾਂ ਦੇ ਨਾਮ ਉਪਲੱਬਧ ਹਨ। ਹੋਰ ਸਥਾਨ ਵੀ ਪ੍ਰਗਟ ਹੋ ਰਹੇ ਹਨ। ਵਰਪਾਲ, ਚੱਬਾ, ਸੰਗਰਾਣਾ, ਚਾਟੀਵਿੰਡ ਉਹ ਸਥਾਨ ਹੈ ਜਿੱਥੇ ੧੭੫੭ ਈ. ਵਿਚ ਸਿੱਖ ਪੰਥ ਦੇ ਮਹਾਨ ਜਰਨੈਲ ਬਾਬਾ ਦੀਪ ਸਿੰਘ ਜੀ ਦਾ ਤੁਰਕਾਂ ਨਾਲ ਯੁੱਧ ਹੋਇਆ ਹੈ। ਚੱਬੇ ਪਿੰਡ ਦੇ ਸੱਜੇ ਹੱਥ ਬਾਬਾ ਦੀਪ ਸਿੰਘ ਜੀ ਦਾ ਸੀਸ ਲੱਥ ਗਿਆ ਸੀ। ਇਸ ਦਾ ਨਾਮ ਸ੍ਰੀ ਟਾਹਲਾ ਸਾਹਿਬ ਹੈ ਫਿਰ ਇੱਥੋਂ ਹੀ ਬਾਬਾ ਜੀ ਸੀਸ ਤਲੀ 'ਤੇ ਰੱਖ ਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਪੁੱਜੇ ਸਨ।

ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ ਬਾਹੀ ਸ਼ਹਿਰ ਦਾ ਹੀ ਹਿੱਸਾ ਬਣ ਚੁਕਿਆ ਨਗਰ ਛੇਹਰਟਾ ਹੈ ਜਿੱਥੇ ਪੰਜਵੇਂ ਪਾਤਸ਼ਾਹ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਦੀ ਖੁਸ਼ੀ ਵਿਚ ਵੱਡ-ਆਕਾਰੀ ਖੂਹ ਜਿਸ ਵਿਚ ਛੇ ਮਾਹਲਾਂ ਚਲਦੀਆਂ ਸਨ

* *ਪਿੰਡ ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੯। ਮੋ. ੯੭੮੦੬੩੫੧੯੭*

ਅਥਵਾ ਛੇ ਬਲਦਾਂ ਦੀਆਂ ਜੋੜੀਆਂ ਲਗਦੀਆਂ ਸਨ। ਛੇਹਰਟੇ ਤੋਂ ਦੋ ਕੁ ਫਰਲਾਂਗ ਦੀ ਦੂਰੀ 'ਤੇ ਪਿੰਡ ਗੁਰੂ ਕੀ ਵਡਾਲੀ ਹੈ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ।

ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ ਬਾਹੀ ਸ੍ਰੀ ਅੰਮ੍ਰਿਤਸਰ ਤੋਂ ਝਬਾਲ-ਭਿੱਖੀਵਿੰਡ-ਖੇਮਕਰਨ ਜਾਣ ਵਾਲੀ ਭਾਰਤ-ਪਾਕਿ ਰਾਸ਼ਟਰੀ ਹਾਈਵੇ ਸੜਕ ਉੱਤੇ ਸ਼ਹਿਰ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਬੋਹੜੂ ਪੁਲ ਹੈ। ਪੁਲ ਦੇ ਸੱਜੇ ਹੱਥ ਪਿੰਡ ਸਾਂਘਣਾ ਹੈ। ਇੱਥੋਂ ਦੇ ਬਾਬਾ ਨੰਦ ਸਿੰਘ ਸਨ ਜੋ ਸਾਂਘਣੀਆਂ ਮਿਸਲ ਦੇ ਜਥੇਦਾਰ ਸਨ। ਇਹੋ ਮਿਸਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੋਂ ਬਾਅਦ ਰਾਮਗੜ੍ਹੀਆ ਮਿਸਲ ਅਖਵਾਈ ਸੀ। ਇਸ ਪਿੰਡ ਦੇ ਬਾਬਾ ਬਲਾਕਾ ਸਿੰਘ ਸ਼ਹੀਦ ਸਨ ਜੋ ਭਾਈ ਤਾਰਾ ਸਿੰਘ ਵਾਂ ਵਾਲਿਆਂ ਨਾਲ ਸ਼ਹੀਦ ਹੋਏ ਸਨ।

ਬਹੋੜੂ ਪੁਲ਼ ਦੇ ਖੱਬੇ ਹੱਥ ਪਿੰਡ ਮੰਡਿਆਲਾ ਹੈ ਜਿੱਥੋਂ ਦਾ ਦੁਸ਼ਟ ਮੱਸਾ ਰੰਗੜ ਸੀ। ਬਹੋੜੂ ਪੁਲ਼ ਤੋਂ ਇਕ ਕਿਲੋਮੀਟਰ ਸੜਕ ਉੱਤੇ ਬਹੋੜੂ ਪਿੰਡ ਹੈ ਜਿੱਥੇ ਬਾਬਾ ਬਹੋੜੂ ਜੀ ਦਾ ਸ਼ਹੀਦੀ ਸਥਾਨ ਹੈ। ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਵਿਚ ਸਨ। ਬੀਬੀ ਵੀਰੋ ਜੀ ਦੇ ਵਿਆਹ ਸਮੇਂ ਆਪਣੇ ਚਾਰ ਸਾਥੀਆਂ ਸਮੇਤ ਇੱਥੇ ਸ਼ਹੀਦ ਹੋਏ ਸਨ।

ਬਹੋੜੂ ਤੋਂ ਅੱਠ ਕਿਲੋਮੀਟਰ ਅੱਗੇ ਬੀੜ ਬਾਬਾ ਬੁੱਢਾ ਸਾਹਿਬ ਜੀ ਸਥਾਨ ਹੈ। ਇਹ ਉਹ ਸਥਾਨ ਹੈ ਜਿੱਥੇ ਪੰਜ ਗੁਰੂ ਸਾਹਿਬਾਨ ਅਤੇ ਗੁਰੂ-ਘਰ ਦੇ ਮੁੱਖ ਦਰਬਾਰੀ ਸਿੱਖਾਂ ਦੇ ਚਰਨ ਪਏ ਸਨ ਜਿੱਥੇ ਮਾਤਾ ਗੰਗਾ ਜੀ ਦੇ ਚਰਨ ਵੀ ਪਏ ਸਨ।

ਬੀੜ ਬਾਬਾ ਬੁੱਢਾ ਸਾਹਿਬ ਦੇ ਪਿਛਲੇ ਪਾਸੇ ੩-੪ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਬਾਸਰਕੇ ਗਿੱਲਾਂ ਹੈ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਅਤੇ ਭਾਈ ਗੁਰਦਾਸ ਜੀ ਦਾ ਜਨਮ ਹੋਇਆ ਸੀ। ਇੱਥੇ ਹੀ ਚੁਰਾਸੀ ਕੱਟ ਅਥਵਾ ਸੰਨ੍ਹ ਸਾਹਿਬ ਹੈ (ਗੁਰਦੁਆਰਾ ਸੰਨ੍ਹ ਸਾਹਿਬ) ਜੋ ਸ੍ਰੀ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹੈ।

ਬੀੜ ਸਾਹਿਬ (ਠੱਟਾ) ਤੋਂ ਦੋ ਕਿਲੋਮੀਟਰ 'ਤੇ ਨਗਰ ਝਬਾਲ ਹੈ ਜਿੱਥੋਂ ਦੇ ਬਾਬਾ ਲੰਗਾਹ ਜੀ ਸਨ ਜਿਨ੍ਹਾਂ ਦੇ ਮਹਿਲਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਕੀਤਾ ਸੀ। ਇਸ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਚ ਬੀਬੀ ਵੀਰੋ ਜੀ ਅਤੇ ਮਾਤਾ ਭਾਗੋ ਜੀ ਦੇ ਦੋ ਗੁਰਦੁਆਰਾ ਸਾਹਿਬਾਨ ਹਨ। ਬੀਬੀ ਵੀਰੋ ਜੀ ਦੇ ਗੁਰਦੁਆਰਾ ਸਾਹਿਬ ਨੂੰ ਮਾਣਕ ਚੌਂਕ ਕਿਹਾ ਜਾਂਦਾ ਹੈ। ਇਨ੍ਹਾਂ ਹੀ ਮਹਿਲਾਂ ਦੇ ਮਾਤਾ ਭਾਗੋ ਜੀ ਦੇ ਭਰਾ ਸ. ਭਾਗ ਸਿੰਘ (ਢਿੱਲੋਂ) ਜੋ ਕਿ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਗਏ ਸਨ ਉਨ੍ਹਾਂ ਦੇ ਪੁੱਤਰ ਸਰਦਾਰ ਬਘੇਲ ਸਿੰਘ ਜੋ ਕਿ ਕਰੋੜੀਆ ਮਿਸਲ ਦੇ ਮੁਖੀ ਸਨ। ਇਨ੍ਹਾਂ ਦੀ ਪਰਵਰਿਸ਼ ਝਬਾਲ ਤੋਂ ੧੨-੧੩ ਕਿਲੋਮੀਟਰ ਦੀ ਦੂਰੀ 'ਤੇ ਪਿੰਡ

ਨੌਸ਼ਿਹਰਾ ਢਾਲਾ ਦੇ ਚੌਧਰੀ ਜਮੀਅਤ ਰਾਏ ਦੀ ਨੂੰਹ ਬੀਬੀ ਸੁੱਖਾਂ ਨੇ ਕੀਤੀ ਸੀ। ਬੀਬੀ ਸੁੱਖਾਂ ਬਾਬਾ ਬੁੱਢਾ ਜੀ ਦੀ ਛੇਵੀਂ ਵੰਸ ਭਾਈ ਰਾਮ ਕੁਇਰ ਜੀ ਦੀ ਸਪੁੱਤਰੀ ਸਨ ਜੋ ਨੌਸ਼ਿਹਰੇ ਢਾਲੇ ਵਿਆਹੇ ਹੋਏ ਸਨ। ਝਬਾਲ ਦੇ ਸ. ਜੈ ਸਿੰਘ ਕੁੰਮੇਦਾਨ ਸਨ ਜੋ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ। ਸ. ਕਰਮ ਸਿੰਘ ਹਿਸਟੋਰੀਅਨ ਵੀ ਝਬਾਲ ਦੇ ਢਿੱਲੋਂ ਸਰਦਾਰ ਸਨ।

ਝਬਾਲ ਤੋਂ ੧੦ ਕੁ ਕਿਲੋਮੀਟਰ ਦੀ ਦੂਰੀ 'ਤੇ ਇਸੇ ਸੜਕ ਤੇ ਪਿੰਡ ਪੰਜਵੜ ਹੈ ਜਿੱਥੋਂ ਦੇ ਭੰਗੀ ਮਿਸਲ ਦੇ ਜਥੇਦਾਰ ਹਰੀ ਸਿੰਘ ਭੰਗੀ ਸਨ। ਪੰਜਵੜ ਦੇ ਸਾਹਮਣੇ ਸੱਜੇ ਹੱਥ ਪਿੰਡ ਸੋਹਲ ਹੈ ਜਿੱਥੋਂ ਦੇ ਭਗਤ ਸੈਣ ਜੀ ਸਨ। ਇੱਥੋਂ ਪੰਜ-ਛੇ ਕਿਲੋਮੀਟਰ ਦੀ ਦੂਰੀ ਤੇ ਪਿੰਡ ਗੱਗੋਬੂਆ ਹੈ। ਇੱਥੋਂ ਦੇ ਬਾਬਾ ਬੀਰ ਸਿੰਘ ਜੀ ਸ਼ਹੀਦ ਸਨ। ਇੱਥੇ ਉਨ੍ਹਾਂ ਦਾ ਜਨਮ ਸਥਾਨ ਬਣਿਆ ਹੋਇਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਸਥਾਨ ਇਸੇ ਪਿੰਡ ਵਿਚ ਹੈ। ਇੱਥੇ ਬਾਬਾ ਖੁਸ਼ਹਾਲ ਸਿੰਘ ਜੀ ਦਾ ਸ਼ਹੀਦੀ ਸਥਾਨ ਵੀ ਹੈ।

ਗੱਗੋਬੂਏ ਤੋਂ ਛੇ ਕੁ ਕਿਲੋਮੀਟਰ ਅੱਗੇ ਪਿੰਡ ਸੁਰ ਸਿੰਘ ਹੈ। ਇਸ ਪਿੰਡ ਦਾ ਇਤਿਹਾਸ ਬਹੁਤ ਵਿਸ਼ਾਲ ਹੈ। ਬਾਬਾ ਬਿਧੀ ਚੰਦ ਜੀ ਦੀ ਅੰਸ-ਬੰਸ ਇੱਥੇ ਹੀ ਰਹਿ ਰਹੀ ਹੈ। ਹੁਣ ਬਾਬਾ ਬਿਧੀ ਚੰਦ ਜੀ ਦੇ ੧੨ ਵੇਂ ਜਾਨਸ਼ੀਨ ਬਾਬਾ ਅਵਤਾਰ ਸਿੰਘ ਜੀ ਹਨ। ਬੇਅੰਤ ਸਿੱਖ ਸੰਗਤ ਇੱਥੇ ਹਾਜਰੀ ਭਰਦੀ ਹੈ। ਗੁਰੂ ਕੀਆਂ ਲਾਡਲੀਆਂ ਫੌਜਾਂ ਦੇ ਇੱਥੇ ਦਰਸ਼ਨ ਕੀਤੇ ਜਾ ਸਕਦੇ ਹਨ। ਸੁਰ ਸਿੰਘ ਤੋਂ ਚਾਰ ਕਿਲੋਮੀਟਰ ਪਿੰਡ ਛੀਨਾ ਹੈ ਜਿੱਥੇ ਬਾਬਾ ਬਿਧੀ ਚੰਦ ਜੀ ਦਾ ਜਨਮ ਸਥਾਨ ਹੈ। ਰਾਮਗੜ੍ਹੀਆ ਮਿਸਲ ਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਇਸੇ ਪਿੰਡ ਦੇ ਜੰਮ-ਪਲ ਸਨ। ਇਨ੍ਹਾਂ ਦੇ ਦਾਦਾ ਬਾਬਾ ਹਰਦਾਸ ਸਿੰਘ ਇੱਥੋਂ ਹਥਿਆਰ ਤਿਆਰ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਦਸਮੇਸ਼ ਪਿਤਾ ਜੀ ਪਾਸ ਪੁੱਜਦੇ ਸਨ।

ਸਰਦਾਰ ਚੰਦਾ ਸਿੰਘ ਢਿੱਲੋਂ ਵਰਲਡ ਪੋਲੋ ਚੈਂਪੀਅਨ, ਸ. ਕਰਤਾਰ ਸਿੰਘ (ਢਿੱਲੋਂ) ਵਰਲਡ (ਚੈਂਪੀਅਨ) ਪਹਿਲਵਾਨ ਇਸੇ ਪਿੰਡ ਦੇ ਹਨ। ਭਾਈ ਦੇਸ ਰਾਜ ਖੱਤਰੀ ਦਾ ਵੀ ਇਹੋ ਪਿੰਡ ਹੈ। ਸੁਰਸਿੰਘ ਤੋਂ ਦੋ ਕਿਲੋਮੀਟਰ ਅੱਗੇ ਪਿੰਡ ਸਿੰਘ ਪੁਰਾ ਹੈ ਜਿੱਥੋਂ ਦੇ ਸਿੰਘਪੁਰੀਆ ਮਿਸਲ ਦੇ ਸਰਦਾਰ ਕਪੂਰ ਸਿੰਘ ਸਨ ਜਿਨ੍ਹਾਂ ਨੂੰ ਪੰਥ ਨੇ ਨਵਾਬ ਦੀ ਪਦਵੀ ਦਿੱਤੀ ਸੀ, ਸੋ ਨਵਾਬ ਕਪੂਰ ਸਿੰਘ ਦਾ ਪਿੰਡ ਸਿੰਘਪੁਰਾ ਹੈ। ਜਿਸ ਦਾ ਪਹਿਲਾ ਨਾਮ ਫੈਜਪੁਰ ਸੀ। ਸਿੰਘਪੁਰੇ ਤੋਂ ਚਾਰ ਕਿਲੋਮੀਟਰ ਅੱਗੇ ਭਿੱਖੀਵਿੰਡ ਹੈ। ਭਿਖੀਵਿੰਡ ਚੌਂਕ ਤੋਂ ਸੱਜੇ ਹੱਥ ਖਾਲੜੇ ਜਾਣ ਵਾਲੀ ਸੜਕ 'ਤੇ ਚਾਰ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਪਹੁਵਿੰਡ ਹੈ। ਇੱਥੇ ਬਾਬਾ ਦੀਪ ਸਿੰਘ ਜੀ ਦਾ ਜਨਮ ਹੋਇਆ ਸੀ। ਇਹ ਮਿਸਲ ਸ਼ਹੀਦਾਂ ਦੇ ਮੁਖੀ ਸਨ। ਬਾਬਾ ਦੀਪ ਸਿੰਘ ਜੀ ਦੇ ਪਰਵਾਰ ਵਿੱਚੋਂ ਜਨਰਲ ਗੁਲਾਬ ਸਿੰਘ ਸਨ ਜੋ ਪਿਸ਼ਾਵਰ ਦੇ ਗਵਰਨਰ ਸਨ। ਇਨ੍ਹਾਂ ਦੇ ਮਹੱਲ ਪਹੁਵਿੰਡ ਵਿਚ ਕਇਮ ਹਨ।

ਪਹੁਵਿੰਡ ਸੜਕ ਦੇ ਸੱਜੇ ਹੱਥ ਪਿੰਡ ਸਿਧਵਾਂ ਹੈ ਜਿੱਥੋਂ ਦੇ ਬਾਬਾ ਜੇਠਾ ਜੀ ਸਨ। ਬਾਬਾ ਜੇਠਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਮੁੱਖ ਸਿੱਖ ਸਨ। ਇਹ ਹਮੇਸ਼ਾਂ ਗੁਰੂ ਜੀ ਦੇ ਨਾਲ-ਨਾਲ ਹੀ ਰਹਿੰਦੇ ਸਨ।

ਪਹੁਵਿੰਡ ਤੋਂ ਚਾਰ ਕਿਲੋਮੀਟਰ ਅੱਗੇ ਖਾਲੜਾ ਹੈ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਇਸੇ ਪਿੰਡ ਦੇ ਸਨ। ਇੱਥੇ ਪੁੱਜ ਕੇ ਭਾਰਤ ਦੀ ਸੜਕ ਖਤਮ ਹੋ ਜਾਂਦੀ ਹੈ। ਖਾਲੜੇ ਦੇ ਸੱਜੇ ਹੱਥ ਪਿੰਡ ਨਾਰਲਾ ਹੈ। ਇੱਥੇ ਬਾਬਾ ਸ਼ਾਮ ਸਿੰਘ ਜੀ ਦਾ ਡੇਰਾ ਸੀ ਜੋ ਕਿ ਸਿੰਘਾਂ 'ਤੇ ਬਣੀਆਂ ਔਖੀਆਂ ਘੜੀਆਂ ਸਮੇਂ ਵੱਡੀ ਠਾਹਰ ਸੀ। ਬਾਬਾ ਸ਼ਾਮ ਸਿੰਘ ਜੀ ਦਾ ਪੁੱਤਰ ਕਰੋੜਾ ਸਿੰਘ ਸੀ ਜੋ ਕਰੋੜੀਆ ਮਿਸਲ ਦਾ ਮੁਖੀ ਸੀ। ਇਨ੍ਹਾਂ ਤੋਂ ਬਾਅਦ ਇਨ੍ਹਾਂ ਦਾ ਦੋਹਤਾ ਸਰਦਾਰ ਬਘੇਲ ਸਿੰਘ ਝਬਾਲ ਕਰੋੜੀਆ ਮਿਸਲ ਦਾ ਮੁਖੀ ਬਣਿਆ ਜਿਸ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਦਿੱਲੀ ਫਤਹ ਕੀਤੀ ਸੀ ਤੇ ਫਿਰ ਦਿੱਲੀ ਦੇ ਅੱਠ ਇਤਿਹਾਸਿਕ ਗੁਰਧਾਮਾਂ ਦੀ ਸੇਵਾ ਕਰਾਈ ਸੀ। ਸਰਦਾਰ ਸ਼ਾਮ ਸਿੰਘ ਨਾਰਲੀ ਸਰਦਾਰ ਰਤਨ ਸਿੰਘ ਭੰਗੂ (ਰਚਿਤ ਪ੍ਰਾਚੀਨ ਪੰਥ ਪ੍ਰਕਾਸ਼ ਗ੍ਰੰਥ) ਦੇ ਨਾਨਾ ਜੀ ਸਨ। ਨਾਰਲੀ ਦੇ ਹੀ ਭਾਈ ਮਾਈਦਾਸ ਜੀ ਸਨ ਜੋ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਥਾਪੀਆਂ ੨੨ ਮੰਜੀਆਂ ਵਿੱਚੋਂ ਇਕ ਮੰਜੀਦਾਰ ਸਨ।

ਨਾਰਲੀ ਤੋਂ ਕੇਵਲ ੩ ਕਿਲੋਮੀਟਰ ਸੱਜੇ ਹੱਥ ਬਾਰਡਰ 'ਤੇ ਪਿੰਡ ਪੂਹਲਾ ਹੈ ਜਿੱਥੋਂ ਦੇ ਭਾਈ ਤਾਰੂ ਸਿੰਘ ਪੂਹਲਾ ਸਨ, ਜਿਨ੍ਹਾਂ ਦੇ ਕੇਸ ਨਹੀਂ ਕਟੇ ਗਏ ਸਨ। ਸੋ ਖੋਪਰੀ ਉਤਰਵਾਉਣ ਵਾਲੇ ਭਾਈ ਤਾਰੂ ਸਿੰਘ ਪੂਹਲਾ ਪਿੰਡ ਦੇ ਸਨ। ਖਾਲੜੇ ਤੋਂ ਅੱਠ ਕਿਲੋਮੀਟਰ ਲਾਹੌਰ ਵੱਲ ਪਿੰਡ ਲੀਲ ਹੈ ਜਿੱਥੋਂ ਦੇ ਭਾਈ ਗੁਰਬਖਸ਼ ਜੀ ਸਨ ਜਿਨ੍ਹਾਂ ਦੁਰਾਨੀ ਦੀ ਤੀਹ ਹਜ਼ਾਰ ਫੌਜ ਨਾਲ ਕੇਵਲ ਤੀਹ ਸਿੰਘਾਂ ਸਮੇਤ ਦਰਬਾਰ ਸਾਹਿਬ ਮੁਕਾਬਲਾ ਕੀਤਾ ਸੀ। ਇਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਕਿਸੇ ਤੁਰਕ ਨੇ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਕੀਤਾ।

ਖਾਲੜੇ ਤੋਂ ੧੦ ਕੁ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਆਹਲੂ ਹੈ ਜਿੱਥੋਂ ਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਨ।

ਸੁਰਸਿੰਘ ਭਿੱਖੀਵਿੰਡ ਦੇ ਵਿਚਕਾਰ ਖੱਬੇ ਹੱਥ ਪਿੰਡ ਸ਼ਬਾਜ਼ਪੁਰ ਹੈ ਜਿੱਥੋਂ ਦੇ ਭਾਈ ਸੰਮਨ ਅਤੇ ਮੂਸਨ ਸਨ ਜੋ ਪੰਜਵੀਂ ਪਾਤਸ਼ਾਹੀ ਦੇ ਸਮੇਂ ਹੋਏ ਸਨ। ਸ਼ਬਾਜ਼ਪੁਰ ਪਿੰਡ ਦੇ ਪਿੰਡ ਦੇ ਖੱਬੇ ਹੱਥ ਪਿੰਡ ਨੂਰਪੁਰ ਪੱਧਰੀ ਹੈ। ਇੱਥੋਂ ਦੇ ਭਾਈ ਲੱਧਾ ਜੀ ਸਨ, ਜਿਨ੍ਹਾਂ ਨੂੰ ਪੰਜਵੀਂ ਪਾਤਸ਼ਾਹੀ ਜੀ ਨੇ ਪਰਉਪਕਾਰੀ ਤਖ਼ੱਲਸ ਨਾਲ ਨਿਵਾਜਿਆ ਸੀ। ਇਨ੍ਹਾਂ ਨੇ ਗੁਰੂ-ਦਰਬਾਰ ਵਿਚ ਕੀਰਤਨ ਕਰਦੇ ਮੀਰਜਾਦਿਆਂ (ਭਾਈ ਸੱਤਾ ਅਤੇ ਭਾਈ ਬਲਵੰਡ) ਨੂੰ ਬਖ਼ਸ਼ਾਇਆ ਸੀ।

ਭਿੱਖੀਵਿੰਡ ਸੜਕ 'ਤੇ ਇਕ ਕਿਲੋਮੀਟਰ ਅੱਗੇ ਖੇਮਕਰਨ ਵੱਲ ਚੂੰਘਾਂ ਦੇ ਮੋੜ

ਤੋਂ ਸਿੱਧੀ ਲਿੰਕ ਰੋਡ ਉੱਤੇ ਛੇ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮਾੜੀ ਕੰਬੋਕੀ ਹੈ। ਇੱਥੋਂ ਦੇ ਸ਼ਹੀਦ ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੀ ਸਨ ਜਿਨ੍ਹਾਂ ਨੇ ਆਪਣੇ ਸਾਥੀ ਸ. ਮਹਿਤਾਬ ਸਿੰਘ ਮੀਰਾਂਕੋਟੀਏ ਨਾਲ ਦਰਬਾਰ ਸਾਹਿਬ ਦੀ ਬੇਅਦਬੀ ਕਰ ਰਹੇ ਮੱਸੇ ਰੰਘੜ ਮੰਡਆਲੀਏ ਦਾ ਸਿਰ ਵੱਢਿਆ ਸੀ। ਇਸੇ ਪਿੰਡ ਦੇ ਪੂਰਨ ਸਿੱਖ ਭਾਈ ਫੇਰੂ ਜੀ ਵੀ ਸਨ। ਇੱਥੇ ਬਾਬਾ ਸ੍ਰੀ ਚੰਦ ਜੀ ਦੇ ਉਦਾਸੀ ਧੂਣਿਆਂ ਵਿੱਚੋਂ ਇਕ ਧੂਣਾ ਵੀ ਹੈ।

ਮਾੜੀ ਕੰਬੋਕੀ ਤੋਂ ਦੋ ਕੁ ਕਿਲੋਮੀਟਰ ਦੀ ਦੂਰੀ ਉੱਤੇ ਪਿੰਡ ਮਾੜੀਮੇਘਾ ਹੈ। ਇੱਥੋਂ ਦੇ ਬਾਬਾ ਸੁੱਖਾ ਜੀ ਸਨ ਜੋ ਦਸਮੇਸ਼ ਜੀ ਦੇ ਆਦੇਸ਼ 'ਤੇ ਖੰਡਾ ਤੇ ਬਾਟਾ ਬਣਾ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ ਸਨ। ਇਨ੍ਹਾਂ ਦੇ ਗੁਰਦੁਆਰਾ ਸਾਹਿਬ ਦਾ ਨਾਮ 'ਸੁੱਖਾ ਬਾਡੀ' ਜੀ ਦਾ ਗੁਰਦੁਆਰਾ ਕਿਹਾ ਜਾਂਦਾ ਹੈ। ਜੋ ਬਿਲਕੁਲ ਧੁੱਸੀ ਬੰਨ੍ਹ 'ਤੇ ਹੈ।

ਇਸੇ ਸੜਕ 'ਤੇ ਛੇ ਕੁ ਕਿਲੋਮੀਟਰ ਦੀ ਦੂਰੀ ਤੇ ਸੱਜੇ ਹੱਥ ਪਿੰਡ ਵਾਂ ਤਾਰਾ ਸਿੰਘ ਹੈ। ਵਾਂ ਦੇ ਸ਼ਹੀਦ ਭਾਈ ਤਾਰਾ ਸਿੰਘ ਜੀ ਦੀ ਪੱਟੀ ਦੇ ਮਿਰਜ਼ਾ ਜਾਫਰ ਬੇਗ ਨਾਲ ਜੰਗ ਵਿਚ ਭਾਈ ਸਾਹਿਬ ਨਾਲ ਅਠਾਰ੍ਹਾਂ ਸਿੰਘ ਸ਼ਹੀਦ ਹੋਏ ਸਨ। ਵਾਂ ਦੇ ਤਾਰਾ ਸਿੰਘ ਦੇ ਨਾਲ ਜੰਗ ਹੋਣ ਦਾ ਕਾਰਨ ਨੌਸ਼ਿਹਰੇ ਢਾਲੇ ਦਾ ਚੌਧਰੀ ਸਾਹਿਬ ਰਾਏ ਸੀ ਜੋ ਸਿੱਖਾਂ ਦਾ ਦੁਸ਼ਮਣ ਸੀ। (ਇਹ ਸਾਖੀ ਲੰਮੇਰੀ ਹੈ।)

ਇਸ ਤੋਂ ੧੦-੧੨ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਭੂਰਾ ਕੋਹਨਾ ਹੈ ਜਿੱਥੋਂ ਦੇ ਗਿਆਨੀ ਸੰਤ ਕਰਤਾਰ ਸਿੰਘ ਖਾਲਸਾ ਦਮਦਮੀ ਟਕਸਾਲ ਦੇ ੧੩ ਵੇਂ ਮੁਖੀ ਹੋਏ ਹਨ। ਸ਼ਹੀਦ ਭਾਈ ਅਮਰੀਕ ਸਿੰਘ ਤੇ ਹੋਰ ਅੱਠ ਸ਼ਹੀਦ ਵੀ ਇਸੇ ਪਿੰਡ ਦੇ ਸਨ।

ਭੂਰੇ ਕੋਹਨੇ ਤੋਂ ਕੇਵਲ ੩-੪ ਕਿਲੋਮੀਟਰ ਅੱਗੇ ਖੇਮਕਰਨ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਗੁਰ-ਅਸਥਾਨ ਹੈ। ਗੁਰੂ ਜੀ ਨੂੰ ਇੱਥੋਂ ਦਾ ਸੇਠ ਦਲਪਤਿ ਰਾਏ ਆਪਣੇ ਘਰ ਚਰਨ ਪਾਉਣ ਲਈ ਚੋਹਲਾ ਸਾਹਿਬ ਤੋਂ ਲੈ ਕੇ ਗਿਆ ਸੀ।

ਖੇਮਕਰਨ ਬਾਰਡਰ ਬੈਲਟ ਦਾ ਉਹ ਕਸਬਾ ਹੈ ਜਿੱਥੇ ੧੯੬੫ ਈ. ਦੀ ਭਾਰਤ-ਪਾਕਿ ਜੰਗ ਸਮੇਂ ਭਾਰਤੀਆਂ ਨੇ ਪਾਕਿਸਤਾਨ ਦੇ ੨੫੦ ਪੈਟਨ ਅਮਰੀਕੀ ਟੈਂਕ ਤਬਾਹ ਕੀਤੇ ਸਨ। ਇਹ ੬੫ ਕਿਲੋਮੀਟਰ ਦੀ ਬਾਰਡਰ ਬੈਲਟ ਬਹੁਤ ਬੁਰੀ ਤਰਾਂ ਪ੍ਰਭਾਵਿਤ ਹੋਈ ਸੀ। ਕਈ ਪਿੰਡ ਤਾਂ ਪੂਰੀ ਤਰ੍ਹਾਂ ਖਤਮ ਹੋ ਗਏ ਸਨ। ਆਸਲ-ਉਤਾੜ ਲਾਗੇ ਸੜਕ ਉਤੇ ਸ਼ਹੀਦੀ ਯਾਦਗਾਰ ਬਣੀ ਹੈ ਜਿਥੇ ਸੜੇ ਟੈਂਕ ਪਏ ਹੋਏ ਹਨ।

ਭਿਖੀਵਿੰਡ-ਖੇਮਕਰਨ ਦੇ ਖੱਬੇ ਹੱਥ ਇਤਿਹਾਸਿਕ ਨਗਰ ਪੱਟੀ ਹੈ ਜਿੱਥੋਂ ਮੁਗ਼ਲ-ਕਾਲ ਦੇ ਸਮੇਂ ਪੱਟੀ ਦਾ ਗਵਰਨਰ ਨੌ-ਲੱਖ ਦਾ ਲਗਾਨ ਲੈਂਦਾ ਸੀ। ਇੱਥੇ ਮੁਗ਼ਲਾਂ ਦੇ ਸਮੇਂ ਦਾ ਕਿਲ੍ਹਾ ਹੈ ਜਿਸ ਨੂੰ ਸ. ਬੁੱਧ ਸਿੰਘ ਪੁਰੀਆ ਨੇ ਫਤਹ ਕੀਤਾ ਸੀ।

ਇੱਥੇ ਬਾਬਾ ਬਿਧੀ ਚੰਦ ਜੀ ਨਾਲ ਸੰਬੰਧਿਤ ਸਥਾਨ ਗੁਰਦੁਆਰਾ ਭੱਠ ਸਾਹਿਬ

ਅਤੇ ਚੁਬਾਰਾ ਸਾਹਿਬ ਹੈ। ਇਹ ਬਾਗ਼ਾਂ ਦਾ ਸ਼ਹਿਰ ਹੈ। ਬੀਬੀ ਰਜਨੀ ਜੀ ਵੀ ਪੱਟੀ ਦੇ ਹੀ ਸਨ। ਟੁੱਟੀ ਗੰਢਵਾਉਣ ਨਾਲ ਜਥੇਦਾਰ ਭਾਈ ਮਾਨ ਸਿੰਘ ਸੁਰ ਸਿੰਘ ਸਣੇ ਸ੍ਰੀ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ੪੦ ਮੁਕਤੇ ਇਸੇ ਪਾਸੇ ਦੇ ਪਿੰਡਾਂ ਦੇ ਸਨ।

ਅਠਾਰ੍ਹਵੀਂ ਸਦੀ ਵਿਚ ਸਿੱਖਾਂ ਤੇ ਬਣੀਆਂ ਔਖੀਆਂ ਘੜੀਆਂ ਸਮੇਂ ਪੱਟੀ ਦਾ ਕਿਲ੍ਹਾ ਸਿੰਘਣੀਆਂ ਤੇ ਬੱਚਿਆਂ ਦਾ ਤਸੀਹਾਂ ਕੇਂਦਰ ਸੀ। ਇਸ ਕਿਲ੍ਹੇ ਵਿੱਚੋਂ ਬੱਚਿਆਂ ਦੇ ਕੰਕਾਲ ਮਿਲੇ ਸਨ ਤੇ ਚੱਕੀ ਵੀ ਮੌਜੂਦ ਹੈ ਜਿਸ ਨਾਲ ਦਾਣੇ ਪੀਸਾਏ ਜਾਂਦੇ ਸਨ।

ਝਬਾਲ ਤੋਂ ਲੈ ਕੇ ਖੇਮਕਰਨ-ਕਸੂਰ-ਖਾਲੜਾ-ਪੱਟੀ ਦਾ ਇਲਾਕਾ ਲਾਹੌਰ ਜ਼ਿਲ੍ਹੇ ਦਾ ਸੀ। ਇਸ ਇਲਾਕੇ ਵਿਚ ਜਿੱਥੇ ਅਨੇਕਾਂ ਸੂਰਬੀਰ ਅਤੇ ਸ਼ਹੀਦ ਹੋਏ ਹਨ ਉੱਥੇ ਨੌ ਸਿੱਖ ਮਿਸਲਾਂ ਇਸੇ ਖੇਤਰ ਦੀਆਂ ਹਨ:-

**੧. ਮਿਸਲ ਸ਼ਹੀਦਾਂ:** ਬਾਬਾ ਦੀਪ ਸਿੰਘ ਜੀ, ਪਿੰਡ ਪਹੁਵਿੰਡ, ਜ਼ਿਲ੍ਹਾ ਲਾਹੌਰ।

**੨. ਮਿਸਲ ਰਾਮਗੜ੍ਹੀਆ:** ਸ. ਜੱਸਾ ਸਿੰਘ ਰਾਮਗੜ੍ਹੀਆ ਪਿੰਡ ਸੁਰ ਸਿੰਘ, ਜ਼ਿਲ੍ਹਾ ਲਾਹੌਰ।

**੩. ਮਿਸਲ ਸਿੰਘਪੁਰੀਆਂ:** ਨਵਾਬ ਕਪੂਰ ਸਿੰਘ, ਪਿੰਡ ਸਿੰਘਪੁਰਾ, ਜ਼ਿਲ੍ਹਾ ਲਾਹੌਰ।

**੪. ਮਿਸਲ ਆਹਲੂਵਾਲੀਆ:** ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪਿੰਡ ਆਹਲੂ, ਜ਼ਿਲ੍ਹਾ ਲਾਹੌਰ।

**੫. ਮਿਸਲ ਕਰੋੜੀਆ:** ਬਾਬਾ ਬਘੇਲ ਸਿੰਘ, ਪਿੰਡ ਝਬਾਲ, ਜ਼ਿਲ੍ਹਾ ਲਾਹੌਰ (ਬਾਬਾ ਸ਼ਾਮ ਸਿੰਘ ਨਾਰਲੀ)

**੬. ਮਿਸਲ ਭੰਗੀ:** ਸ. ਹਰੀ ਸਿੰਘ (ਢਿੱਲੋਂ) ਭੰਗੀ, ਪਿੰਡ ਕਾਹਨਾ, ਜ਼ਿਲ੍ਹਾ ਲਾਹੌਰ।

**੭. ਮਿਸਲ ਕਨ੍ਹਈਆ:** ਸਰਦਾਰ ਜੈ ਸਿੰਘ ਕਨ੍ਹਈਆ, ਪਿੰਡ ਕਾਹਨਾ, ਜ਼ਿਲ੍ਹਾ ਲਾਹੌਰ।

**੮. ਮਿਸਲ ਨਕਈ:** ਸਰਦਾਰ ਹਕੀਕਤ ਸਿੰਘ, ਹੀਰਾ ਸਿੰਘ, ਇਲਾਕਾ ਚੂਨੀਆ ਰਾਣੀ ਦਰਿਆ ਦੇ ਨੱਕੇ ਦਾ ਇਲਾਕਾ, ਜ਼ਿਲ੍ਹਾ ਲਾਹੌਰ।

**੯. ਮਿਸਲ ਨਿਸ਼ਾਨਵਾਲੀਆ:** ਸਰਦਾਰ ਗੁਲਾਬ ਸਿੰਘ, ਡੇਰਾ ਬਾਬਾ ਨਾਨਕ, ਜ਼ਿ.ਲ੍ਹਾ ਲਾਹੌਰ।

ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਦੱਖਣੀ-ਬਾਹੀ ਦੇ ਇਲਾਕੇ ਬਾਰੇ ਬਹੁਤ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਜੂਨ ੧੯੮੪ ਈ. ਤੋਂ ਬਾਅਦ ਸਿੱਖ ਸੰਘਰਸ਼ ਦੇ ਸਮੇਂ ਵੀ ਸਭ ਤੋਂ ਵੱਧ ਨੌਜੁਆਨ ਸ਼ਹੀਦ ਸਿੰਘ ਇਸੇ ਬਾਹੀ ਦੇ ਹੋਏ ਹਨ।

# ਜੀਵਨ ਬਿਰਤਾਂਤ: ਸ਼ਹੀਦ ਭਾਈ ਉਦੈ ਸਿੰਘ

*-ਸ. ਅਮਨ ਸਿੰਘ ਕਤਲੌਰ**

ਅਨੇਕਾਂ ਸਾਧੂ, ਸੰਤ, ਸੂਰਬੀਰ-ਯੋਧੇ ਆਦਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ। ਇਨ੍ਹਾਂ ਸ਼ਰਧਾਲੂ ਸੂਰਬੀਰਾਂ ਵਿੱਚੋਂ ਇਕ ਭਾਈ ਉਦੈ ਸਿੰਘ ਹੋਏ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਈ ਜੰਗਾਂ ਵਿਚ ਭਾਗ ਲਿਆ। ਇਨ੍ਹਾਂ ਦਾ ਸ਼ੁਮਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੨੫ ਨੇੜਲੇ ਜੁਝਾਰੂ ਸਿੱਖਾਂ ਵਿਚ ਹੁੰਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆਉਣ ਤੋਂ ਬਾਅਦ ਭਾਈ ਉਦੈ ਸਿੰਘ ਨੇ ਅਨੇਕਾਂ ਵੀਰਤਾ-ਭਰਪੂਰ ਕਾਰਜ ਕੀਤੇ, ਕਈ ਜੰਗਾਂ ਵਿਚ ਹਿੱਸਾ ਲਿਆ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ-ਪਰਵਾਰ ਅਤੇ ਹੋਰ ਗੁਰਸਿੱਖ ਜਾ ਰਹੇ ਸਨ ਤਾਂ ਪਿੱਛੋਂ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਸੈਨਾਵਾਂ ਨੇ ਹਮਲਾ ਕਰ ਦਿੱਤਾ। ਉਸ ਸਮੇਂ ਸ਼ਾਹੀ ਟਿੱਬੀ ਦੇ ਸਥਾਨ ਉਤੇ ਦੁਸ਼ਮਣ ਸੈਨਾਵਾਂ ਅਤੇ ਸਿੱਖਾਂ ਵਿਚਕਾਰ ਬੜੀ ਭਿਆਨਕ ਜੰਗ ਹੋਈ। ਇਸ ਜੰਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਸਦਕਾ ਭਾਈ ਉਦੈ ਸਿੰਘ ਜੀ ਨੇ ਬਹੁਤ ਬਹਾਦਰੀ ਨਾਲ ਜੂਝਦੇ ਹੋਏ, ਦੁਸ਼ਮਣ ਸੈਨਾਵਾਂ ਦਾ ਰਾਹ ਰੋਕੀ ਰੱਖਿਆ। ਇਸ ਲੇਖ ਵਿਚ ਭਾਈ ਉਦੈ ਸਿੰਘ ਜੀ ਦੇ ਜੀਵਨ ਬਿਰਤਾਂਤ ਸੰਬੰਧੀ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ :

## ਜਨਮ

ਭਾਈ ਉਦੈ ਸਿੰਘ ਦਾ ਜਨਮ ੨੭ ਕੱਤਕ, ਸੰਮਤ ੧੭੨੨ ਬਿਕ੍ਰਮੀ[੧] ੧੬੬੫ ਈ. ਨੂੰ ਪਿਤਾ ਭਾਈ ਮਨੀ ਸਿੰਘ ਦੇ ਗ੍ਰਹਿ ਵਿਖੇ ਮਾਤਾ ਸੀਤੋ ਬਾਈ ਜੀ ਦੀ ਕੁੱਖੋਂ ਹੋਇਆ ਸੀ।[੨] ਰਤਨ ਸਿੰਘ ਜੱਗੀ ਅਨੁਸਾਰ ਭਾਈ ਉਦੈ ਸਿੰਘ ਮੁਲਤਾਨ ਜ਼ਿਲ੍ਹੇ ਦੇ ਅਲੀਪੁਰ ਪਿੰਡ ਦੇ ਨਿਵਾਸੀ ਭਾਈ ਮਨੀ ਸਿੰਘ ਦੇ ਪੰਜ ਪੁੱਤਰਾਂ[੩] (ਭਾਈ ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ) ਪੁੱਤਰਾਂ ਵਿੱਚੋਂ ਇਕ ਸੀ, ਜੋ ਕਿ ਬਹੁਤ ਸੂਰਵੀਰ ਯੋਧਾ ਸੀ।[੪]

## ਵਿਆਹ

ਭਾਈ ਉਦੈ ਸਿੰਘ ਦਾ ਵਿਆਹ ੪ ਚੇਤ੍ਰ ਵਦੀ ਏਕਮ ਸੰਮਤ ੧੭੫੦ ਬਿਕ੍ਰਮੀ (੨ ਮਾਰਚ, ੧੬੯੩ ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਇਆ (ਪਤਨੀ ਦਾ ਨਾਮ ਅਤੇ ਕਿਸ ਜਗ੍ਹਾ ਵਿਆਹ ਹੋਇਆ, ਬਾਰੇ ਜ਼ਿਕਰ ਨਹੀਂ ਮਿਲਦਾ)।[੫] ਇਨ੍ਹਾਂ ਦੇ ਘਰ ਸੱਤ ਪੁੱਤਰਾਂ- ਭਾਈ ਮਹਿਬੂਬ ਸਿੰਘ, ਅਜੂਬ ਸਿੰਘ, ਫਤਹਿ ਸਿੰਘ, ਅਲਬੇਲ ਸਿੰਘ, ਮੋਹਰ ਸਿੰਘ, ਬਾਘ ਸਿੰਘ, ਅਨੋਖ ਸਿੰਘ ਨੇ ਜਨਮ ਲਿਆ।[੬]

*ਵਾਰਡ ਨੰ:੨, ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ-੧੪੦੧੧੨। ਮੋ: +੯੧੯੧੪੬੩-੮੭੩੯੮.

**ਗੁਰੂ ਜੀ ਦੀ ਸ਼ਰਨ ਵਿਚ ਆਉਣਾ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤ ਨੂੰ ੧੭੫੬ ਬਿਕ੍ਰਮੀ ਦੀ ਵੈਸਾਖੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਲਈ ਹੁਕਮਨਾਮੇ ਭੇਜੇ ਸਨ। ਇਸੇ ਸਮੇਂ ਭਾਈ ਮਨੀ ਸਿੰਘ ਆਪਣੇ ਪੰਜ ਪੁੱਤਰਾਂ (ਭਾਈ ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ) ਸਮੇਤ ਗੁਰੂ ਜੀ ਦੀ ਸ਼ਰਨ ਵਿਚ ਆਏ। ਉਨ੍ਹਾਂ ਨੇ ਆਪਣੇ ਪੰਜੇ ਪੁੱਤਰ ਗੁਰੂ ਜੀ ਦੀ ਸੈਨਾ ਲਈ ਭੇਟ ਕਰ ਦਿੱਤੇ ਅਤੇ ਆਪ ਵੀ ਹਮੇਸ਼ਾਂ ਲਈ ਗੁਰੂ ਜੀ ਦੀ ਹਜ਼ੂਰੀ ਵਿਚ ਰਹਿਣ ਦਾ ਮਨ ਬਣਾ ਲਿਆ। ਇਸ ਸੰਬੰਧੀ ਭਾਈ ਸੰਤੋਖ ਸਿੰਘ ਲਿਖਦੇ ਹਨ:

*ਪੁਰ ਮੁਲਤਾਨ ਅਲੀਪੁਰ ਨੇਰੇ। ਮਾਈ ਦਾਸ ਰਾਜਪੂਤ ਬਸੇਰੇ।੨੫।*
*ਤਿਸ ਕੋ ਮਨੀ ਰਾਮ ਸੁਤ ਹੋਯੋ। ਆਇ ਤਹਾਂ ਗੁਰ ਦਰਸ਼ਨ ਜੋਯੋ।*
*ਪਾਂਚ ਪੁਤ੍ਰ ਲੈ ਅਪਨੇ ਸਾਥ। ਸ਼ਰਨੀ ਪਰਯੋ ਰਹਿਯੋ ਗੁਰ ਨਾਥ।੨੬।*
*ਸੋ ਪੰਚਹੁ ਭਰਾਤਾ ਕਰ ਖਰੇ। ਸਿੰਘ ਨਾਮ ਗੁਰ ਤਿਨ ਕੇ ਧਰੇ।*
*ਬਡੇ ਬਚਿਤ੍ਰ ਸਿੰਘ ਭੱਟ ਭਯੋ। ਉਦੇ ਸਿੰਘ ਦੂਸਰ ਬਿਦਤਯੋ।੨੭।*
*ਅਨਿਕ ਸਿੰਘ ਅਰ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨ।*
*ਅੰਮ੍ਰਿਤ ਖੰਡੇ ਕੋ ਤਿਨ ਦੀਨਾ। ਮਾਨਹੁ ਪੰਚ ਪਾਂਡਵ ਬਲ ਪੀਨਾ।੨੮।*
*ਰਨ ਮਹਿ ਕਰੇ ਕਰਮ ਜਿਨ ਭੀਖਨ। ਰਿਪੂ ਮਾਰੇ ਜਿਨ ਸ਼ਸਤ੍ਰ ਤੀਖਨ।*[੭]

ਖ਼ਾਲਸਾ ਸਿਰਜਣਾ ਵਾਲੇ ਦਿਨ ਹੀ ਭਾਈ ਮਨੀ ਸਿੰਘ ਜੀ ਦੇ ਪੰਜਾਂ ਪੁੱਤਰਾਂ ਨੇ ਵੀ ਗੁਰੂ ਜੀ ਤੋਂ ਅੰਮ੍ਰਿਤ-ਪਾਨ ਕੀਤਾ। ਭਾਈ ਉਦੈ ਸਿੰਘ ਖ਼ਾਲਸਾ ਬਣਨ ਤੋਂ ਬਾਅਦ ਗੁਰੂ ਜੀ ਦੇ ਅੰਗ-ਸੰਗ ਰਹੇ।[੮]

**ਜੰਗਾਂ ਵਿਚ ਹਿੱਸਾ ਲੈਣਾ**

ਭਾਈ ਉਦੈ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਕਈ ਜੰਗਾਂ ਵਿਚ ਹਿੱਸਾ ਲਿਆ ਅਤੇ ਬਹੁਤ ਬਹਾਦਰੀ ਨਾਲ ਜੂਝਦਿਆਂ ਦੁਸ਼ਮਣ ਦਲਾਂ ਉੱਤੇ ਫ਼ਤਿਹ ਪ੍ਰਾਪਤ ਕੀਤੀ। ਉਨ੍ਹਾਂ ਨੇ ਨਿਰਮੋਹਗੜ੍ਹ, ਬਸਾਲੀ, ਕਲਮੋਟ ਅਤੇ ਸ਼ਾਹੀ ਟਿੱਬੀ ਵਿਖੇ ਹੋਈਆਂ ਜੰਗਾਂ ਵਿਚ ਵੀ ਬਹਾਦਰੀ ਨਾਲ ਹਿੱਸਾ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਦੋ ਵਾਰ ਬਜਰੂੜ ਦੇ ਰੰਘੜਾਂ ਨੂੰ ਸੋਧਣ ਦੀ ਮੁਹਿੰਮ ਵਿਚ ਵੀ ਹਿੱਸਾ ਲਿਆ, ਜਿਸਦਾ ਜ਼ਿਕਰ 'ਗੁਰੂ ਕੀਆਂ ਸਾਖੀਆਂ' ਵਿਚ ਇੰਞ ਮਿਲਦਾ ਹੈ:

> "ਪੋਠੋਹਾਰ ਸੇ ਆਇ ਰਹੀ ਸਿੱਖ ਸੰਗਤ ਕੋ ਜੇਠ ਸੁਦੀ ਪੰਚਮੀ ਕੇ ਦਿਹੁੰ ਨੂਹ ਗਾਂਉਂ ਕੇ ਰੰਘੜਾਂ ਨੇ ਲੂਟ ਲੀਆ, ਸੰਗਤ ਅਨੰਦਪੁਰ ਗੁਰੂ ਦਰਬਾਰ ਮੇਂ ਫਰਿਆਦੀ ਹੋਈ। ...ਸਤਿਗੁਰਾਂ ਸਾਰੀ ਬਾਰਤਾ ਸੁਨ ਅਗਲੇ ਦਿਵਸ ਸਾਹਿਬਜ਼ਾਦਾ ਅਜੀਤ ਸਿੰਘ ਕੀ ਜਥੇਦਾਰੀ ਨੀਚੇ ਉਦੈ ਸਿੰਘ ਆਦਿ ਸੌ ਸਿੰਘਾਂ ਕੋ ਰਵਾਨਾ ਕੀਆ, ਇਨ੍ਹਾਂ ਰਮਾਂ-ਰਮੀਂ ਜਾਇ ਨੂਹ ਗਾਂਉਂ ਵਾਲੋਂ ਕੀ ਚੰਗੀ ਖੁੰਬ ਠੱਪੀ।"[੯]

ਦੂਜੀ ਵਾਰ ਬਜਰੂੜ ਦੇ ਰੰਘੜਾਂ ਨੇ ਦੜਪ ਦੇਸ਼ (ਰਾਵੀ ਅਤੇ ਚਨਾਬ ਦੇ ਵਿਚਕਾਰ ਦਾ ਇਲਾਕਾ) ਦੀ ਸੰਗਤ ਨੂੰ ਲੁੱਟ ਲਿਆ ਸੀ। ਇਸ ਸਿੱਖ ਸੰਗਤ ਨੇ ਵੀ ਗੁਰੂ ਜੀ ਪਾਸ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਫਰਿਆਦ ਕੀਤੀ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਭਾਈ ਉਦੈ ਸਿੰਘ ਨੂੰ ਸੌ ਸਿੱਖਾਂ ਨਾਲ ਬਜਰੂੜ ਦੇ ਰੰਘੜਾਂ ਨੂੰ ਸੋਧਣ ਲਈ ਭੇਜਿਆ। ਇਸ ਸਮੇਂ ਚਿੱਤੂ, ਮਿੱਤੂ ਨਾਂ ਦੇ ਰੰਘੜ ਮੈਦਾਨ-ਏ-ਜੰਗ ਵਿਚ ਮਾਰੇ ਗਏ ਸਨ।[੧੦]

ਭਾਈ ਉਦੈ ਸਿੰਘ ਨੇ ਇਕ ਵਾਰ ਸ਼ਿਕਾਰ ਕਰਦੇ ਸਮੇਂ ਪਹਾੜੀ ਰਾਜੇ ਬਲੀਆ ਚੰਦ ਦਾ ਮੁਕਾਬਲਾ ਵੀ ਕੀਤਾ ਜਿਸ ਨੇ ਗੁਰੂ ਜੀ ਉੱਤੇ ਹਮਲਾ ਕਰਨ ਲਈ ਘਾਤ ਲਗਾਈ ਸੀ। ਗੁਰੂ ਜੀ ਦੇ ਆਦੇਸ਼ ਅਨੁਸਾਰ ਭਾਈ ਉਦੈ ਸਿੰਘ ਅਤੇ ਆਲਮ ਸਿੰਘ ਨੇ ਰਾਜਾ ਬਲੀਆ 'ਤੇ ਹਮਲਾ ਕਰ ਕੇ, ਉਸ ਨੂੰ ਜ਼ਖ਼ਮੀ ਕਰ ਦਿੱਤਾ ਪਰ ਉਹ ਜਾਨ ਬਚਾ ਕੇ ਭੱਜ ਗਿਆ। 'ਗੁਰੂ ਕੀਆਂ ਸਾਖੀਆਂ' ਅਨੁਸਾਰ:

> "ਅਸਾਢ ਬਦੀ ਦਸਮੀ ਕੇ ਦਿਹੁੰ ਗੁਰੂ ਸਾਹਿਬ ਭਾਈ ਉਦੈ ਸਿੰਘ ਆਦਿ ਮੁਖੀ ਸਿੱਖਾਂ ਸਮੇਤ ਕਟੋਚਾਂ ਕੀ ਹਦੂਦ ਕੀ ਤਰਫ ਸ਼ਿਕਾਰ ਖੇਡਨੇ ਗਏ। ਰਾਜਾ ਬਲੀਆ ਚੰਦ ਤੇ ਆਲਮ ਚੰਦ ਘਾਤ ਪਾਇ ਸਤਿਗੁਰਾਂ ਤੇ ਆਇ ਹਮਲਾ ਕਰ ਦੀਆ। ਗੁਰੂ ਜੀ ਅਰਾਕੀ ਕੋ ਭਜਾਇ ਏਕ ਕਰੌਂਦੇ ਕੇ ਬੂਟੇ ਤਲੇ ਜਾਇ ਖਲੇ ਹੂਏ। ਊਦੈ ਸਿੰਘ, ਆਲਮ ਸਿੰਘ ਆਦਿ ਸਿੰਘਾਂ ਸੇ ਬਚਨ ਹੋਆ ਕਿ ਤੁਸਾਂ ਇਨ੍ਹੇ ਕੀਏ ਹਮਲੇ ਕਾ ਪੂਰੀ ਤਰਹ ਮਜਾ ਚਖਾਏਂ। ਬਚਨ ਪਾਇ ਭਾਈ ਉਦੈ ਸਿੰਘ, ਆਲਮ ਸਿੰਘ ਆਦਿ ਸਿੰਘਾਂ ਰਾਜਾ ਬਲੀਆ ਚੰਦ ਤੇ ਇਸ ਕੇ ਸਾਥੀਆਂ ਕੋ ਮਾਰ ਕੇ ਪੀਛੇ ਧਕੇਲ ਦੀਆ। ਦੂੰਹੀ ਤਰਫੀਂ ਬੜਾ ਬਗਮੇਲ ਜੰਗ ਹੂਆ, ਬਲੀਆ ਚੰਦ ਤੇ ਆਲਮ ਚੰਦ ਦੋਨੋਂ ਊਦੈ ਸਿੰਘ ਤੇ ਆਲਮ ਸਿੰਘ ਕੇ ਹਾਥ ਸੇ ਘਾਇਲ ਹੂਏ ਤੇ ਜਾਨਾਂ ਬਚਾਇ ਕੇ ਭਾਗ ਗਏ।"[੧੧]

## ਸ਼ੇਰ ਦਾ ਸ਼ਿਕਾਰ ਕਰਨਾ

ਭਾਈ ਉਦੈ ਸਿੰਘ ਇੱਕ ਚੰਗੇ ਨਿਸ਼ਾਨਚੀ ਵੀ ਸਨ, ਉਨ੍ਹਾਂ ਨੇ ਇੱਕ ਸ਼ੇਰ ਦਾ ਸ਼ਿਕਾਰ ਬੰਦੂਕ ਨਾਲ ਕੀਤਾ। ਇਸ ਸ਼ੇਰ ਦੀ ਖੱਲ ਬਾਅਦ ਵਿਚ ਗੁਰੂ ਜੀ ਦੇ ਆਖਣ 'ਤੇ ਖੋਤੇ ਨੂੰ ਪਹਿਨਾ ਕੇ ਖੇਤਾਂ ਵਿਚ ਛੱਡ ਦਿੱਤਾ ਗਿਆ ਸੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ:

> "ਸਾਵਨ ਬਦੀ ਏਕਮ ਕੇ ਦਿਵਸ ਭਾਈ ਉਦੈ ਸਿੰਘ ਸਾਥੀ ਸਿਖਾਂ ਸਮੇਤ ਸ਼ਿਕਾਰ ਖੇਲਨੇ ਗਿਆ। ਆਗੇ ਸੇ ਏਕ ਬੱਬਰ ਸ਼ੇਰ ਭਬਕ ਮਾਰ ਕੇ ਇੱਕ ਸਿੰਘ ਸੇ ਆਇ ਲਪਕਾ। ਇਸੇ ਭਾਈ ਉਦੈ ਸਿੰਘ ਨੇ ਬੰਦੂਕ ਕੀ ਏਕ ਗੋਲੀ ਸੇ ਢਹਿ-ਢੇਰੀ ਕਰ ਦੀਆ ਅਤੇ ਵਾਪਸੀ ਆਇ ਗੁਰੂ ਜੀ ਸੇ ਸਾਰੀ ਵਾਰਤਾ ਸ਼ਿਕਾਰ ਖੇਲਨੇ ਕੀ ਸੁਨਾਈ। ਸਤਿਗੁਰੂ ਜੀ ਉਦੈ ਸਿੰਘ ਕੀ ਬਹਾਦਰੀ ਦੇਖ ਬੜੇ ਪ੍ਰਸੰਨ ਹੂਏ। ਦੀਵਾਨ ਸਾਹਿਬ ਸਿੰਘ ਸੇ ਬਚਨ ਹੂਆ ਕਿ ਇਸ ਸ਼ੇਰ ਕੀ ਪੋਸ਼ਿਸ਼ ਉਤਾਰ ਕੇ ਕਿਸੀ ਗਧੇ ਤੇ ਮੜ੍ਹਾਇ ਦੀ ਜਾਵੇ। ਹੁਕਮ

ਪਾਇ ਸਿੰਘਾਂ ਐਸਾ ਹੀ ਕੀਆ। ਸੰਧਿਆ ਕੇ ਬਾਦ ਇਸੇ ਕਿਲਾ ਅਨੰਦਗੜ੍ਹ ਦੁਰਾਡੇ ਖੇਤੋ ਮੇ ਛੋਰਾ ਗਿਆ।"[੧੨]

ਲੋਕ ਉਸ ਤੋਂ ਡਰਨ ਲੱਗੇ। ਕੋਈ ਵੀ ਉਸਦੇ ਕੋਲ ਨਹੀਂ ਜਾਂਦਾ ਸੀ। ਕੁਝ ਦਿਨ ਬਾਅਦ ਉਹ ਗਧਾ ਆਪਣੇ ਮਾਲਕ ਘੁਮਿਆਰ ਕੋਲ ਵਾਪਸ ਚਲਾ ਗਿਆ ਅਤੇ ਹੀਂਗਣ ਲੱਗਾ। ਜਦੋਂ ਘੁਮਿਆਰ ਨੂੰ ਸਚਾਈ ਦਾ ਪਤਾ ਲੱਗਿਆ ਤਾਂ ਉਸ ਦਾ ਬਣਿਆ ਹੋਇਆ ਡਰ ਖਤਮ ਹੋ ਗਿਆ ਅਤੇ ਉਸ ਨੇ ਪਹਿਲਾਂ ਵਾਂਗ ਹੀ ਗਧੇ ਨੂੰ ਭਾਰ ਢੋਣ ਲਗਾ ਦਿੱਤਾ। ਸਿੱਖਾਂ ਨੇ ਗੁਰੂ ਜੀ ਤੋਂ ਇਸ ਘਟਨਾ ਸੰਬੰਧੀ ਪੁੱਛਿਆ ਤਾਂ ਗੁਰੂ ਜੀ ਨੇ ਆਖਿਆ ਕਿ ਜਦ ਤਕ ਤੁਸੀਂ ਜਾਤ-ਪਾਤ ਤੇ ਕੁਲ ਪਰੰਪਰਾ ਨਾਲ ਬੱਝੇ ਹੋਏ ਸੀ ਤੁਸੀਂ ਗਧਿਆਂ ਵਰਗੇ ਸੀ ਭਾਵ ਨੀਵੇਂ ਲੋਕਾਂ ਦੇ ਅਧੀਨ ਸੀ। ਮੈਂ ਤੁਹਾਨੂੰ ਇਨ੍ਹਾਂ ਦੁਨਿਆਵੀ ਬੰਧਨਾਂ ਤੋਂ ਮੁਕਤ ਕਰ ਦਿੱਤਾ ਹੈ। ਜੇਕਰ ਤੁਸੀਂ ਸਿੰਘ ਨਾਂ ਅਤੇ ਬਾਣੇ ਦੀ ਲਾਜ ਪਾਲੋਗੇ ਤਾਂ ਕੋਈ ਵੀ ਤਾਕਤ ਤੁਹਾਨੂੰ ਦਬਾ ਨਹੀਂ ਸਕੇਗੀ ਅਤੇ ਜੇਕਰ ਸਿੱਖ ਫਿਰ ਪਿਛਲੀ ਜਾਤ-ਪਾਤ ਵਿਚ ਜਾ ਰਲਣਗੇ ਤਾਂ ਉਨ੍ਹਾਂ ਦਾ ਹਾਲ ਵੀ ਗਧੇ ਵਾਲਾ ਹੀ ਹੋਵੇਗਾ।[੧੩]

## ਰਾਜਾ ਕੇਸਰੀ ਚੰਦ ਦਾ ਸਿਰ ਵੱਢਣਾ

ਭਾਈ ਉਦੈ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਵਿਚ ਵੀ ਹਿੱਸਾ ਲਿਆ, ਜਿਸ ਵਿਚ ਉਹ ਪਹਾੜੀ ਰਾਜੇ ਕੇਸਰੀ ਚੰਦ ਦਾ ਸਿਰ ਵੱਢ ਕੇ ਨੇਜੇ ਵਿਚ ਟੰਗ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਲੈ ਕੇ ਆਇਆ ਸੀ। ਇਸ ਸਬੰਧੀ 'ਗੁਰੂ ਕੀਆਂ ਸਾਖੀਆਂ' ਵਿਚ ਲਿਖਿਆ ਹੈ ਕਿ:

"ਭਾਈ ਉਦੈ ਸਿੰਘ ਕਿਲ੍ਹਾ ਲੋਹਗੜ੍ਹ ਕੇ ਦਰਵਾਜੇ ਮੇਂ ਘੋੜੇ ਤੇ ਅਸਵਾਰ ਹੋਇ ਦੇਖ ਰਹਾ ਥਾ, ਸਤਿ ਸ੍ਰੀ ਅਕਾਲ ਕਾ ਜੈਕਾਰਾ ਬੁਲਾਇ ਘੋੜੇ ਸੇ ਐਡੀ ਮਾਰ ਕੇਸਰੀ ਚੰਦ ਕੇ ਸਾਵ੍ਹੇ ਜਾਇ ਖਲਾ ਹੂਆ। ਉਦੈ ਸਿੰਹ ਬਿਜਲੀ ਕੀ ਕੜਕ ਸੇ ਬੋਲਾ, ਕੇਸਰੀ ਚੰਦ! ਅਪਨਾ ਵਾਰ ਕਰ ਲੈ, ਨਹੀਂ ਤੋਂ ਮੇਰਾ ਵਾਰ ਆਇਆ।' ਰਾਜਾ ਕੇਸਰੀ ਚੰਦ ਨੇ ਉਦੈ ਸਿੰਘ ਪੈ ਤਲਵਾਰ ਸੇ ਵਾਰ ਕੀਆ ਜੋ ਖਾਲੀ ਗਿਆ। ਉਦੈ ਸਿੰਘ ਨੇ ਪਰਤਵਾਂ ਵਾਰ ਸ੍ਰੀ ਸਾਹਿਬ ਸੇ ਐਸਾ ਕੀਆ ਜਿਸ ਸੇ ਕੇਸਰੀ ਚੰਦ ਕਾ ਸੀਸ ਧੜ ਸੇ ਜੁਦਾ ਹੋਇ ਗਿਆ। ਇਸ ਬਹਾਦਰ ਜੋਧੇ ਨੇ ਫੁਰਤੀ ਸੇ ਪਰਬਤੀਆਂ ਕੇ ਦੇਖਦੇ ਦੇਖਦੇ ਨੀਚੇ ਪਰੇ ਸਿਰ ਕੋ ਨੇਜੇ ਮੇਂ ਪਰੋਇ ਵਾਪਸ ਕਿਲ੍ਹਾ ਅਨੰਦਗੜ੍ਹ ਕੀ ਤਰਫ ਆਇ ਗਿਆ। ...ਭਾਈ ਉਦੈ ਸਿੰਘ ਕਿਲ੍ਹਾ ਅਨੰਦਗੜ੍ਹ ਮੇਂ ਜਾਇ ਰਾਜਾ ਕੇਸਰੀ ਚੰਦ ਕਾ ਸੀਸ ਗੁਰ ਚਰਨਾਂ ਮੇਂ ਟਿਕਾਇ ਗੱਜ ਕੇ ਗੁਰ ਫਤੇ ਗਜਾਈ।"[੧੪]

## ਸ਼ਾਹੀ ਟਿੱਬੀ ਉਤੇ ਜੰਗ ਅਤੇ ਸ਼ਹਾਦਤ

ਅਨੰਦਪੁਰ ਸਾਹਿਬ ਛੱਡਣ ਸਮੇਂ ਭਾਈ ਉਦੈ ਸਿੰਘ ਆਪਣੇ ਸਾਥੀ ਸਿੰਘਾਂ ਸਮੇਤ, ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਅਗਵਾਈ ਵਿਚ ਸਾਰੇ ਵਹੀਰ ਦੇ ਪਿਛਲੇ ਪਾਸੇ ਚੱਲ

ਰਹੇ ਸਨ। ਸ਼ਾਹੀ ਟਿੱਬੀ ਦੇ ਨਜ਼ਦੀਕ ਦੁਸ਼ਮਣ ਸੈਨਾਵਾਂ ਨੇ ਹਮਲਾ ਕਰ ਦਿੱਤਾ। ਇਸ ਸਥਾਨ ਉਤੇ ਬਹੁਤ ਗਹਿਗੱਚ ਲੜਾਈ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਉਦੈ ਸਿੰਘ ਨੂੰ ਪੰਜਾਹ ਸਿੰਘ ਲੜਨ ਵਾਸਤੇ ਦੇ ਕੇ ਸ਼ਾਹੀ ਟਿੱਬੀ ਵਾਲੇ ਅਸਥਾਨ ਉਤੇ ਤਾਇਨਾਤ ਕੀਤਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਦੁਸ਼ਮਣ ਸੈਨਾਵਾਂ ਦੇ ਘੇਰੇ ਵਿੱਚੋਂ ਕੱਢ ਕੇ ਅੱਗੇ ਭੇਜਣ ਲਈ ਆਦੇਸ਼ ਕੀਤਾ। ਇਸ ਸਬੰਧੀ 'ਗੁਰੂ ਕੀਆਂ ਸਾਖੀਆਂ' ਵਿਚ ਲਿਖਿਆ ਹੋਇਆ ਹੈ:

"ਗੁਰੂ ਕੀਰਤਪੁਰ ਲੰਘ ਨਿਰਮੋਹਗਢ ਸੇ ਆਗੇ ਸ਼ਾਹੀ ਟਿੱਬੀ ਤੇ ਜਾਇ ਖਲੇ ਹੂਏ। ਪਰਬਤੀ ਰਾਜਯੋਂ ਨੇ ਸਮਾਂ ਗਨੀਮਤ ਜਾਨ ਪੀਛੇ ਸੇ ਤੀਰ ਗੋਲੀ ਸੇ ਹਮਲਾ ਕਰ ਦੀਆ। ਸਤਿਗੁਰਾਂ ਭਾਈ ਉਦੈ ਸਿੰਘ ਕੀ ਤਰਫ ਦੇਖਾ-ਇਸੇ ਜੋੜਾ ਜਾਮਾ ਬਖਸ਼ ਲੜਨੇਂ ਕੇ ਲੀਏ ਪਚਾਸ ਸਿਖ ਦੇ ਕੇ ਸ਼ਾਹੀ ਟਿਬੀ ਪਰ ਤਾਈਨਾਤ ਕੀਆ। ਬਚਨ ਹੋਆ-ਉਦੈ ਸਿੰਘ! ਪੀਛੇ ਸੇ ਅਜੀਤ ਸਿੰਘ ਸਾਹਿਬਜ਼ਾਦਾ, ਭਾਈ ਬੁੱਢਾ ਸਿੰਘ ਆਦਿ ਸਿੱਖਾਂ ਕੇ ਗੈਲ ਆਇ ਰਹਾ ਹੈ, ਉਸੇ ਕਹਿਨਾ ਤੇਰੀ ਇਹ ਜਗ੍ਹਾ ਨਹੀਂ, ਅਗੇ ਹੈ। ਤੁਸਾਂ ਯਹਾਂ ਲੜ ਕੇ ਸ਼ਹਾਦਤ ਪਾਨਾ, ਗੁਰੂ ਅੰਗ ਸੰਗ ਹੋਇਗਾ।"[੧੫]

ਕਵਿ ਸੈਨਾਪਤਿ ਨੇ ਭਾਈ ਉਦੈ ਸਿੰਘ ਜੀ ਦੁਆਰਾ ਵੈਰੀਆਂ ਦਾ ਸੰਘਾਰ ਕਰਨ ਸਬੰਧੀ ਇੰਵ ਲਿਖਿਆ ਹੈ:

*ਸ਼ਾਹੀ ਟਿੱਬੀ ਆਨਿ ਕੈ ਖੜੇ ਭਏ ਤਿਹ ਥਾਨ।*
*ਰਾਜਾ ਅਰੁ ਤੁਰਕਾਨ ਸਬ ਨਿਕਟ ਪਹੁੰਚੇ ਆਨਿ॥੪੭੦॥*
*ਉਦੇ ਸਿੰਘ ਲਲਕਾਰ ਕੈ ਖੁਸ਼ੀ ਕਰੀ ਕਰਤਾਰ।*
*ਸਫਲ ਜਨਮੁ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ॥੪੭੧॥*[੧੬]

ਭਾਈ ਉਦੈ ਸਿੰਘ ਦੁਆਰਾ ਕੀਤੇ ਜ਼ੋਰਦਾਰ ਜੰਗ ਦਾ ਦ੍ਰਿਸ਼ ਭਾਈ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

*ਸੁਨਹੁ ਉਦੇ ਸਿੰਘ ਸੋਂ ਰਣ ਭਾ ਜਿਮ ਢੂਕੇ ਤੁਰਕ ਪਹਾਰੀ।*
*ਜਾਨਯੋਂ ਗੁਰੂ ਇਹਾਂ ਰਣ ਘਾਲਤਿ, ਪਕਰ ਕਿਧੌਂ ਲਿਹੁ ਮਾਰੀ॥੪੭॥*
*ਪਾਇ ਜ਼ੋਰ ਅਨਗਨਤ ਚਮੂੰ ਤਬਿ ਉਮਡੀ ਓਰੜ ਆਈ।*
*ਧੁਖਹਿਂ ਪਲੀਤੇ ਛੂਟਹਿਂ ਗੁਲਕਾ, ਗਿਰਹਿਂ ਬੀਰ ਸਮੁਦਾਈ॥੪੮॥*
*ਰੁਪਯੋ ਉਦੈ ਸਿੰਘ ਤਜਤਿ ਨ ਥਲ ਕੋ ਹਤਹਿ ਤੀਰ ਕਰਿ ਕ੍ਰੋਧਾ।*
*ਲਲਕਾਰਤਿ ਮਾਰਹੁ ਰਿਪੁ ਗਨੁ ਕੋ ਇਮ ਕਹਿ ਆਗਾ ਰੋਧਾ॥੪੯॥...*

ਦੁਸ਼ਮਣ ਸੈਨਾ ਦੇ ਜ਼ੋਰਦਾਰ ਹੱਲੇ ਤੋਂ ਬਾਅਦ ਭਾਈ ਉਦੈ ਸਿੰਘ ਕ੍ਰੋਧ ਵਿਚ ਆ ਗਏ। ਉਨ੍ਹਾਂ ਨੇ ਬਹੁਤ ਸਾਰੇ ਤੀਰ ਚਲਾਏ, ਜਦੋਂ ਭੱਥਾ ਖਾਲੀ ਹੋ ਗਿਆ ਤਾਂ ਉਨ੍ਹਾਂ ਨੇ ਮਿਆਨ ਵਿੱਚੋਂ ਆਪਣੀ ਕਿਰਪਾਨ ਕੱਢ ਲਈ ਅਤੇ ਬਹੁਤ ਸਾਰੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਭਾਈ ਉਦੈ ਸਿੰਘ ਦੇ ਹਮਲੇ ਤੋਂ ਭੈ-ਭੀਤ ਹੋ ਕੇ ਵੈਰੀਆਂ ਨੇ ਇਕੱਠਿਆਂ ਹੀ ਗੋਲੀਆਂ ਦੀ ਬੁਛਾੜ ਕਰ ਦਿੱਤੀ, ਜਿਸ ਨਾਲ ਭਾਈ ਉਦੈ ਸਿੰਘ ਦੇ ਸਰੀਰ ਉਤੇ ਅਨੇਕਾਂ ਗੋਲੀਆਂ ਲੱਗੀਆਂ। ਜਦੋਂ ਉਹ ਜ਼ਖ਼ਮੀ ਹੋ ਕੇ ਵੀ ਜ਼ਮੀਨ ਉਤੇ ਨਾ ਡਿੱਗੇ ਅਤੇ ਰਣਖੇਤਰ ਵਿਚ ਤਲਵਾਰ ਚਲਾਉਂਦੇ ਰਹੇ ਤਾਂ ਵੈਰੀ ਨੇ ਸਮਝਿਆ ਕਿ ਇਹੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਸਾਰਿਆਂ ਨੇ ਰਲ ਕੇ ਹੱਲਾ ਕੀਤਾ ਅਤੇ ਭਾਈ ਉਦੈ ਸਿੰਘ ਨੇ ਡੇਢ ਪਹਿਰ ਤਕ ਉਨ੍ਹਾਂ ਨੂੰ ਪਿੱਛੇ ਹੀ ਰੋਕ ਕੇ ਰੱਖਿਆ।

ਭਾਈ ਉਦੈ ਸਿੰਘ ਦੇ ਹਮਲੇ ਤੋਂ ਭੈਭੀਤ ਹੋ ਕੇ ਦੁਸ਼ਮਣ ਸੈਨਾਵਾਂ ਨੇ ਇੱਕੋ ਵਾਰ ਇਕੱਠੇ ਤੀਰਾਂ-ਗੋਲੀਆਂ ਦੀ ਬਾਰਿਸ਼ ਕਰ ਦਿੱਤੀ। ਜਿਸ ਨਾਲ ਉਹ ਸਖਤ ਜ਼ਖ਼ਮੀ ਹੋ ਗਏ ਅਤੇ ਬਹਾਦਰੀ ਨਾਲ ਜੂਝਦੇ ਹੋਏ ੭ ਪੋਹ, ੧੭੬੨ ਬਿ.[੧੭] ਨੂੰ ਸ਼ਹੀਦ ਹੋ ਗਏ। ਭਾਈ ਉਦੈ ਸਿੰਘ ਦੀ ਸ਼ਹੀਦੀ ਸੰਬੰਧੀ ਜਾਣਕਾਰੀ 'ਭੱਟ ਵਹੀ ਕਰਸਿੰਧੂ ਪਰਗਨਾਂ ਸਫੀਦੋਂ' ਵਿਚ ਇਸ ਪ੍ਰਕਾਰ ਲਿਖੀ ਹੋਈ ਹੈ:

> "ਉਦੈ ਸਿੰਘ ਬੇਟਾ ਮਨੀ ਸਿੰਘ, ਪੋਤਾ ਮਾਈਦਾਸ ਕਾ, ਪੜਪੋਤਾ ਬੱਲੂਰਾਇ ਕਾ ਚੰਦਰਬੰਸੀ ਭਾਰਦੁਆਜੀ ਗੋਤਰਾ ਪੁਆਰ ਬੰਸ, ਬੀੜੇ ਕਾ ਬੰਝਰਉਤ ਜਲਹਾਨਾਂ- ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਦਿਹੁੰ ਸਾਤ ਗਏ ਵੀਰਵਾਰ ਕੇ ਦਿਵਸ ਪਚਾਸ ਸਿਖਾਂ ਕੋ ਗੈਲ ਲੈ ਸ਼ਾਹੀ ਟਿੱਬੀ ਕੇ ਮਲਹਾਨ ਪਰਗਨਾਂ ਭਰਥਗਢ ਰਾਜ ਕਹਿਲੂਰ ਆਧ ਘਰੀ ਦਿਹੁੰ ਨਿਕਲੇ, ਰਾਜਾ ਅਜਮੇਰਚੰਦ ਬੇਟਾ ਭੀਮਚੰਦ ਕਾ, ਪੋਤਾ ਦੀਪ ਚੰਦ ਕਾ, ਪੜਪੋਤਾ ਤਾਰਾਚੰਦ ਜਾ ਬੰਸ ਕਲਿਆਨਚੰਦ ਕੀ, ਚੰਦੇਲ ਗੋਤਰਾ ਰਾਣੇ ਕੀ ਫੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ।"[੧੮]

ਭਾਈ ਉਦੈ ਸਿੰਘ ਜੀ ਦਾ ਮੁਹਾਂਦਰਾ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਮਿਲਦਾ ਸੀ, ਜਿਸ ਕਾਰਨ ਦੁਸ਼ਮਣ ਦਲ ਨੂੰ ਇਸ ਤਰ੍ਹਾਂ ਜਾਪਿਆ ਕਿ ਅਸੀਂ ਗੁਰੂ ਨੂੰ ਹੀ ਮਾਰ ਲਿਆ ਹੈ:

*ਉਦੈ ਸਿੰਘ ਸੂਰਤ ਗੁਰ ਕੀ ਐਨ। ਦੀਯੋ ਸਬ ਸ਼ੁਕਲਾਤ ਅਪਨੀ ਸੁ ਬੈਨ।*
*ਖੜਾ ਹੂਆ ਸਿੰਘ ਸੂਰਤਣੇ ਸ਼ਤ੍ਰ ਸੈਨਾ। ਮਾਨੋ ਇੰਦ੍ਰ ਰੋਕਤੀ ਦਾਨਵੀ ਦੈਨਾ।...*
*ਲੜਤ ਗੁਰ ਹੇਤੁ ਸਿੱਖ ਦੀਨੇ ਸੁ ਪ੍ਰਾਨ। ਉਦੈ ਸਿੰਘ ਮਾਰਯੋ ਗੁਰ ਕੇ ਭੁਲਾਨ।*
*ਹੂਏ ਖੁਸ਼ ਮੂੜ੍ਹ ਝੂਠੇ ਜਾਨੀ ਨ ਬਾਤ। ਗੁਰੂ ਜੀ ਗਏ ਜਿਉਂ ਨ੍ਰਿਪ ਸੋ ਜਦੁਤਾਤ।*[੧੯]

## ਸੰਬੰਧਿਤ ਅਸਥਾਨ

### ਗੁਰਦੁਆਰਾ ਤੀਰ ਸਾਹਿਬ, ਸ਼ਾਹੀ ਟਿੱਬੀ (ਪਿੰਡ ਝੱਖੀਆਂ)

ਇਹ ਅਸਥਾਨ ਪਿੰਡ ਝੱਖੀਆਂ ਵਿਚ ਰੂਪਨਗਰ-ਕੀਰਤਪੁਰ ਵਾਲੀ ਸੜਕ ਉੱਤੇ ਲਗਪਗ ੬ ਕਿਲੋਮੀਟਰ ਦੀ ਦੂਰੀ ਉਤੇ ਵੱਸਿਆ ਹੋਇਆ ਹੈ। ਇਤਿਹਾਸਿਕ 'ਗੁਰਦੁਆਰਾ ਤੀਰ ਸਾਹਿਬ', ਜੋ ਕਿ ਮੁੱਖ ਸੜਕ ਤੋਂ ਸੌ ਮੀਟਰ ਪਿੱਛੇ ਹਟਵਾਂ ਹੈ। ਸਿੱਖ ਇਤਿਹਾਸ ਵਿਚ ਇਸ ਅਸਥਾਨ ਦਾ ਨਾਂ 'ਸ਼ਾਹੀ ਟਿੱਬੀ' ਪ੍ਰਚਲਿਤ ਹੈ।

ਇਸ ਅਸਥਾਨ ਉਤੇ ਭਾਈ ਉਦੈ ਸਿੰਘ ਦੀ ਅਗਵਾਈ ਵਿਚ ੫੦ ਸਿੰਘ ਅਤੇ ਮੁਗ਼ਲ ਸੈਨਿਕਾਂ ਨਾਲ ਗਹਿਗਚ ਲੜਾਈ ਹੋਈ, ਜਿਸ ਵਿਚ ਸਾਰੇ ਸਿੰਘ ਸ਼ਹੀਦ ਹੋ ਗਏ। ਉਨ੍ਹਾਂ ਦੀ ਯਾਦ ਵਿਚ ਉੱਥੇ 'ਗੁਰਦੁਆਰਾ ਤੀਰ ਸਾਹਿਬ' ਬਣਿਆ ਹੋਇਆ ਹੈ। ਹੁਣ ਇਸ ਅਸਥਾਨ ਦਾ ਪ੍ਰਬੰਧ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਕੋਲ ਹੈ। ਇੱਥੇ ਭਾਈ ਉਦੈ ਸਿੰਘ ਦਾ ਸਹੀਦੀ ਦਿਹਾੜਾ ਹਰ ਸਾਲ ੭ ਪੋਹ ਨੂੰ ਮਨਾਇਆ ਜਾਂਦਾ ਹੈ।

**ਸ਼ਹੀਦੀ ਅਸਥਾਨ ਸ਼੍ਰੋਮਣੀ ਸ਼ਹੀਦ ਭਾਈ ਉਦੈ ਸਿੰਘ ਅਤੇ ਕਲਪ ਬ੍ਰਿਛ (ਪਿੰਡ ਅਟਾਰੀ)**

ਇਹ ਅਸਥਾਨ ਪਿੰਡ ਅਟਾਰੀ ਵਿਚ ਰੂਪਨਗਰ-ਸ੍ਰੀ ਅਨੰਦਪੁਰ ਸਾਹਿਬ ਵਾਲੀ ਸੜਕ ਤੋਂ ਚੜ੍ਹਦੇ ਵੱਲ ਕੀਰਤਪੁਰ ਸਾਹਿਬ ਤੋਂ ਲਗਪਗ ਸਾਢੇ ਸੱਤ ਕਿਲੋਮੀਟਰ ਅਤੇ ਸ਼ਾਹੀ ਟਿੱਬੀ ਤੋਂ ਤਿੰਨ ਕੁ ਕਿਲੋਮੀਟਰ ਦੂਰ ਚੜ੍ਹਦੇ ਪਾਸੇ ਵੱਲ ਸਥਿਤ ਹੈ।

ਰਵਾਇਤੀ ਇਤਿਹਾਸ ਅਨੁਸਾਰ ਭਾਈ ਉਦੈ ਸਿੰਘ ਸ਼ਾਹੀ ਟਿੱਬੀ ਵਾਲੇ ਅਸਥਾਨ ਉੱਤੇ ਸਖਤ ਜ਼ਖ਼ਮੀ ਹੋ ਗਏ ਸਨ ਤੇ ਉਨ੍ਹਾਂ ਦਾ ਘੋੜਾ ਉਨ੍ਹਾਂ ਨੂੰ ਅਟਾਰੀ ਪਿੰਡ ਵਿਚ ਲੈ ਆਇਆ। ਇੱਥੇ ਉਨ੍ਹਾਂ ਨੇ ਪਿੰਡ ਤੋਂ ਬਾਹਰ ਟਿੱਬੀ ਉੱਤੇ ਸਥਿਤ ਕਲਪ ਬ੍ਰਿਛ ਥੱਲੇ ਸਰੀਰ ਤਿਆਗਿਆ। ਇਸ ਲਈ ਗੁਰਦੁਆਰੇ ਦੇ ਨਾਂ ਨਾਲ 'ਕਲਪ ਬ੍ਰਿਛ' ਜੁੜ ਗਿਆ, ਪਰ ਹੁਣ ਕਲਪ ਬ੍ਰਿਛ ਸੁੱਕ ਚੁੱਕਾ ਹੈ। ਇਸ ਗੁਰਦੁਆਰੇ ਅੰਦਰ ਦੋ ਅਸਥਾਨ ਬਣੇ ਹੋਏ ਹਨ ਇਕ ਤਾਂ ਕਲਪ ਬ੍ਰਿਛ ਵਾਲੀ ਥਾਂ ਦੇ ਅਗਲੇ ਪਾਸੇ ਛੋਟੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਦੂਜਾ, ਗੁਰਦੁਆਰਾ ਸਾਹਿਬ ਦੀ ਵੱਖਰੀ ਇਮਾਰਤ ਵੀ ਬਣੀ ਹੋਈ ਹੈ। ਇਸ ਅਸਥਾਨ 'ਤੇ ਭਾਈ ਉਦੈ ਸਿੰਘ ਦਾ ਸ਼ਹੀਦੀ ਦਿਹਾੜਾ ੨੧ ਦਸੰਬਰ ਨੂੰ ਮਨਾਇਆ ਜਾਂਦਾ ਹੈ।

**ਹਵਾਲੇ :**


੧. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੮ (ਛੇਵੀਂ ਵਾਰ), ਪੰਨਾ ੨੦੯ (ਅੰਤਿਕਾ).

੨. ਗਿਆਨੀ ਗਰਜਾ ਸਿੰਘ (ਸੰਪਾ.), *ਸ਼ਹੀਦ ਬਿਲਾਸ*, ਪੰਨਾ ੨੮.

੩. ਭੱਟ ਵਹੀਆਂ ਅਨੁਸਾਰ ਭਾਈ ਮਨੀ ਸਿੰਘ ਦੇ ੧੦ ਪੁੱਤਰ ਚਿੱਤ੍ਰ ਸਿੰਘ, ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖ਼ਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ ਸਨ। -ਗਿਆਨੀ ਗਰਜਾ ਸਿੰਘ (ਸੰਪਾ.), *ਸ਼ਹੀਦ ਬਿਲਾਸ,* ਪੰਨਾ ੨੮.

੪. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੮

੫. ਗਿਆਨੀ ਗਰਜਾ ਸਿੰਘ (ਸੰਪਾ.), *ਸ਼ਹੀਦ ਬਿਲਾਸ*, ਪੰਨਾ ੨੭.

੬. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ ੮

੭. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰੁਤ ੩,ਅੰਸੂ ੨੦ ਪੰਨੇ

੮. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੮

੯. ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੮ (ਛੇਵੀਂ ਵਾਰ), ਪੰਨਾ ੧੩੦.

੧੦. ਉਹੀ, ਪੰਨਾ ੧੪੨.

੧੧. ਉਹੀ, ਪੰਨਾ ੧੨੯.

੧੨. ਉਹੀ, ਪੰਨਾ ੧੨੯.

੧੩. ਐਮ.ਏ. ਮੈਕਾਲਿਫ, *ਸਿੱਖ ਇਤਿਹਾਸ (ਭਾਗ ਤੀਜਾ)*, ਗੁਰਚਰਨ ਸਿੰਘ ਔਲਖ (ਅਨੁ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, ੨੦੧੪, ਪੰਨਾ ੪੨੯.

੧੪. ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨਾ ੧੩੬.

੧੫. ਉਹੀ, ਪੰਨਾ ੧੫੩.

੧੬. ਸੈਨਾਪਤਿ, *ਸ੍ਰੀ ਗੁਰ ਸੋਭਾ*, ਗੰਡਾ ਸਿੰਘ (ਸੰਪਾ.), ਪੰਨਾ ੧੨੩.

੧੭. ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੮ (ਛੇਵੀਂ ਵਾਰ), ਪੰਨਾ ੨੦੯ (ਅੰਤਿਕਾ).

੧੮. ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨਾ ੧੫੩. (ਉਧਰਿਤ)

੧੯. ਪਿਆਰਾ ਸਿੰਘ ਪਦਮ (ਸੰਪਾ.), *ਸੌ ਸਾਖੀ*, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੧੪, ਪੰਨਾ ੧੧੦. ■

ਕਵਿਤਾ

# ਹੋਲਾ-ਮਹੱਲਾ

*-ਸ. ਮਾਨ ਸਿੰਘ ਲਾਂਬਾ 'ਮਸਕੀਨ'**

*ਸੰਮਤ ਸਤਾਰਾਂ ਸੌ ਸਤਵੰਜਾ ਦੀ ਹੋਲੀ ਆਈ*
*ਲਾਲ ਤੇ ਗੁਲਾਲ ਰੰਗ ਦੁਨੀਆ ਉਡਾਇਆ ਏ।*
*ਪੀਆ ਦੇ ਪਿਆਰ ਸੰਗ, ਸਖੀਆਂ ਨੇ ਭਰ ਭਰ*
*ਕੇਵੜਾ ਗੁਲਾਬ ਤੇ ਗੁਲਾਲ ਛਿੜਕਾਇਆ ਏ।*

*ਥਾਈਂ ਥਾਈਂ ਢੋਲ ਵੱਜੇ, ਜਗ੍ਹਾ ਜਗ੍ਹਾ ਨਾਚ ਹੋਏ*
*ਸਿਰ ਪੈਰਾਂ ਤਕ ਕਈ ਰੰਗਾਂ 'ਚ ਰੰਗਾਇਆ ਏ।*
*ਕਈਆਂ ਨੇ ਮਲ ਕੇ ਸਿਹਾਈ# ਕਾਲੇ ਮੂੰਹ ਕੀਤੇ*
*ਚੰਗੇ ਭਲੇ ਆਦਮੀ ਤੋਂ ਬਾਂਦਰ ਬਣਾਇਆ ਏ।*

*ਦੁਨੀਆ ਇਹ ਹੋਲੀ ਖੇਡੀ, ਖਾਲਸੇ ਨੇ ਖੇਡ ਹੋਲਾ*
*ਸਾਰੇ ਸੰਸਾਰ ਤਾਈਂ ਸਬਕ ਸਿਖਾਇਆ ਏ।*
*ਗੋਲੀਆਂ ਦੀ ਮਾਰ ਵਿਚ, ਤੋਪਾਂ ਦੀ ਚਿੰਘਾੜ ਵਿਚ*
*ਦੋ ਦੋ ਹਿੱਸੇ ਹੋ ਕੇ ਖ਼ੂਬ ਖੰਡਾ ਖੜਕਾਇਆ ਏ।*

*ਕਾਇਰਤਾ ਨੂੰ ਛੱਡ ਕਰ, ਗੱਜਣਾ ਮੈਦਾਨ ਵਿਚ*
*ਭੱਜਣਾ ਨਾ ਜੰਗ ਵਿੱਚੋਂ, ਕਰਕੇ ਵਿਖਾਇਆ ਏ।*
*ਮਰ ਜਾਣਾ ਚੰਗਾ 'ਮਸਕੀਨ' ਦੇਸ਼-ਕੌਮ ਲਈ*
*ਗੁਰੂ ਜੀ ਗੋਬਿੰਦ ਸਿੰਘ ਹੋਲਾ ਇਉਂ ਮਨਾਇਆ ਏ।* ■

* *ਗੁਰਪੁਰਵਾਸੀ*

\# *ਸਿਆਹੀ*

# ਸਿੱਖ ਕੌਮ ਦਾ ਚਾਨਣ ਮੁਨਾਰਾ: ਅਕਾਲੀ ਫੂਲਾ ਸਿੰਘ

*-ਡਾ. ਦਲਵਿੰਦਰ ਸਿੰਘ**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਨੀਹਾਂ ਪੱਕੀਆਂ ਕਰਨ ਵਾਲਿਆਂ ਵਿਚ ਅਕਾਲੀ ਫੂਲਾ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਵਰਗੇ ਬੜੇ ਮਹਾਨ ਜਰਨੈਲ ਸਨ ਜਿਨ੍ਹਾਂ ਨੇ ਖਾਲਸੇ ਨੂੰ ਇਕ ਵਿਸ਼ਾਲ ਦੇਸ਼ ਦਾ ਮਾਲਕ ਹੋਣ ਦਾ ਬਲ ਬਖਸ਼ਿਆ। ਮਿਸਲਾਂ ਦੇ ਯੁੱਧਾਂ ਵੇਲੇ ਇਨ੍ਹਾਂ ਦੀ ਸਿੱਖਿਆ ਪੱਕੀ ਹੋਈ ਤੇ ਖਾਲਸਾ ਰਾਜ ਵਿਚ ਇਨ੍ਹਾਂ ਦੀ ਧਮਕ ਕਾਬਲ-ਕੰਧਾਰ ਤਕ ਗਈ। ਕਥਨੀ ਕਰਨੀ ਦੇ ਪੂਰੇ, ਧਰਮ ਵਿਚ ਪ੍ਰਪੱਕ, ਸਿੱਖੀ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨ ਵਾਲੇ ਇਹ ਜਰਨੈਲ ਸਿੱਖ ਪੰਥ ਲਈ ਰਾਹ-ਦਸੇਰੇ ਹਨ।

**ਅਕਾਲੀ ਫੂਲਾ ਸਿੰਘ ਜੀ**

ਉਕਤ ਜਰਨੈਲਾਂ ਵਿੱਚੋਂ ਅਕਾਲੀ ਫੂਲਾ ਸਿੰਘ ਜੀ ਦਾ ਨਾਂ ਜਿੱਥੇ ਬਹਾਦਰੀ ਦੀ ਅਦੁੱਤੀ ਮਿਸਾਲ ਲਈ ਜਾਣਿਆ ਜਾਂਦਾ ਹੈ, ਉੱਥੇ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਦੀ ਰਖਵਾਲੀ ਕਰਨ ਵਾਲਾ ਸਿੱਖ ਰਾਜ ਦੇ ਰਾਖੇ ਮਹਾਨ ਗੁਰਸਿੱਖ ਵਜੋਂ ਵੀ ਸਥਾਪਿਤ ਹੈ। ਉਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਉੱਘੇ ਜਰਨੈਲ ਹੀ ਨਹੀਂ ਸਨ ਸਗੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਸਨ ਜਿਨ੍ਹਾਂ ਨੇ ਸਿੱਖ ਧਰਮ ਵਿਚ ਬਰਾਬਰੀ ਦਾ ਅਨੂਠਾ ਕਾਰਨਾਮਾ ਅਪਣੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਕੋੜੇ ਮਰਵਾਉਣ ਦੀ ਸਜ਼ਾ ਸੁਣਾਈ ਸੀ ਤੇ ਸਿੱਖ ਧਰਮ ਦੀ ਪਾਲਣਾ ਕਰਨ ਦੀ ਹਿਦਾਇਤ ਵੀ ਕੀਤੀ ਇਸ ਅਕਾਲੀ-ਹੁਕਮ ਦੀ ਕੁਤਾਹੀ ਕਦੇ ਮਹਾਰਾਜਾ ਵੀ ਨਹੀਂ ਕਰ ਸਕਿਆ।

ਸਿੱਖੀ ਤੇ ਬਹਾਦਰੀ ਦੋਨੋਂ ਉਨ੍ਹਾਂ ਨੂੰ ਖ਼ੂਨ ਵਿੱਚੋਂ ਹੀ ਮਿਲੇ ਸਨ। ਅਕਾਲੀ ਫੂਲਾ ਸਿੰਘ ਜੀ ਦਾ ਜਨਮ ਸੰਤ ੧੮੧੮ ਬਿਕ੍ਰਮੀ (੧੭੬੧ ਈ.) ਵਿਚ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੀਹਾਂ ਵਿਚ ਸ. ਈਸ਼ਰ ਸਿੰਘ ਦੇ ਘਰ ਹੋਇਆ।ਉਨ੍ਹਾਂ ਦੇ ਪਿਤਾ, ਜੋ ਸਰਦਾਰ ਈਸ਼ਰ ਸਿੰਘ, ਨਿਸ਼ਾਨਾਂਵਾਲੀ ਮਿਸਲ ਦੇ ਯੋਧੇ ਸੀ। ਜਦੋਂ ਉਹ ਸੰਨ ੧੭੬੨ ਈ. ਵਿਚ ਵੱਡੇ ਘੱਲੂਘਾਰੇ ਵੇਲੇ ਅਹਿਮਦ ਸ਼ਾਹ ਦੁਰਾਨੀ ਨਾਲ ਲੜਦਿਆਂ ਜ਼ਖ਼ਮੀ ਹੋਏ ਤਾਂ ਇਸ ਇੱਕ ਸਾਲ ਦੇ ਅਪਣੇ ਬਾਲ ਪੁੱਤਰ ਨੂੰ ਬਾਬਾ ਨਰਾਇਣ ਸਿੰਘ (ਨੈਣਾ ਸਿੰਘ) ਦੀ ਦੇਖ-ਭਾਲ ਵਿਚ ਛੱਡ ਗਏ ।(ਭਗਤ ਸਿੰਘ ਡਾ., *ਪੰਜਾਬ ਕੋਸ਼*, ੪੪)

ਅਕਾਲੀ ਫੂਲਾ ਸਿੰਘ (੧੭੬੧-੧੮੨੩) ਜੀ ਦੇ ਕਾਲ ਨੂੰ ਦੋ ਸਮਿਆਂ ਵਿਚ

**#੧੮੨੫, ਬਸੰਤ ਐਵੀਨਿਊ, ਲੁਧਿਆਣਾ-੧੪੧੦੧੩; ਮੋ. +੯੧੯੮੧੫੩-੬੬੭੨੬*

ਵੰਡ ਸਕਦੇ ਹਾਂ, ਪਹਿਲਾ ਸਮਾਂ ਮੁਗ਼ਲਾਂ ਦੇ ਢਹਿੰਦੇ ਰਾਜ ਦਾ, ਵਿਸ਼ਾਲ ਪੰਜਾਬ ਵਿਚ ਮਿਸਲ ਰਾਜ ਦੀ ਚੜ੍ਹਤ ਦਾ ਸਮਾਂ ਤੇ ਅਬਦਾਲੀ ਦੇ ਸਿੱਖਾਂ ਉੱਤੇ ਵੱਡੇ ਘੱਲੂਘਾਰੇ ਤੋਂ ਬਾਅਦ ਦਾ ਹੈ। ਦੂਜਾ ਸਮਾਂ ਮਹਾਰਾਜਾ ਰਣਜੀਤ ਦੇ ਖਾਲਸਾ ਰਾਜ ਸਥਾਪਿਤ ਕਰਨ ਤੇ ਚੜ੍ਹਦੀਆਂ ਕਲਾਂ ਵਿਚ ਲੈ ਜਾਣ ਦਾ ਹੈ।

## ਸ੍ਰੀ ਅਨੰਦਪੁਰ ਸਾਹਿਬ ਵਿਚ

ਪਹਿਲੇ ਸਮੇਂ ਵਿਚ ਫੂਲਾ ਸਿੰਘ ਦਾ ਜਵਾਨ ਹੋਣਾ, ਮੁਢਲੀ ਸਿੱਖਿਆ ਪ੍ਰਾਪਤ ਕਰਨਾ ਅਤੇ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਬਾਬਾ ਨਰਾਇਣ ਸਿੰਘ ਦੇ ਜਥੇ ਵਿਚ ਸ਼ਾਮਲ ਹੋਣਾ ਹੈ। ਬਾਬਾ ਨਰਾਇਣ ਸਿੰਘ ਨੇ ਉਸ ਨੂੰ ਸਿੱਖ ਧਰਮ ਗ੍ਰੰਥਾਂ ਅਤੇ ਯੁੱਧ ਦੇ ਤਰੀਕਿਆਂ ਦੀ ਸਿੱਖਿਆ ਦਿੱਤੀ। ਦਸ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਨਿਤਨੇਮ, ਅਕਾਲ ਉਸਤਤ, ਤੇਤੀ ਸਵਈਏ ਤੇ ਹੋਰ ਕਾਫੀ ਬਾਣੀ ਕੰਠ ਕਰ ਲਈ। ਖੰਡੇ ਦੀ ਪਾਹੁਲ ਦੇਣ ਦੇ ਨਾਲ ਨਾਲ ਸ਼ਸਤਰਾਂ ਦੀ ਤੇ ਸਿੱਖ ਸ਼ਾਸਤਰਾਂ ਦੀ ਤੇ ਘੋੜ ਸਵਾਰੀ ਦੀ ਸਿੱਖਿਆ ਵੀ ਦਿੱਤੀ ਗਈ ਜਿਸ ਵਿਚ ਉਸ ਨੇ ਤਲਵਾਰ ਬਾਜ਼ੀ, ਤੀਰ ਅੰਦਾਜ਼ੀ ਅਤੇ ਘੋੜ ਸਵਾਰੀ ਵਿਚ ਮੁਹਾਰਤਾ ਹਾਸਲ ਕਰ ਲਈ । ਇਸ ਤਰ੍ਹਾਂ ਉਸ ਦੀ ਪ੍ਰਪੱਕਤਾ ਸ਼ਾਸਤਰ ਤੇ ਸ਼ਸਤਰ ਵਿਦਿਆ ਵਿਚ ਹੋ ਗਈ। ਅਕਾਲੀ ਜੀ ਦੀ ਮਾਤਾ ਵੀ ਚੜ੍ਹਾਈ ਕਰ ਗਏ ਤਾਂ ਉਹ ਪੂਰੀ ਤਰ੍ਹਾਂ ਬਾਬਾ ਜੀ ਦੇ ਡੇਰੇ ਨਾਲ ਜੁੜ ਗਏ।

ਬਾਬਾ ਨਰਾਇਣ ਸਿੰਘ ਦਾ ਜਥਾ ਮਿਸਲ ਸ਼ਹੀਦਾਂ ਦਾ ਇੱਕ ਹਿੱਸਾ ਸੀ। ਫੂਲਾ ਸਿੰਘ ਨੇ ਮਿਸਲ ਸ਼ਹੀਦਾਂ ਵਿਚ ਕਈ ਸਿੱਖ ਮੁਹਿੰਮਾਂ ਵਿਚ ਹਿੱਸਾ ਲਿਆ ਤੇ ਯੁੱਧ-ਅਭਿਆਸ ਰਾਹੀਂ ਪ੍ਰਬੀਨਤਾ ਪ੍ਰਾਪਤ ਕੀਤੀ। ਉਨ੍ਹਾਂ ਦੀਆਂ ਇਹ ਮੁਢ਼ਲੀਆਂ ਮੁਹਿਮਾਂ ਜ਼ਿਆਦਾਤਰ ਅਨੰਦਪੁਰ ਸਾਹਿਬ ਦੇ ਇਲਾਕੇ ਵਿਚ ਸਨ ਜਿੱਥੇ ਸਥਾਨਕ ਹਾਕਮਾਂ, ਪਠਾਣਾਂ ਅਤੇ ਪਹਾੜੀਆਂ ਨਾਲ ਆਢਾ ਲੈਂਦੇ ਹੀ ਰਹਿੰਦੇ ਸਨ ਜਿਨ੍ਹਾਂ ਨੂੰ ਸੋਧਣ ਦੀ ਜ਼ਿੰਮੇਵਾਰੀ ਫੂਲਾ ਸਿੰਘ ਅਕਾਲੀ ਦੇ ਜਥੇ ਦੀ ਸੀ। ਉਸ ਦੀ ਬਹਾਦਰੀ ਸਦਕਾ ਬਾਬਾ ਨਰਾਇਣ ਸਿੰਘ ਦੀ ਮੌਤ ਪਿੱਛੋਂ ਉਨ੍ਹਾਂ ਨੂੰ ਅਪਣੇ ਜਥੇ ਦਾ ਆਗੂ ਚੁਣ ਲਿਆ ਗਿਆ ਤੇ ਮਿਸਲ ਸ਼ਹੀਦਾਂ ਦਾ ਉਹ ਇਕ ਪ੍ਰਮੁੱਖ ਯੋਧਾ ਬਣ ਗਏ। ਹਕੂਮਤ ਦੁਆਰਾ ਕਿਸੇ ਵੀ ਗੁਰਦੁਆਰੇ ਨੂੰ ਜਾਂ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਫੂਲਾ ਸਿੰਘ ਉੱਥੇ ਜਾ ਖੰਡਾ ਖੜਕਾਉਂਦੇ ਤੇ ਸਬਕ ਸਿਖਾ ਕੇ ਪਰਤਦੇ (ਭਗਤ ਸਿੰਘ, ਅਕਾਲੀ ਫੂਲਾ ਸਿੰਘ, *ਪੰਜਾਬ ਕੋਸ਼:* ੪੫)

## ਅੰਮ੍ਰਿਤਸਰ ਸਾਹਿਬ ਵਿਚ

ਪਰੰਪਰਾ ਨੂੰ ਮੰਨਦੇ ਹੋਏ ਅਕਾਲੀ ਫੂਲਾ ਸਿੰਘ ਜੀ ਨੇ ਕਦੇ ਵਿਆਹ ਨਹੀਂ ਕੀਤਾ। ਉਹ ਸ੍ਰੀ ਅੰਮ੍ਰਿਤਸਰ ਆ ਵੱਸੇ, ਜਿੱਥੇ ਅੱਜ, ਇਕ ਬੁਰਜ ਅਤੇ ਇਕ ਡੇਰੇ ਜਿਸ ਨੂੰ ਨਿਹੰਗਾਂ ਸਿੰਘਾਂ ਦੀ ਛਾਉਣੀ ਕਿਹਾ ਜਾਂਦਾ ਹੈ, ਜੋ ਅਜੇ ਵੀ ਉਨ੍ਹਾਂ ਦੀ ਯਾਦ ਵਿਚ ਖੜ੍ਹਾ ਹੈ। ਬਚਪਨ ਵਿਚ 'ਅਕਾਲੀ ਜੀ' ਨੇ ਆਪਣਾ ਜੀਵਨ ਸਿੱਖ ਧਰਮ ਅਸਥਾਨਾਂ ਦੀ ਸੇਵਾ-ਸੰਭਾਲ ਨੂੰ ਸਮਰਪਿਤ ਕਰਨ ਦਾ ਫ਼ੈਸਲਾ ਕੀਤਾ। ਉਹ ਗੁਰੂ ਦੇ ਸੰਦੇਸ਼ ਦੇ ਅਨੁਸਾਰ ਲੋਕਾਂ ਦੀ ਸੇਵਾ ਕਰਨਾ ਪਸੰਦ

ਕਰਦੇ ਸਨ। ਬਾਅਦ ਵਿਚ, ਜਦੋਂ ਉਹ ੧੮ ਸਾਲਾਂ ਦੇ ਸਨ, ਤਾਂ ਉਹ ਗੋਬਿੰਦਗੜ੍ਹ ਦੇ ਕਿਲ੍ਹੇ ਵਿਚ ਚਲੇ ਗਏ ਜਿਥੇ ਉਹ ਅਕਾਲੀ ਫੌਜ ਦੇ ਆਗੂ ਬਣਾਏ ਗਏ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਪਹਿਲਾਂ ਸ਼ਹਿਰ ਦਾ ਘਿਰਾਓ ਕੀਤਾ। ਅਕਾਲੀ ਫੂਲਾ ਸਿੰਘ ਸਿੱਖਾਂ ਦੇ ਇਸ ਤਰ੍ਹਾਂ ਆਪਸ ਵਿਚ ਖ਼ੂਨ ਵਗਾਉਣ ਦੇ ਸਖਤ ਖ਼ਿਲਾਫ ਸਨ। ਉਨ੍ਹਾਂ ਨੇ ਦੋਨਾਂ ਧਿਰਾਂ ਨੂੰ ਸੰਬੋਧਿਤ ਕਰਦਿਆਂ, ਇਕ ਦੂਜੇ ਦੇ ਲਹੂ ਵਹਾਉਣ ਵਾਲੀ ਵਿਅਰਥ ਬੇਵਕੂਫੀ ਦੀ ਲੜਾਈ ਰੋਕ ਕੇ ਅਮਨ ਅਤੇ ਮੇਲ-ਮਿਲਾਪ ਦੀ ਗੱਲ ਕੀਤੀ। ਇਸ 'ਤੇ ਦੋਹਾਂ ਧਿਰਾਂ ਵਿਚ ਸਮਝੌਤਾ ਹੋ ਗਿਆ ਤੇ ਭੰਗੀ ਸਰਦਾਰਾਂ ਨੇ ਸ੍ਰੀ ਅੰਮ੍ਰਿਤਸਰ 'ਤੇ ਆਪਣਾ ਪ੍ਰਭੂਤਵ ਮਹਾਰਾਜਾ ਦੇ ਹਵਾਲੇ ਕਰ ਦਿੱਤਾ ਤੇ ਮਹਾਰਾਜੇ ਨੇ ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਭੰਗੀਆ ਕੋਲ ਰਹਿਣ ਦਿੱਤਾ। ਇਸ ਪਿੱਛੋਂ ਅਕਾਲੀ ਫੂਲਾ ਸਿੰਘ ੩,੦੦੦ ਨਿਹੰਗਾਂ ਸਮੇਤ ਮਹਾਰਾਜਾ ਦੀ ਸੈਨਾ ਵਿਚ ਸ਼ਾਮਲ ਹੋ ਗਏ। ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਤੋਂ ਬੜੇ ਪ੍ਰਭਾਵਿਤ ਹੋਏ। ਸੰਨ ੧੮੦੭ ਵਿਚ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾਇਆ ਗਿਆ ।

**ਅਕਾਲੀ ਫੌਜ**

ਮਹਾਰਾਜਾ ਰਣਜੀਤ ਸਿੰਘ ਦੀ ਫੌਜ ਤਿੰਨ ਹਿੱਸਿਆਂ ਵਿਚ ਵੰਡੀ ਹੋਈ ਸੀ (੧) ਫ਼ੌਜ਼-ਏ-ਖਾਸ (੨) ਫ਼ੌਜ਼-ਏ-ਕਾਇਦ (੩) ਫ਼ੌਜ਼-ਏ-ਬੇਕਵਾਇਦੀ। ਫ਼ੌਜ਼-ਏ-ਬੇਕਵਾਇਦੀ ਬਕਾਇਦਾ ਤਨਖਾਹਦਾਰ ਨਹੀਂ ਸੀ ਜੋ ਖਰਚਾ ਜਾਂ ਤਾਂ ਮਿਸਲਦਾਰ ਤੋਂ ਲੈਂਦੀ ਸੀ ਜਾਂ ਖ਼ੁਦ ਇਧਰੋਂ-ਉਧਰੋਂ ਉਗਰਾਹੀ ਕਰ ਲੈਂਦੇ ਸਨ। ਇਨ੍ਹਾਂ ਵਿਚ ਪ੍ਰਮੁੱਖ ਅਕਾਲੀ ਫੌਜ ਸੀ ਜੋ ਆਪਣੇ ਆਪ ਨੂੰ ਸਿੱਖ ਧਰਮ ਦਾ ਰਾਖਾ ਸਮਝਦੀ ਸੀ। ਯੁੱਧਾਂ ਵਿਚ ਇਹ ਪੂਰੇ ਜੋਸ਼ ਤੇ ਜੀਅ-ਜਾਨ ਨਾਲ ਲੜਦੀ। ਇਹ ਸਿੱਖ ਪੰਥ ਨੂੰ ਉੱਚਾ ਉਠਾਉਣ ਲਈ ਆਪਣਾ ਸਰਬੰਸ ਕੁਰਬਾਨ ਕਰਨ ਲਈ ਤਿਆਰ ਰਹਿੰਦੀ ਸੀ। ਇਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਆਪਣੀ ਛਾਉਣੀ ਕਾਇਮ ਕੀਤੀ ਹੋਈ ਸੀ ਜਿੱਥੇ ਅੱਜਕਲ੍ਹ ਬੁਰਜ ਅਕਾਲੀ ਫੂਲਾ ਸਿੰਘ ਹੈ। ਇਨ੍ਹਾਂ ਨੇ ਆਮ ਤੌਰ 'ਤੇ ਪੰਜ ਸ਼ਸਤਰ ਕਿਰਪਾਨ,ਧਨੁਖ, ਬੰਦੂਕ, ਕਟਾਰ ਅਤੇ ਬਰਛਾ ਧਾਰਨ ਕੀਤੇ ਹੁੰਦੇ ਸਨ। ਇਨ੍ਹਾਂ ਦੇ ਪ੍ਰਸਿੱਧ ਨੇਤਾ ਅਕਾਲੀ ਫੂਲਾ ਸਿੰਘ ਦਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਾਫੀ ਬੋਲਬਾਲਾ ਸੀ। ਇਹ ਮਹਾਰਾਜਾ ਰਣਜੀਤ ਸਿੰਘ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਰਹੇ ਅਤੇ ਮਹਾਰਾਜੇ ਦੀ ਗ਼ਲਤੀ ਉਤੇ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਸੱਦ ਕੇ ਸਜ਼ਾ ਦੇਣ ਵਿਚ ਵੀ ਨਹੀਂ ਸਨ ਹਿਚਕਿਚਾਏ। (ਪ੍ਰਕਾਸ਼ ਸਿੰਘ: *ਪੰਜਾਬ ਕੋਸ਼* ਜਿਲਦ ਪਹਿਲੀ: ੪੬)। ਮਹਾਰਾਜਾ ਰਣਜੀਤ ਸਿੰਘ ਸਮੇਂ ਇਨ੍ਹਾਂ ਦੀ ਗਿਣਤੀ ਪੰਜ ਹਜ਼ਾਰ ਸੀ। (ਮਿ. ਮੈਕਾਲਿਫ)

ਸੰਨ ੧੮੦੦ ਈ ਵਿਚ ਉਹ ਸ੍ਰੀ ਅੰਮ੍ਰਿਤਸਰ ਆ ਗਏ। ਦੋ ਕੁ ਵਰ੍ਹੇ ਉਨ੍ਹਾਂ ਨੇ ਇੱਥੋਂ ਦੇ ਪਵਿੱਤਰ ਗੁਰਦੁਆਰਾ ਸਾਹਿਬਾਨ ਦੀ ਸੇਵਾ ਅਤੇ ਪ੍ਰਬੰਧਕੀ ਸੁਧਾਰ ਦਾ ਕੰਮ ਕੀਤਾ।

ਫੂਲਾ ਸਿੰਘ ਤੋਂ ਅਕਾਲੀ ਫੂਲਾ ਸਿੰਘ ਬਣਨ ਤੇ ਅਪਣੇ ਫੌਜੀ ਕਾਰਨਾਮਿਆਂ ਦੇ ਨਾਲ ਨਾਲ ਉਨ੍ਹਾਂ ਨੇ ਅਪਣਾ ਰੋਲ ਸਿੱਖ ਧਾਰਮਿਕ ਉੱਨਤੀ ਵੱਲ ਵੀ ਵਧਾ ਲਿਆ। ਤਬੀਅਤ ਵਜੋਂ ਤੇ ਕਾਰਗੁਜ਼ਾਰੀ ਵੱਲੋਂ ਉਹ ਸਦਾ ਨਿਹੰਗ ਹੀ ਰਹੇ। ਨਾਂ ਕੋਈ ਵਿਆਹ ਕਰਵਾਇਆ ਤੇ ਨਾਂ ਹੀ ਕੋਈ ਸਰਕਾਰੀ ਅਹੁਦੇਦਾਰੀ ਲਈ। ਮਹਾਰਾਜਾ ਰਣਜੀਤ ਸਿੰਘ ਦੇ ਸਿੱਧੇ ਸਲਾਹਕਾਰ ਵਜੋਂ ਸਿੱਖ ਸਾਮਰਾਜ ਅਧੀਨ ਵੀ ਉਨ੍ਹਾਂ ਦੀ ਸੇਵਾ ਨਿਹੰਗ ਹੀ ਰਹੀ। ਅਣਗੌਲੇ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਤੇ ਸਿੱਖ ਧਰਮ ਦੀਆਂ ਵਿਗੜਦੀਆਂ ਰਹੁ-ਰੀਤਾਂ ਨੇ ਵੀ ਉਨ੍ਹਾਂ ਨੂੰ ਚਿੰਤਾ ਵਿਚ ਪਾਇਆ ਤਾਂ ਉਨ੍ਹਾਂ ਨੇ ਇਨ੍ਹਾਂ ਵਿਚ ਸੁਧਾਰ ਲਿਆਉਣ ਦਾ ਜ਼ਿੰਮਾ ਵੀ ਲਿਆ। ਮਿਸਲਾਂ ਦੇ ਸਿੱਖ ਆਗੂਆਂ ਅੱਗੇ ਉਨ੍ਹਾਂ ਨੇ ਗੁਰਦੁਆਰਾ ਸਾਹਿਬਾਨ ਦੀ ਦੇਖ-ਰੇਖ ਤੇ ਰਹੁ-ਰੀਤਾਂ ਦੀ ਪਾਲਣਾ ਦਾ ਪ੍ਰਸ਼ਨ ਉਠਾਇਆ ਤਾਂ ਸਾਰੀਆਂ ਜਥੇਬੰਦੀਆਂ ਨੇ ਇਹ ਕਾਰਜ ਅਕਾਲੀ ਫੂਲਾ ਸਿੰਘ ਦੇ ਜ਼ਿੰਮੇ ਹੀ ਲਾ ਦਿੱਤਾ। ਮਿਲੇ ਕਾਰਜ ਨੂੰ ਬਾਖੂਬੀ ਨਿਭਾਉਣ ਲਈ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਹੀ ਅਪਣਾ ਪੱਕਾ ਡੇਰਾ ਬਣਾ ਲਿਆ ਜੋ ਨਿਹੰਗ ਸਿੰਘਾਂ ਦੀ ਛਾਉਣੀ ਕਰਕੇ ਪ੍ਰਸਿੱਧ ਹੋਇਆ। ਪਿੱਛੋਂ ਏਥੇ ਇੱਕ ਬੁਰਜ ਉਸਾਰਿਆ ਗਿਆ ਜੋ ਬੁਰਜ ਅਕਾਲੀ ਫੂਲਾ ਸਿੰਘ ਦੇ ਨਾਮ ਨਾਲ ਮਸ਼ਹੂਰ ਹੈ। (ਪ੍ਰਕਾਸ਼ ਸਿੰਘ, ਅਕਾਲੀ ਫੌਜ, *ਪੰਜਾਬ ਕੋਸ਼:* ੪੬)

**ਬੁਰਜ ਅਕਾਲੀ ਫੂਲਾ ਸਿੰਘ**

ਸ੍ਰੀ ਅੰਮ੍ਰਿਤਸਰ ਵਿਚ ਅਕਾਲੀ ਫੂਲਾ ਸਿੰਘ ਦਾ ਪ੍ਰਭਾਵ ਗੁਰਦੁਆਰਿਆਂ ਤੇ ਰਹੁਰੀਤਾਂ ਦੀ ਸਾਂਭ-ਸੰਭਾਲ 'ਤੇ ਪਿਆ। ਜੇ ਇਹ ਕਹੀਏ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਮੁੱਢ ਅਕਾਲੀ ਫੂਲਾ ਸਿੰਘ ਨੇ ਹੀ ਬੰਨ੍ਹਿਆਂ ਤਾਂ ਸਹੀ ਹੋਵੇਗਾ। ਉਸ ਵੇਲੇ ਸਿੱਖ ਜਥੇਬੰਦੀ ੧੨ ਮਿਸਲਾਂ ਦੇ ਰੂਪ ਵਿਚ ਸੀ ਜੋ ਵੱਖ-ਵੱਖ ਜਥੇਦਾਰ ਆਪਣੀ ਮਾਰ ਵਾਲੇ ਇਲਾਕੇ ਦਾ ਪ੍ਰਬੰਧ ਸੰਭਾਲਦੇ ਸਨ ਪਰ ਜਦ ਸਮੁੱਚੇ ਸਿੱਖ ਪੰਥ 'ਤੇ ਭੀੜ ਪੈਂਦੀ ਤਾਂ ਸਾਰੀਆਂ ਮਿਸਲਾਂ ਇਕੱਠੀਆਂ ਹੋ ਕੇ ਲੜਦੀਆਂ ਸਨ।

ਬਾਹਰੀ ਦੁਸ਼ਮਣ ਨਾਂ ਹੁੰਦੇ ਤਾਂ ਇਹ ਆਪਸ ਵਿਚ ਵੀ ਉਲਝ ਪੈਂਦੀਆਂ। ਇਨ੍ਹਾਂ ਮਿਸਲਾਂ ਵਿੱਚੋਂ ਸ਼ੁਕਰਚੱਕੀਆਂ ਮਿਸਲ ਸਭ ਤੋਂ ਵੱਧ ਤਾਕਤਵਰ ਹੁੰਦੀ ਗਈ ਜਿਸ ਦੀ ਸਰਦਾਰੀ ਜਥੇਦਾਰ ਮਹਾਂ ਸਿੰਘ ਤੋਂ ਅੱਗੇ ਸ. ਰਣਜੀਤ ਸਿੰਘ ਕੋਲ ਆ ਗਈ ਜਿਸ ਨੇ ਖਾਲਸਾ ਰਾਜ ਦਾ ਬਾਨਣੂੰ ਬੰਨ੍ਹਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣਾ ਅਧਿਕਾਰ ਆਸੇ-ਪਾਸੇ ਦੇ ਇਲਾਕੇ ਦੇ ਨਾਲ ਨਾਲ ਮਿਸਲਾਂ ਦੇ ਇਲਾਕੇ ਵੱਲ ਵੀ ਵਧਾਉਣਾ ਸ਼ੁਰੂ ਕਰ ਦਿੱਤਾ। ਜੋ ਮਿਸਲਾਂ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਆ ਗਿਆ ਉਹ ਸੀ ਸ਼ੁਕਰਚਕੀਆ, ਆਹਲੂਵਾਲੀਆ, ਕਪੂਰਥਲਾ, ਭੰਗੀ, ਰਾਮਗੜ੍ਹੀਆ ਦਾ ਸਾਰਾ ਇਲਾਕਾ। ਸਿੰਘਪੁਰੀਆ ਅਤੇ ਪੰਜਗੜ੍ਹੀਆ ਕਰੋੜ ਸਿੰਘੀਆ ਦੇ ਜ਼ਿਆਦਾ ਹਿੱਸੇ ਅਤੇ ਡੱਲੇਵਾਲੀਆ ਤੇ ਨਿਸ਼ਾਨਾਂਵਾਲੀਆ ਦੇ ਕੁਝ ਹਿੱਸੇ। ਉਧਰੋਂ ਅੰਗਰੇਜ਼ ਵੀ ਪੂਰਬ-ਦੱਖਣ ਵੱਲੋਂ ਵਧਦੇ ਦਿੱਲੀ ਤਕ ਪਹੁੰਚ ਚੁੱਕੇ ਸਨ ਤੇ ਉਨ੍ਹਾਂ ਨੇ ਹੌਲੀ-ਹੌਲ਼ੀ

ਅਪਣਾ ਪ੍ਰਭਾਵ ਸਤਲੁਜ ਦਰਿਆ ਦੀ ਦੱਖਣੀ ਹੱਦ ਤਕ ਫੈਲਾਉਣਾ ਸ਼ੁਰੂ ਕਰ ਦਿੱਤਾ ਸੀ ਜਿਸ ਵਿਚ ਫੂਲਕੀਆਂ ਰਿਆਸਤਾਂ ਵਿਚ ਵੀ ਆਉਂਦੀਆਂ ਸਨ।

ਉਨ੍ਹੀਂ ਦਿਨੀਂ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਨੂੰ ਰਾਵੀ ਤੋਂ ਪਾਰ ਦੇ ਇਲਾਕਿਆਂ ਵਿਚ ਵਧਾਉਣ ਲਈ ਯਤਨਸ਼ੀਲ ਸੀ। ਜਿਸ ਲਈ ਉਸ ਨੇ ਸ੍ਰੀ ਅੰਮ੍ਰਿਤਸਰ ਉੱਪਰ ਹਮਲਾ ਕੀਤਾ। ਉਸ ਵੇਲੇ ਇਹ ਇਲਾਕਾ ਮਿਸਲ ਭੰਗੀਆਂ ਕੋਲ ਸੀ। ਸਿੰਘਾਂ ਦਾ ਇਹ ਆਪਸੀ ਘੋਲ ਅਕਾਲੀ ਫੂਲਾ ਸਿੰਘ ਹੋਰਾਂ ਨੂੰ ਬੜਾ ਬੁਰਾ ਲੱਗਿਆ ਤਾਂ ਉਨ੍ਹਾਂ ਨੇ ਮਹਾਰਾਜੇ ਅਤੇ ਭੰਗੀਆਂ ਵਿਚਾਲੇ ਸੰਧੀ ਕਰਵਾ ਦਿੱਤੀ ਤੇ ਯੁੱਧ ਰੋਕ ਦਿੱਤਾ। ਲੜਾਈ ਦੇ ਅਰੰਭ ਹੁੰਦਿਆਂ ਹੀ ਉਹ ਨਿਡਰਤਾ ਤੇ ਦਲੇਰੀ ਨਾਲ ਦੋਹਾਂ ਧਿਰਾਂ ਵਿਚਕਾਰ ਆ ਖਲੋਤੇ। ਲੜਾਈ ਟਲ ਗਈ। ਮਹਾਰਾਜੇ ਨੇ ਘੇਰਾ ਉਠਵਾ ਦਿੱਤਾ ਤੇ ਭੰਗੀਆਂ ਨੇ ਕਿਲ੍ਹਾ ਖਾਲੀ ਕਰ ਕੇ ਉਸ ਦੀ ਈਨ ਮੰਨ ਲਈ। ਸੰਧੀ ਅਨੁਸਾਰ ਅੰਮ੍ਰਿਤਸਰ ਭੰਗੀ ਮਿਸਲ ਕੋਲ ਹੀ ਰਿਹਾ ਪਰ ਭੰਗੀਆਂ ਨੂੰ ਮਹਾਰਾਜੇ ਦਾ ਪ੍ਰਭੁਤਵ ਮਨਜ਼ੂਰ ਕਰਨਾ ਪਿਆ। ਅਕਾਲੀ ਜੀ ਦੇ ਕੌਮੀ ਜੋਸ਼, ਜਜ਼ਬੇ ਤੇ ਸਾਫਗੋਈ ਨੇ ਮਹਾਰਾਜੇ ਨੂੰ ਬੜਾ ਪ੍ਰਭਾਵਿਤ ਕੀਤਾ। ਦਰਬਾਰ ਸਾਹਿਬ ਅਤੇ ਹੋ ਇਤਿਹਾਸਿਕ ਗੁਰਦੁਆਰਿਆਂ ਦੇ ਨਾਲ ਨਾਲ ਅਕਾਲੀ ਜਥੇ ਦੇ ਲੰਗਰ ਦੀ ਸੇਵਾ ਦੁਆਰਾ ਉਨ੍ਹਾਂ ਆਪਣੀ ਕ੍ਰਿਤਗਤਾ ਦਾ ਪ੍ਰਗਟਾਵਾ ਕੀਤਾ (ਕੁਲਦੀਪ ਸਿੰਘ ਧੀਰ)

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ

ਮਹਾਰਾਜਾ ਰਣਜੀਤ ਸਿੰਘ ਉਨ੍ਹੀਂ ਦਿਨੀਂ ਆਪਣੇ ਰਾਜ ਨੂੰ ਕਾਇਮ ਕਰਨ ਅਤੇ ਫੈਲਾਉਣ ਲਈ ਬੜੀਆਂ ਮੁਹਿੰਮਾਂ ਵਿਚ ਉਲਝੇ ਹੋਏ ਸਨ। ਇਨ੍ਹਾਂ ਹਾਲਾਤਾਂ ਵਿਚ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜੇ ਦਾ ਭਰਵਾਂ ਸਾਥ ਦਿੱਤਾ। ਕਸੂਰ ਦੀ ਮੁਹਿੰਮ ਉਨ੍ਹਾਂ ਵਿੱਚੋਂ ਹੀ ਸੀ। ਕਸੂਰ ਦੇ ਹਾਕਮ ਕੁਤਬਦੀਨ ਖਾਨ ਦੀਆਂ ਆਪਣੇ ਵਿਰੁੱਧ ਤਿਆਰੀਆਂ ਅਤੇ ਆਪਣੇ ਇਲਾਕੇ ਵਿਚ ਜਬਰ-ਜ਼ੁਲਮ ਤੇ ਜੁਰਮ ਨੂੰ ਦੇਖਦੇ ਹੋਏ ਮਹਾਰਾਜੇ ਨੇ ਫਕੀਰ ਅਜੀਜ਼ੁਦੀਨ ਨੂੰ ਕੁਤਬੁਦੀਨ ਨੂੰ ਸਮਝਾਉਣ ਲਈ ਭੇਜਿਆ ਪਰ ਉਸ ਨੇ ਅਜੀਜ਼ੁਦੀਨ ਦੀ ਹੱਤਕ ਕਰ ਕੇ ਵਾਪਸ ਮੋੜਿਆ। ਮਹਾਰਾਜਾ ਗੁੱਸੇ ਵਿਚ ਸਨ ਪਰ ਸ਼ਾਂਤ ਹੋ ਉਨ੍ਹਾਂ ਨੇ ਅਕਾਲੀ ਜੀ ਨੂੰ ਸੱਦ ਭੇਜਿਆ ਤੇ ਕੁਤਬੁਦੀਨ ਨੂੰ ਸੋਧਣ ਲਈ ਕਿਹਾ। ਮਹਾਰਾਜਾ ਅਤੇ ਅਕਾਲੀ ਫੌਜ ਨੇ ਰਲ ਕੇ ਫਰਵਰੀ ੧੮੦੭ ਵਿਚ ਕਸੂਰ 'ਤੇ ਅਚਾਨਕ ਹੱਲਾ ਬੋਲਿਆ। ਨਵਾਬ ਨੇ ਸ਼ਹਿਰੋਂ ਬਾਹਰ ਦੋ ਥਾਵਾਂ 'ਤੇ ਚੰਗੀ ਟੱਕਰ ਲਈ ਪਰ ਹਾਰ ਦਾ ਮੂੰਹ ਵੇਖਣਾ ਪਿਆ। ਉਹ ਭੱਜ ਕੇ ਕਸੂਰ ਦੇ ਕਿਲ੍ਹੇ ਵਿਚ ਜਾ ਡਟਿਆ। ਸਿੰਘਾਂ ਨੇ ਕਿਲ੍ਹੇ ਨੂੰ ਘੇਰ ਕੇ ਅੱਗ ਵਰਸਾਉਣੀ ਸ਼ੁਰੂ ਕਰ ਦਿੱਤੀ। ਕਈ ਦਿਨ ਨਵਾਬ ਡਟਿਆ ਰਿਹਾ। ਅੰਤ ਸਿੰਘਾਂ ਨੇ ਕਿਲ੍ਹੇ ਦੀ ਫਸੀਲ ਬਾਰੂਦ ਨਾਲ ਉਡਾ ਦਿੱਤੀ ਅਤੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਭੱਜਦੇ ਹੋਏ ਨਵਾਬ ਨੂੰ ਫੜ੍ਹ ਕੇ ਮਹਾਰਾਜੇ ਅੱਗੇ ਪੇਸ਼ ਕੀਤਾ ਗਿਆ ਤਾਂ ਉਸ ਨੇ ਮੁਆਫੀ ਮੰਗ ਲਈ। ਮਹਾਰਾਜੇ ਨੇ

ਉਸ ਨੂੰ ਮੁਆਫ ਕਰ ਕੇ ਸਤਲੁਜੋਂ ਪਾਰ ਜਗੀਰ ਬਖਸ਼ ਦਿੱਤੀ ਅਤੇ ਕਸੂਰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਲੜਾਈ ਵਿਚ ਅਕਾਲੀ ਜੀ ਦੀ ਦਿਖਾਈ ਬਹਾਦਰੀ ਸਦਕਾ ਮਹਾਰਾਜਾ ਦੇ ਦਿਲ ਵਿਚ ਆਪ ਜੀ ਦਾ ਮਾਣ ਸਤਿਕਾਰ ਵਧ ਗਿਆ। ਸਿੱਟੇ ਵਜੋਂ ਉਨ੍ਹਾਂ ਨੇ ਅਕਾਲੀ ਜਥੇ ਦੀ ਜਗੀਰ ਵਿਚ ਕਾਫੀ ਵਾਧਾ ਕਰ ਦਿੱਤਾ।

ਕਸੂਰ ਜੰਗ ਤੋਂ ਵਿਹਲੇ ਹੋ ਕੇ ਅਕਾਲੀ ਜੀ ਫਿਰ ਸ੍ਰੀ ਅੰਮ੍ਰਿਤਸਰ ਆ ਗਏ ਤੇ ਆਪਣਾ ਡੇਰਾ ਏਥੇ ਹੀ ਰੱਖਿਆ। ਰੋਜ਼ਾਨਾ ਨਾਮ ਅਭਿਆਸ, ਗੁਰਧਾਮਾਂ ਦੀ ਸੇਵਾ, ਸ਼ਸਤਰ ਵਿੱਦਿਆ ਦੇ ਪ੍ਰਸਾਰ ਅਤੇ ਅੰਮ੍ਰਿਤ-ਪ੍ਰਚਾਰ ਵਿਚ ਹੀ ਜੁਟੇ ਰਹਿੰਦੇ। ਗੁਰੂ ਕੀ ਨਗਰੀ ਦੀ ਪਵਿੱਤਰਤਾ ਅਤੇ ਸਤਿਕਾਰ ਬਣਾਈ ਰੱਖਣ ਦਾ ਜ਼ਿੰਮਾ ਉਨ੍ਹਾਂ ਨੇ ਆਪਣੇ ਸਿਰ ਲਿਆ ਹੋਇਆ ਸੀ ਜਿਸ ਲਈ ਉਹ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਸਨ। (ਕੁਲਦੀਪ ਸਿੰਘ ਧੀਰ)

**ਖਾਲਸਾ ਰਾਜ ਦੇ ਮੁਦਈ**

ਅਕਾਲੀ ਫੂਲਾ ਸਿੰਘ ਖਾਲਸਾ ਫੌਜ ਦੇ ਯੂਰਪੀਕਰਨ ਦੇ ਸਖਤ ਵਿਰੁੱਧ ਸਨ। ਇਸੇ ਲਈ ਉਨ੍ਹਾਂ ਨੇ ਮਹਾਰਾਜਾ ਨਾਲ ਭਖਵੀਂ ਬਹਿਸ ਵੀ ਕੀਤੀ ਕਿਉਂਕਿ ਉਹ ਮੰਨਦੇ ਸਨ ਕਿ ਖ਼ਾਲਸੇ ਦੀਆਂ ਫ਼ੌਜਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲੜਾਈ ਸ਼ੈਲੀ ਦੀ ਪਾਲਣਾ ਕਰਨੀ ਚਾਹੀਦੀ ਹੈ। ਮਹਾਰਾਜਾ ਨੇ ਜਦ ਬ੍ਰਿਟਿਸ਼ ਸਰਕਾਰ ਨਾਲ ਰੋਪੜ ਵਿਖੇ ਸੰਧੀ 'ਤੇ ਹਸਤਾਖਰ ਕੀਤੇ ਅਤੇ ਬ੍ਰਿਟਿਸ਼ ਰਾਜ ਅਤੇ ਸਿੱਖ ਸਾਮਰਾਜ ਵਿਚਕਾਰ ਸਰਹੱਦ ਸਤਲੁਜ ਦਰਿਆ ਵਜੋਂ ਦਰਸਾਈ ਤਾਂ ਇਸ ਸੰਧੀ ਨੇ ਮਹਾਰਾਜੇ ਨੂੰ ਅਕਾਲੀ ਫੂਲਾ ਸਿੰਘ ਨੂੰ ਨਾਰਾਜ਼ ਤਾਂ ਕੀਤਾ ਹੀ ਅਕਾਲੀ ਫੂਲਾ ਸਿੰਘ ਜੀ ਨੇ ਇਸ ਦਾ ਵੀ ਵਿਰੋਧ ਵੀ ਕੀਤਾ ਕਿਉਂਕਿ ਸਿੱਖ ਮਿਸਲਾਂ ਦਾ ਕਾਫੀ ਇਲਾਕਾ ਸਤਲੁਜ ਤੋਂ ਪਾਰ ਦੱਖਣ ਵੱਲ ਸੀ ਤੇ ਅਕਾਲੀ ਫੂਲਾ ਸਿੰਘ ਸਾਰੇ ਸਿੱਖ ਰਾਜ ਨੂੰ ਉਥੋਂ ਤਕ ਇੱਕ ਕਰਨਾ ਚਾਹੁੰਦੇ ਸਨ ਜਿੱਥੇ-ਜਿੱਥੇ ਸਿੱਖਾਂ ਦੇ ਛੋਟੇ-ਛੋਟੇ ਰਾਜ ਪਹਿਲਾਂ ਸਥਾਪਿਤ ਹੋਏ ਹੋਏ ਸਨ। ਜੋ ਮਿਸਲਾਂ ਦਾ ਇਲਾਕਾ ਅੰਗਰੇਜ਼ੀ ਪ੍ਰਭਾਵ ਥੱਲੇ ਆਇਆ ਉਹ ਸਨ ਫੂਲਕੀਆਂ ਦੀਆਂ ਸਾਰੀਆਂ ਰਿਆਸਤਾਂ, ਡੱਲੇਵਾਲੀਆ ਤੇ ਨਿਸ਼ਾਨਾਂਵਾਲੀਆ ਦੇ ਜ਼ਿਆਦਾ ਹਿੱਸੇ ਅਤੇ ਪੰਜਗੜ੍ਹੀਆ ਕਰੋੜ ਸਿੰਘੀਆ ਦੇ ਛਛਰੌਲੀ ਦੇ ਇਲਾਕੇ। ਗੁੱਸੇ ਵਿਚ ਆ ਕੇ ਅਕਾਲੀ ਫੂਲਾ ਸਿੰਘ ਨੇ ਕਿਹਾ ਕਿ ਉਹ ਸਿੱਖ ਸਾਮਰਾਜ ਨੂੰ ਤਾਂ ਇਕੱਠਾ ਕਰਨਾ ਹੀ ਚਾਹੁੰਦੇ ਹਨ ਤੇ ਨਾਲ ਹੀ ਪੂਰੇ ਭਾਰਤ ਨੂੰ ਬ੍ਰਿਟਿਸ਼ ਤੋਂ ਵਾਪਸ ਵੀ ਲੈਣਾ ਚਾਹੁੰਦੇ ਹਨ। ਇਸ ਲਈ ਮਹਾਰਾਜੇ ਨੂੰ ਇਸ ਸੰਧੀ ਨੂੰ ਤੋੜ ਦੇਣਾ ਚਾਹੀਦਾ ਹੈ। ਮਹਾਰਾਜਾ ਨੇ ਉਸ ਨੂੰ ਇਹ ਕਹਿ ਕੇ ਸ਼ਾਂਤ ਕੀਤਾ ਕਿ ਉਹ ਬ੍ਰਿਟਿਸ਼ ਉੱਤੇ ਹਮਲਾ ਕਰਨ ਤੋਂ ਪਹਿਲਾਂ ਸਭ ਤੋਂ ਪਹਿਲਾਂ ਪੰਜਾਬ, ਕਸ਼ਮੀਰ ਅਤੇ ਤਿੱਬਤ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ।

੧੮੦੯ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਥੌਮਸ ਮੈਟਕਾਫ਼ ਦੇ ਐਸਕੋਰਟ ਉੱਤੇ ਹਮਲੇ ਤੋਂ ਬਾਅਦ ਰਣਜੀਤ ਸਿੰਘ ਦੁਆਰਾ ਅਕਾਲੀ ਫੂਲਾ ਸਿੰਘ ਨੂੰ ਅਕਾਲੀ ਫੌਜ ਦੀ

ਕਮਾਂਡ ਦਿੱਤੀ ਗਈ। ਅਕਾਲੀ ਸਾਫਗੋਈ ਅਤੇ ਹਿੰਮਤ ਲਈ ਜਾਣੇ ਜਾਂਦੇ ਸਨ। ਉਹ ਮਹਾਰਾਜਾ ਰਣਜੀਤ ਸਿੰਘ ਦੀ ਨਿਯਮਤ ਸੈਨਾ ਦੀ ਯੂਰਪੀਅਨ ਸਿਖਲਾਈ ਦੇ ਸਖ਼ਤੀ ਦੇ ਵਿਰੁੱਧ ਸਨ ਅਤੇ ਰਵਾਇਤੀ ਸਿੱਖ ਸਿਖਲਾਈ ਨੂੰ ਅੱਗੇ ਵਧਾਉਣ 'ਤੇ ਜ਼ੋਰ ਦਿੰਦੇ ਸੀ।

**ਤਲਵੰਡੀ ਸਾਬੋ ਵਿਚ**

ਉਹ ਸੰਨ ੧੮੦੯ ਵਿਚ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ ਚਲੇ ਗਏ ਜਿੱਥੇ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਸੁਧਾਰ ਸੰਬੰਧੀ ਕਈ ਕਾਰਵਾਈਆਂ ਕੀਤੀਆਂ। ਇਨ੍ਹੀਂ ਦਿਨੀਂ ਕੈਪਟਨ ਵਾਈਟ ਸਿੱਖ ਰਾਜ ਅਤੇ ਅੰਗਰੇਜ਼ੀ ਰਾਜ ਦੀਆਂ ਹੱਦਾਂ ਦਾ ਸਰਵੇ ਕਰਨ ਤਲਵੰਡੀ ਸਾਬੋ ਆਇਆ ਤਾਂ ਅਫਵਾਹ ਉੱਡ ਗਈ ਕਿ ਅੰਗਰੇਜ਼ ਪੰਜਾਬ ਉੱਤੇ ਕਬਜ਼ਾ ਕਰਨ ਲਈ ਸਰਵੇ ਕਰ ਕੇ ਨਕਸ਼ੇ ਬਣਾ ਰਹੇ ਹਨ। ਅੰਗਰੇਜ਼ੀ ਰਾਜ ਵਿਰੁੱਧ ਨਫਰਤ ਤਾਂ ਲੋਕਾਂ ਵਿਚ ਪਹਿਲਾਂ ਹੀ ਸੀ ਸੋ ਇਹ ਖ਼ਬਰ ਆਮ ਲੋਕਾਂ ਵਿਚ ਅੱਗ ਵਾਂਗ ਫੈਲ ਗਈ। ਅਕਾਲੀ ਫੂਲਾ ਸਿੰਘ ਨੂੰ ਵੀ ਇਹ ਭਰੋਸੇਯੋਗ ਲੱਗੀ ਤਾਂ ਉਨ੍ਹਾਂ ਨੇ ਚਾਉਕੇ ਦੇ ਨੇੜੇ ਅੰਗਰੇਜ਼ੀ ਕੈਂਪ ਉਤੇ ਭਾਰੀ ਹਜ਼ੂਮ ਨਾਲ ਹਮਲਾ ਕਰ ਦਿਤਾ। ਕੁਝ ਚਿਰ ਤਾਂ ਵਾਈਟ ਦੇ ਸਿਪਾਹੀ ਡਟੇ ਪਰ ਵਧਦਾ ਇਕੱਠ ਦੇਖ ਕੇ ਭੱਜ ਗਏ ਤੇ ਨਾਲ ਦੇ ਪਿੰਡ ਫਤੇ ਵਿਚ ਜਾ ਕੇ ਪਨਾਹ ਲਈ। ਲੋਕਾਂ ਨੇ ਨਕਸ਼ੇ, ਸਰਵੇ ਦਾ ਸਮਾਨ ਤੇ ਕੈਂਪ ਦੀਆਂ ਹੋਰ ਵਸਤਾਂ ਲੁੱਟ ਲਈਆਂ। ਇਹ ਇਲਾਕਾ ਰਾਜਾ ਨਾਭਾ ਦੇ ਅਧੀਨ ਸੀ। ਜਦੋਂ ਰਾਜੇ ਨੂੰ ਪਤਾ ਲੱਗਿਆ ਤਾਂ ਉਸ ਨੇ ਆਪਣੇ ਭਤੀਜੇ ਕੰਵਰ ਰਣ ਸਿੰਘ ਨੂੰ ਕੈਪਟਨ ਵਾਈਟ ਦੀ ਮਦਦ ਲਈ ਘੱਲਿਆ। ਕੰਵਰ ਨੇ ਅਕਾਲੀ ਜੀ ਨੂੰ ਸਾਰੀ ਗੱਲ ਸਮਝਾਈ ਤਾਂ ਗਲਤ-ਫਹਿਮੀ ਦੂਰ ਹੋਈ ਤੇ ਰੌਲਾ ਠੰਢਾ ਪਿਆ। ਅਕਾਲੀ ਜੀ ਵਾਪਸ ਦਮਦਮਾ ਸਾਹਿਬ ਪਰਤ ਗਏ। ਅੰਗਰੇਜ਼ਾਂ ਨੇ ਮਹਾਰਾਜੇ ਤੇ ਦਬਾਅ ਪਾਇਆ ਕਿ ਉਹ ਅਕਾਲੀ ਫੂਲਾ ਸਿੰਘ ਨੂੰ ਉਨ੍ਹਾਂ ਦੇ ਹਵਾਲੇ ਕਰਨ ਪਰ ਮਹਾਰਾਜੇ ਨੂੰ ਅਕਾਲੀ ਜੀ ਦੀ ਸ਼ਖ਼ਸੀਅਤ ਦਾ ਪਤਾ ਸੀ ਇਸ ਲਈ ਉਹ ਨਾਂ ਮੰਨੇ ਪਰ ਅਕਾਲੀ ਜੀ ਨੂੰ ਸ੍ਰੀ ਅੰਮ੍ਰਿਤਸਰ ਆ ਕੇ ਟਿਕਣ ਲਈ ਕਿਹਾ। ਆਪ ਫਿਰ ਸ੍ਰੀ ਅੰਮ੍ਰਿਤਸਰ ਵਾਪਸ ਆ ਕੇ ਅਪਣੀ ਜ਼ਿੰਮੇਵਾਰੀ ਨਿਭਾਉਣ ਲੱਗੇ।

**ਦਲੇਰੀ ਤੇ ਸਾਫਗੋਈ**

ਕੁਝ ਕੁ ਹੋਰ ਗੱਲਾਂ ਕਰਕੇ ਵੀ ਅਕਾਲੀ ਫੂਲਾ ਸਿੰਘ ਸਮੇਤ ਆਮ ਸਿੱਖ ਮਹਾਰਾਜੇ ਤੋਂ ਨਾਰਾਜ਼ ਚੱਲ ਰਹੇ ਸਨ। ਮੱਤਭੇਦ ਦੇ ਕਾਰਨ (ੳ) ਡੋਗਰਿਆਂ ਦਾ ਰਾਜ ਦਰਬਾਰ ਤੇ ਰਾਜ ਭਾਗ ਵਿਚ ਹਦੋਂ ਵੱਧ ਦਖ਼ਲ ਤੇ ਸਿੱਖਾਂ ਪ੍ਰਤੀ ਬੇਰੁਖੀ/ਅਣਦੇਖੀ ਦਾ ਵਰਤਾਉ (ਅ) ਯੋਗ ਪੁਰਸ਼ਾਂ ਨੂੰ ਉੱਚ ਸਥਾਨਾਂ 'ਤੇ ਲਾਉਣ ਦੀ ਥਾਂ ਆਪਣੇ ਅਯੋਗ ਬੰਦਿਆਂ ਨੂੰ ਮਹਤੱਵਪੂਰਨ ਨਿਯੁਕਤੀਆਂ 'ਤੇ ਲਾਉਣਾ।

ਮਹਾਰਾਜੇ ਨੂੰ ਸਮਝਾਉਣ ਦਾ ਜਦ ਕੋਈ ਹੋਰ ਚਾਰਾ ਨਾ ਵੇਖਿਆ ਤਾਂ ਅਕਾਲੀ ਫੂਲਾ ਸਿੰਘ ਦੜਦੜਾਉਂਦੇ ਮਹਾਰਾਜੇ ਦੇ ਦਰਬਾਰ ਗਏ। ਡੋਗਰਿਆਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਅਕਾਲੀ ਜੀ ਰੁਕੇ ਨਹੀਂ ਤੇ ਮਹਾਰਾਜੇ ਅੱਗੇ ਜਾ ਡਟੇ ਤੇ ਖਰੀਆਂ ਖਰੀਆਂ

ਸੁਣਾਈਆਂ। ਮਹਾਰਾਜੇ ਨੇ ਬੜੇ ਆਦਰ ਨਾਲ ਉਨ੍ਹਾਂ ਨੂੰ ਸੁਣਿਆ ਤੇ ਇਸ ਸਭ ਵਿਚ ਸੁਧਾਰ ਲਿਆਉਣ ਦਾ ਭਰੋਸਾ ਵੀ ਦਿੱਤਾ। ਫਿਰ ਆਪ ਜੀ ਨੂੰ ਮਹਾਰਾਜੇ ਨੇ ਖਾਣੇ ਲਈ ਸੱਦਾ ਦਿੱਤਾ ਪਰ ਇਹ ਆਪ ਜੀ ਨੇ ਇਹ ਕਹਿ ਕੇ ਠੁਕਰਾਅ ਦਿੱਤਾ ਕਿ ਜਦ ਸੁਧਾਰ ਹੋਵੇਗਾ ਤਦ ਹੀ ਤੁਹਾਡੇ ਨਾਲ ਲੰਗਰ ਛਕਾਂਗਾ। ਅਗਲੇ ਦਿਨ ਉਹ ਸ੍ਰੀ ਅੰਮ੍ਰਿਤਸਰ ਦਾ ਡੇਰਾ ਛਡ ਅਨੰਦਪੁਰ ਸਾਹਿਬ ਆ ਗਏ। ਇਹ ਗੱਲ ਸੰਨ ੧੮੧੪ ਈ. ਦੀ ਹੈ।

**ਸ਼ਰਨ ਆਏ ਦੀ ਲਾਜ ਰੱਖਣ ਵਾਲੇ**

ਅਜੇ ਸ੍ਰੀ ਅਨੰਦਪੁਰ ਸਾਹਿਬ ਵਿਚ ਪਹੁੰਚੇ ਕੁਝ ਦਿਨ ਹੀ ਹੋਏ ਸਨ ਕਿ ਜੀਂਦ ਦੇ ਸ਼ਹਿਜ਼ਾਦਾ ਪ੍ਰਤਾਪ ਸਿੰਘ ਦੀ ਅੰਗਰੇਜ਼ੀ ਸਰਕਾਰ ਨਾਲ ਖਟਪਟੀ ਹੋ ਗਈ ਤੇ ਉਹ ਨੱਸ ਕੇ ਅਕਾਲੀ ਫੂਲਾ ਸਿੰਘ ਜੀ ਦੀ ਸ਼ਰਨ ਵਿਚ ਆ ਗਿਆ। ਅੰਗਰੇਜ਼ਾਂ ਨੇ ਅਕਾਲੀ ਜੀ ਤੋਂ ਸ਼ਹਿਜ਼ਾਦੇ ਦੀ ਮੰਗ ਕੀਤੀ ਪਰ ਸ਼ਰਨ ਆਏ ਦੀ ਬਾਂਹ ਫੜਣਾ ਤਾਂ ਖਾਲਸੇ ਦਾ ਧਰਮ ਹੈ। ਅਕਾਲੀ ਜੀ ਨੇ ਸ਼ਹਿਜ਼ਾਦੇ ਨੂੰ ਦੇਣੋਂ ਨਾਂਹ ਕਰ ਦਿੱਤੀ। ਅੰਗਰੇਜ਼ਾਂ ਨੇ ਸਤੰਬਰ ੧੮੧੪ ਵਿਚ ਮਹਾਰਾਜੇ ਕੋਲ ਪਹੁੰਚ ਕੀਤੀ। ਡੋਗਰਿਆਂ ਨੇ ਅਕਾਲੀ ਜੀ ਵਿਰੁੱਧ ਕੰਨ ਭਰੇ ਤੇ ਫਿਲੌਰ ਦੇ ਕਿਲ੍ਹੇਦਾਰ ਨੂੰ ਵੀ ਹੁਕਮ ਭਿਜਵਾ ਦਿੱਤਾ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਤੇ ਹਮਲਾ ਕਰ ਕੇ ਅਕਾਲੀ ਜੀ ਲਾਹੌਰ ਭਿਜਵਾਏ। ਕਿਲ੍ਹੇਦਾਰ ਨੇ ਇਨਕਾਰ ਕਰ ਦਿੱਤਾ ਤਾਂ ਇਸ ਕੰਮ ਲਈ ਦੀਵਾਨ ਮੋਤੀ ਰਾਮ ਅਕਤੂਬਰ ੧੮੧੪ ਈ. ਵਿਚ ਆਪ ਫੌਜ ਲੈ ਕੇ ਸ੍ਰੀ ਅਨੰਦਪੁਰ ਸਾਹਿਬ 'ਤੇ ਚੜ੍ਹ ਆਇਆ। ਪਰ ਜਦ ਉਸ ਨੇ ਸਿੱਖ ਫੌਜਾਂ ਨੂੰ ਅਕਾਲੀ ਜੀ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ ਤਾਂ ਉਹ ਵੀ ਇਨਕਾਰੀ ਹੋ ਗਏ। ਅੰਗਰੇਜ਼ ਨਾ ਟਲੇ; ਉਨਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਅਕਾਲੀ ਜੀ 'ਤੇ ਚੜ੍ਹਾਈ ਕਰਨ ਲਈ ਭੇਜਿਆ। ਪਰ ਉਸ ਦੇ ਸੈਨਿਕ ਵੀ ਅਕਾਲੀ ਜੀ 'ਤੇ ਹਮਲਾ ਕਰਨੋਂ ਇਨਕਾਰੀ ਹੋਏ। ਇਹ ਅਕਾਲੀ ਜੀ ਦੀ ਹੀ ਹਸਤੀ ਸੀ ਜਿਸ ਅੱਗੇ ਦੁਸ਼ਮਣ ਬਣ ਕੇ ਆਈਆਂ ਫੌਜਾਂ ਵੀ ਬਿਨ ਲੜੇ ਝੁਕ ਜਾਂਦੀਆਂ ਸਨ। ਅਕਾਲੀ ਜੀ ਵਰਗੇ ਸੱਚੇ-ਸੁੱਚੇ ਧਰਮੀ ਮਹਾਂਪੁਰਖ ਤੇ ਤੇਜ ਪ੍ਰਤਾਪ ਵਾਲੇ ਮਹਾਂਬਲੀ ਯੋਧੇ ਤੇ ਤਲਵਾਰ ਚੁੱਕਣ ਲਈ ਕੋਈ ਵੀ ਰਾਜ਼ੀ ਨਹੀਂ ਹੋਇਆ ਤਾਂ ਮਹਾਰਾਜੇ ਦੀਆਂ ਅਤੇ ਅੰਗਰੇਜ਼ਾਂ ਦੀਆਂ ਅੱਖਾਂ ਖੁਲ੍ਹੀਆਂ। ਮਹਾਰਾਜੇ ਨੇ ਬਾਬਾ ਸਾਹਿਬ ਸਿੰਘ ਬੇਦੀ ਨੂੰ ਇਹ ਕਹਿ ਕੇ ਭੇਜਿਆ ਕਿ ਅਕਾਲੀ ਜੀ ਨਰਾਜ਼ਗੀ ਛੱਡਣ 'ਤੇ ਜੋ ਉਨ੍ਹਾਂ ਨੇ ਮਹਾਰਾਜੇ ਨੂੰ ਕਿਹਾ ਸੀ ਉਸ ਉੱਤੇ ਅਮਲ ਕੀਤਾ ਜਾਏਗਾ। ਗੱਲਬਾਤ ਰਾਹੀਂ ਤਸੱਲੀ ਹੋਈ ਤਾਂ ਅਕਾਲੀ ਜੀ ਅੰਮ੍ਰਿਤਸਰ ਆ ਗਏ ਜਿੱਥੇ ਲੋਕਾਂ ਨੇ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਹੀ ਮਹਾਰਾਜ ਵੀ ਆਪ ਸਵਾਗਤ ਲਈ ਆਇਆ ਤੇ ਬਹੁਤ ਸਾਰੇ ਹਾਥੀ, ਘੋੜੇ, ਸ਼ਸਤਰ ਹਥਿਆਰ ਆਦਿ ਅਕਾਲੀ ਜੀ ਦੀ ਭੇਟ ਕੀਤੇ ਅਤੇ ਡੇਰੇ ਲਈ ਜਾਗੀਰ ਵਿਚ ਵਾਧਾ ਕੀਤਾ ਤੇ ਨਵੀਂ ਇਮਾਰਤ ਬਣਾਉਣ ਲਈ ਵੀ ਧਨ ਦਿੱਤਾ।

**ਚਲਦਾ...**

# ਹਰਿ ਪ੍ਰਭੂ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਗੁਰੂ ਕੇ ਪਿਆਰਿਓ, ਜਿਸ ਵੀ ਘਰ ਵਿਚ ਹਰ ਰੋਜ਼ ਪਾਵਨ ਅਤੇ ਪਵਿੱਤਰ ਗੁਰਬਾਣੀ ਦਾ ਸਹਿਜ ਪਾਠ ਜਾਂ ਨਿੱਤਨੇਮ ਬਹੁਤ ਹੀ ਪਿਆਰ ਨਾਲ ਹੁੰਦਾ ਹੋਵੇਗਾ, ਐਸੇ ਘਰ ਦੇ ਬੱਚੇ-ਬੱਚੀਆਂ ਦੇ ਸੰਸਕਾਰ ਵੀ ਜ਼ਿਆਦਾਤਰ ਬਹੁਤ ਹੀ ਧਾਰਮਿਕ ਬਿਰਤੀ ਵਾਲੇ ਹੋਣ ਦੇ ਆਸਾਰ ਬਣ ਜਾਂਦੇ ਹਨ ਅਤੇ ਐਸੇ ਧਾਰਮਿਕ ਬਿਰਤੀ ਵਾਲੇ ਬੱਚੇ ਬੱਚੀਆਂ ਹੀ ਅੱਜ ਸਾਡੇ ਵਿਗੜੇ ਹੋਏ ਸਮਾਜ ਨੂੰ ਕੋਈ ਯੋਗ ਅਗਵਾਈ ਦੇ ਸਕਦੇ ਹਨ।

ਜਿਸ ਤਰ੍ਹਾਂ ਸਾਡੇ ਸਮਾਜ ਵਿਚ ਅੱਜ ਇਕ ਨੰਨ੍ਹੀ ਅਤੇ ਪਿਆਰੀ ਧੀ ਨੂੰ ਮਾਂ ਦੀ ਕੁੱਖ ਵਿਚ ਹੀ ਮਾਰਨ ਦਾ ਬਹੁਤ ਵੱਡਾ ਅਪਰਾਧ ਹੋ ਰਿਹਾ ਹੈ, ਪਤਾ ਨਹੀਂ ਉਹ ਕਿਸ ਤਰ੍ਹਾਂ ਦੇ ਨਿਰਦਈ ਮਾਂ-ਪਿਉ ਹੋਣਗੇ, ਜੋ ਮਾਂ ਦੇ ਪੇਟ ਵਿਚ ਹੀ ਪਲਦੀ ਹੋਈ ਆਪਣੀ ਪਿਆਰੀ ਧੀ ਦਾ ਬਹੁਤ ਹੀ ਬੇਰਹਿਮੀ ਨਾਲ ਕਤਲ ਹੁੰਦਾ ਵੇਖ ਕੇ ਆਪਣੇ ਅਗਲੇ ਜੀਵਨ ਨੂੰ ਸੁਖੀ ਵੇਖਣ ਦਾ ਆਪਣੇ ਅੰਦਰ ਸੁਪਨਾ ਵੇਖ ਰਹੇ ਹੋਣਗੇ, ਪਰ ਇਨ੍ਹਾਂ ਮਾਪਿਆਂ ਨੂੰ ਇਹ ਪਤਾ ਨਹੀਂ ਹੁੰਦਾ ਹੈ ਕਿ ਜਿਹੜਾ ਇਹ ਆਪਣੀ ਨਿਰਦੋਸ਼ ਧੀ ਨੂੰ ਸੰਸਾਰ ਵਿਚ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੀ ਕੁੱਖ ਵਿਚ ਜ਼ਹਿਰੀਲੇ ਟੀਕੇ ਅਤੇ ਤਿੱਖੀਆਂ ਛੁਰੀਆਂ ਮਾਰ-ਮਾਰ ਕੇ ਕਤਲ ਹੁੰਦਾ ਵੇਖਦੇ ਹੋਣਗੇ ਤਾਂ ਉਸ ਪਿਆਰੀ ਮਾਸੂਮ ਧੀ ਨੂੰ ਉਸ ਵਕਤ ਡਾਕਟਰ ਦੀਆਂ ਉਨ੍ਹਾਂ ਤਿੱਖੀਆਂ ਛੁਰੀਆਂ ਅਤੇ ਟੀਕਿਆਂ ਦੀ ਕਿਤਨੀ ਭਿਆਨਕ ਦਰਦ ਹੁੰਦੀ ਹੋਵੇਗੀ ਅਤੇ ਉਹ ਨੰਨ੍ਹੀ ਧੀ ਦੇ ਤਰਲੇ ਅੰਦਰੋਂ ਅੰਦਰੀਂ ਕਿਤਨੀ ਕੁਰਲਾਉਂਦੀ ਹੋਈ ਆਪਣੇ ਮਾਂ ਪਿਉ ਅੱਗੇ ਤਰਲੇ-ਮਿੰਨਤਾਂ ਲੈਂਦੀ ਹੋਵੇਗੀ ਕਿ, ਐ ਮੇਰੇ ਪਿਆਰੇ ਮਾਤਾ-ਪਿਤਾ ਜੀ, ਮੈਨੂੰ ਗਰੀਬਣੀ ਨੂੰ ਇਕ ਵਾਰੀ ਇਸ ਸੰਸਾਰ ਵਿਚ ਜਨਮ ਲੈ ਲੈਣ ਦਿਉ, ਮੈਂ ਤਹਾਨੂੰ ਕਦੇ ਵੀ ਕੋਈ ਦੁੱਖ ਨਹੀਂ ਦੇਵਾਗੀਂ ! ਪਰ ਆਮ ਹੀ ਕਈ ਕਸਾਈ ਮਾਂ-ਪਿਉ ਆਪਣੀ ਇਸ ਨੰਨ੍ਹੀ ਧੀ ਦੇ ਤਰਲੇ ਮਿੰਨਤਾਂ ਸੁਣ ਕੇ ਵੀ ਪੱਥਰ ਦਿਲ ਹੋ ਕੇ, ਇਸ ਨੂੰ ਸਦਾ-ਸਦਾ ਲਈ ਚੁਪ ਕਰਾਉਣ ਦਾ ਵੱਡਾ ਪਾਪ ਕਰਨ ਦੇ ਜ਼ਿੰਮੇਵਾਰ ਹੋ ਜਾਂਦੇ ਹਨ, ਪਰ ਯਾਦ ਰੱਖਿਓ, ਐਸੇ ਪਾਪੀ ਮਾਂ-ਪਿਉ ਨੂੰ ਐਸੀ ਮਾਸੂਮ ਅਤੇ ਪਿਆਰੀ ਧੀ ਦਾ ਐਸਾ ਵੱਡਾ ਸਰਾਪ ਲੱਗ ਜਾਂਦਾ ਹੈ ਕਿ ਐਸੇ ਮਾਂ ਪਿਉ ਦੀ ਅਗਲੀ ਔਲਾਦ ਰੱਬ ਵੱਲੋਂ ਕਦੇ ਵੀ ਉਨ੍ਹਾਂ ਨੂੰ ਸੁਖ ਦੇਣ ਦੀ ਹੱਕਦਾਰ ਨਹੀਂ ਰਹਿੰਦੀ।

ਅੱਜ ਸਾਰੇ ਸੰਸਾਰ ਵਿਚ ਬਹੁਤ ਹੀ ਧਾਰਮਿਕ ਜਥੇਬੰਦੀਆਂ, ਸਿੰਘ ਸਭਾਵਾਂ ਅਤੇ ਸਭਾ-ਸੁਸਾਇਟੀਆਂ ਇਸ ਭਿਆਨਕ ਕੋਹੜ ਨੂੰ ਖਤਮ ਕਰਨ ਦੇ ਵੱਡੇ-ਵੱਡੇ

**# ੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੧। ਮੋ. ੯੮੧੫੧੪੩੫੨੬*

ਉਪਰਾਲੇ ਕਰ ਰਹੀਆਂ ਹਨ, ਮੁਬਾਰਕ ਹੈ ਐਸੀ ਚੰਗੀ ਸੋਚ ਰੱਖਣ ਵਾਲੀਆਂ ਸਭਾ-ਸੁਸਾਇਟੀਆਂ ਅਤੇ ਸਿੰਘ ਸਭਾਵਾਂ ਨੂੰ, ਪਰ ਇੱਥੇ ਇਹ ਵੀ ਯਾਦ ਰੱਖਿਓ, ਜਿੰਨਾ ਚਿਰ ਅਸੀਂ ਆਪੋ-ਆਪਣੇ ਘਰਾਂ ਵਿਚ ਆਪਣੀਆਂ ਪਿਆਰੀਆਂ ਧੀਆਂ ਨੂੰ ਆਪਣੇ ਵੱਲੋਂ ਬਹੁਤ ਨੇਕ ਅਤੇ ਧਾਰਮਿਕ ਸੰਸਕਾਰ ਨਾ ਦਿੱਤੇ, ਓਨਾ ਚਿਰ ਸਾਡੇ ਇਸ ਸਮਾਜ ਵਿਚ ਇਸ ਭਿਆਨਕ ਕੋਹੜ ਦਾ ਖਾਤਮਾ ਕਦੇ ਵੀ ਨਹੀਂ ਹੋ ਸਕਦਾ। ਸੰਸਾਰ ਵਿਚ ਹਰ ਘਰ ਨੂੰ ਇਕ ਚੰਗੀ ਧੀ, ਭੈਣ, ਪਤਨੀ ਜਾਂ ਮਾਂ ਹੀ ਸੰਵਾਰ ਸਕਦੀ ਹੈ ਅਤੇ ਮਾਵਾਂ, ਭੈਣਾਂ ਅਤੇ ਧੀਆਂ ਦੀ ਕੁੱਖ ਵਿੱਚੋਂ ਹੀ ਸਾਡੇ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਰਾਜੇ ਮਹਾਰਾਜਿਆਂ ਨੇ ਜਨਮ ਲਿਆ ਹੈ, ਸੋ ਜਿਆਦਤਰ ਧੀ ਨੂੰ ਮਾਂ ਦੀ ਕੁੱਖ ਵਿਚ ਮਾਰਨ ਦਾ ਵੱਡਾ ਕਾਰਨ ਇਹ ਵੀ ਹੁੰਦਾ ਹੈ ਕਿ ਆਮ ਹੀ ਮਾਂ-ਪਿਉ ਦੇ ਘਰ ਇਕ ਧੀ ਜੰਮਣ 'ਤੇ ਹੀ ਉਸਦੇ ਵਿਆਹ ਦਾ ਫਿਕਰ ਲੱਗ ਜਾਂਦਾ ਹੈ ਅਤੇ ਧੀ ਦੇ ਜੰਮਣਸਾਰ ਹੀ ਧੀ ਦੇ ਦਾਜ ਦਾ ਫਿਕਰ ਲੱਗ ਜਾਂਦਾ ਹੈ, ਇਹ ਸਾਡੇ ਸਮਾਜ ਦੀ ਇਕ ਬਹੁਤ ਹੀ ਘਟੀਆ ਸੋਚ ਹੈ, ਅੱਜ ਵੱਡੀ ਲੋੜ ਹੈ ਸਾਨੂੰ ਆਪੋ-ਆਪਣੇ ਅੰਦਰ ਦੀ ਸੋਚ ਨੂੰ ਬਦਲਣ ਦੀ। ਸੋ ਸਾਡੇ ਸਮਾਜ ਨੂੰ ਅੱਜ ਧੀਆਂ ਨੂੰ ਦਾਜ ਦੀ ਲਾਹਨਤ ਤੋਂ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

ਸੋ ਪਿਆਰਿਓ, ਸਾਡਾ ਸਾਰਿਆਂ ਦਾ ਅੱਜ ਵੱਡਾ ਫ਼ਰਜ਼ ਬਣਦਾ ਹੈ ਕਿ ਜਿੱਥੇ ਅਸੀਂ ਆਪਣੀ ਪਿਆਰੀਆਂ ਧੀਆਂ ਨੂੰ ਆਪਣੇ ਪੁੱਤਰਾਂ ਵਾਂਗੂੰ ਹਰ ਤਰ੍ਹਾਂ ਦੀ ਦੁਨਿਆਵੀ ਤਾਲੀਮ ਵੱਧ ਤੋਂ ਵੱਧ ਦੇਈਏ, ਉੱਥੇ ਹਰ ਘਰ ਵਿਚ ਆਪਣੀ ਪਿਆਰੀ ਧੀ ਨੂੰ ਮਹਾਨ ਸਤਿਗੁਰੂ ਜੀ ਦੀ ਪਵਿੱਤਰ ਗੁਰਬਾਣੀ ਨਾਲ ਜੋੜ ਕੇ ਉਸ ਨੂੰ ਬਹੁਤ ਹੀ ਉੱਚੇ ਇਖ਼ਲਾਕ ਵਾਲੀ ਅਤੇ ਅਤਿ ਸੁਘੜ ਸਿਆਣੀ ਬਣਾ ਕੇ, ਉਸ ਨੂੰ ਚੰਗੇ ਗੁਣਾਂ ਦਾ ਦਾਜ ਦੇ ਕੇ ਸਹੁਰੇ ਘਰ ਵਿਚ ਤੋਰੀਏ। ਸੋ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਪਾਵਨ ਗੁਰਬਾਣੀ ਦੇ ਇਸ ਪਾਵਨ ਉਪਦੇਸ਼ ਵਿਚ ਆਪਣੀਆਂ ਪਿਆਰੀਆਂ ਧੀਆਂ ਨੂੰ ਦਾਜ ਪ੍ਰਤੀ ਬਹੁਤ ਹੀ ਪਿਆਰ ਨਾਲ ਸਮਝਾਇਆ ਹੈ ਕਿ, ਮੇਰੀਓ ਪਿਆਰੀਓ ਧੀਓ, ਆਓ, ਤੁਹਾਨੂੰ ਦੱਸੀਏ ਕਿ ਹਰ ਰੋਜ਼ ਪਾਵਨ ਗੁਰਬਾਣੀ ਦਾ ਨਿੱਤਨੇਮ ਕਰ ਕੇ ਆਪਣੇ ਬਾਬੁਲ ਕੋਲੋਂ ਕਿਹੜਾ ਦਾਜ ਮੰਗਣਾ ਹੈ:

*ਹਰ ਪ੍ਰਭੁ ਮੇਰੇ ਬਾਬੁਲਾ ਹਰ ਦੇਵਹੁ ਦਾਨ ਮੈਂ ਦਾਜੋ॥*
*ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥(ਸ੍ਰੀ ਗੁਰੂ ਗ੍ਰੰਥ ਸਾਹਿਬ,੭੮)*

ਮਹਾਨ ਸਤਿਗੁਰੂ ਜੀ ਇਕ ਧੀ ਨੂੰ ਆਪਣੇ ਬਾਬੁਲ ਕੋਲੋਂ ਦਾਜ ਮੰਗਣ ਦੀ ਸਿੱਖਿਆ ਦੇ ਰਹੇ ਹਨ ਕਿ ਐ ਮੇਰੇ ਬਾਬੁਲ, ਮੈਨੂੰ ਮੇਰੇ ਵਿਆਹ ਦੇ ਦਾਜ ਵਿਚ ਮੇਰੀ ਮੰਗ ਅਨੁਸਾਰ ਦਾਜ ਦੇਵੀਂ, ਮੇਰੇ ਪਿਤਾ ਜੀ, ਮੈਨੂੰ ਸ਼ਰਮ, ਸੋਭਾ, ਲਿਆਕਤ ਅਤੇ ਉੱਚੇ ਆਚਰਣ ਰੂਪੀ ਕੱਪੜੇ ਦੇਵੀਂ, ਜਦੋਂ ਮੇਰੇ ਪਾਸ ਉੱਚੇ ਅਤੇ ਸੁੱਚੇ ਵਿਚਾਰਾਂ ਦਾ ਦਾਜ ਹੋਵੇਗਾ ਤਾਂ ਪਰਮਾਤਮਾ ਮੇਰੇ ਸਹੁਰੇ ਘਰ ਵਿਚ ਹਰ ਤਰ੍ਹਾਂ ਦੇ ਕੰਮਾਂ ਵਿਚ ਸਹਾਈ

ਹੋ ਕੇ ਮੇਰੇ ਹਰ ਤਰ੍ਹਾਂ ਦੇ ਕੱਜ ਢੱਕ ਲੈਣਗੇ।

*ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰ ਦਾਨੁ ਦਿਵਾਇਆ॥*
*ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ,੭੯)*

ਐ ਬਾਬੁਲਾ, ਜਿਹੜਾ ਤੂੰ ਬਚਪਨ ਤੋਂ ਹੀ ਮੈਨੂੰ ਸੇਵਾ, ਸਿਮਰਨ ਅਤੇ ਗੁਰਬਾਣੀ ਦੇ ਨਿੱਤਨੇਮ ਨਾਲ ਜੋੜ ਕੇ ਮੈਨੂੰ ਐਸਾ ਵੱਡਾ ਦਾਨ ਦਿੱਤਾ ਹੈ, ਐਸੇ ਨਾਮ ਦੇ ਉੱਚੇ ਦਾਨ ਨਾਲ ਮੇਰੀ ਇਸ ਲੋਕ ਵਿਚ ਕੀ, ਪਰਲੋਕ ਵਿਚ ਵੀ ਸਦਾ ਵੱਡੀ ਸੋਭਾ ਹੁੰਦੀ ਰਹੇਗੀ, ਐਸਾ ਪਿਆਰਾ ਦਾਨ ਕਿਸੇ ਵਿਰਲੀ ਧੀ ਨੂੰ ਹੀ ਆਪਣੇ ਬਾਬੁਲ ਪਾਸੋਂ ਮਿਲਦਾ ਹੈ:

*ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰ ਕਚੁ ਪਾਜੋ॥*
*ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯)*

ਐ ਮੇਰੇ ਬਾਬੁਲ, ਐ ਜੋ ਵੱਡੇ-ਵੱਡੇ ਹੰਕਾਰੀ ਮਨੁੱਖ ਵੱਡੇ-ਵੱਡੇ ਦਾਜ ਦੇ ਕੇ ਦਿਖਾਵਾ ਕਰਦੇ ਫਿਰਦੇ ਹਨ, ਐਸੇ ਵੱਡੇ-ਵੱਡੇ ਹੰਕਾਰੀ ਮਨੁੱਖ ਹੀ ਸਾਡੇ ਸਮਾਜ ’ਤੇ ਵੱਡਾ ਕੋਹੜ ਹਨ, ਇਨ੍ਹਾਂ ਹੰਕਾਰੀਆਂ ਦਾ ਪਾਜ ਰੱਬ ਛੇਤੀ ਹੀ ਉਘਾੜ ਕੇ ਰੱਖ ਦਿੰਦਾ ਹੈ। ਸੋ ਮੇਰੇ ਬਾਬੁਲ, ਮੈਨੂੰ ਮੇਰੇ ਵਿਆਹ ਵਿਚ ਜੇ ਤੂੰ ਦਾਜ ਦੇਣਾ ਹੀ ਚਾਹੁੰਦਾ ਹੈਂ ਤਾਂ ਮੈਨੂੰ ਬਚਪਨ ਤੋਂ ਹੀ ਵੱਡੀ ਤਾਲੀਮ ਦੇਣ ਦੇ ਨਾਲ ਨਾਲ, ਮੈਨੂੰ ਸ਼ਾਂਤੀ, ਸਹਿਜ, ਨਿਮਰਤਾ, ਪਿਆਰ ਅਤੇ ਉੱਚੇ ਇਖ਼ਲਾਕ ਰੂਪੀ ਗੁਣਾਂ ਦਾ ਵੱਡਾ ਦਾਜ ਦੇਵੀਂ, ਇਨ੍ਹਾਂ ਮਹਾਨ ਗੁਣਾਂ ਦੇ ਵੱਡੇ ਦਾਜ ਨਾਲ ਮੇਰੇ ਸਹੁਰੇ ਘਰ ਵਿਚ ਵੱਡੀ ਸੋਭਾ ਤਾਂ ਹੋਵੇਗੀ ਹੀ, ਐ ਬਾਬੁਲ, ਮੇਰੇ ਖ਼ਾਨਦਾਨ ਦੀ ਇਸ ਵੱਡੇ ਦਾਜ ਦੇ ਦਾਨ ਦੇਣ ਨਾਲ, ਬਹੁਤ ਵੱਡੀ ਸੋਭਾ ਹੋਵੇਗੀ।

ਸੋ ਗੁਰੂ ਕੇ ਪਿਆਰਿਓ, ਆਓ, ਅੱਜ ਅਸੀ ਆਪੋ ਆਪਣੀਆਂ ਪਿਆਰੀਆਂ ਧੀਆਂ ਨੂੰ ਬਚਪਨ ਤੋਂ ਹੀ ਸੇਵਾ, ਸਿਮਰਨ ਅਤੇ ਪਾਵਨ ਗੁਰਬਾਣੀ ਦੇ ਨਿੱਤਨੇਮ ਨਾਲ ਜੋੜਨ ਦੇ ਉਪਰਾਲੇ ਕਰਦੇ ਰਹੀਏ! ਜਦੋਂ ਅਸੀਂ ਆਪੋ-ਆਪਣੀਆਂ ਧੀਆਂ ਨੂੰ ਬਚਪਨ ਤੋਂ ਹੀ ਸੇਵਾ, ਸਿਮਰਨ ਅਤੇ ਪਾਵਨ ਗੁਰਬਾਣੀ ਦੇ ਨਿੱਤਨੇਮ ਨਾਲ ਜੋੜਨ ਦਾ ਯਤਨ ਕਰਦੇ ਰਹਾਂਗੇ ਤਾਂ ਸਾਡੀਆਂ ਇਹ ਪਿਆਰੀਆਂ ਧੀਆਂ ਹਰ ਵਕਤ ਧਾਰਮਿਕ ਸਰੂਪ ਵਿਚ ਰਹਿ ਕੇ, ਸਦਾ ਸਾਦਗੀ ਦੇ ਜੀਵਨ ਵਿਚ ਆ ਕੇ, ਉੱਚੇ ਗੁਣਾਂ ਅਤੇ ਉੱਚੇ ਇਖ਼ਲਾਕ ਦੀਆਂ ਹੋ ਜਾਣਗੀਆਂ ਤਾਂ ਐਸੀਆਂ ਪਿਆਰੀਆਂ ਧੀਆਂ ਹੀ ਮਾਤਾ ਭਾਗ ਕੌਰ ਵਾਂਗੂੰ ਸਾਡਾ ਇਸ ਦੁਨੀਆ ਵਿਚ ਨਾਮ ਰੋਸ਼ਨ ਕਰ ਦੇਣਗੀਆਂ।

ਇਕ ਧੀ ਨੂੰ ਕੁੱਖ ਵਿਚ ਮਾਰਨਾ, ਰੱਬ ਦੀ ਵੱਡੀ ਕਰੋਪੀ ਸਹੇੜਨ ਦੇ ਤੁਲ ਹੈ।

# ਭਾਈ ਮੋਹਨ ਸਿੰਘ ਵੈਦ: ਜੀਵਨ ਤੇ ਸ਼ਖ਼ਸੀਅਤ

*-ਡਾ. ਸ਼ਮਸ਼ੇਰ ਸਿੰਘ**

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ ਅਤੇ ਜੀਵਨ ਚਰਿੱਤਰ ਇਤਿਹਾਸ ਦੀ ਰੂਹ। ਮਹਾਨ ਪੁਰਖ ਕਿਸੇ ਇੱਕ ਦੇ ਨਹੀਂ ਸਗੋਂ ਸਾਰੀ ਕੌਮ, ਦੇਸ਼ ਤੇ ਸੰਸਾਰ ਦੇ ਸਾਂਝੇ ਹੁੰਦੇ ਹਨ। ਉਨਾਂ ਦੇ ਜੀਵਨ ਚਰਿੱਤਰ ਸੂਰਜ ਦੀਆਂ ਜੀਵਨ ਪ੍ਰਕਾਸ਼ਕ ਕਿਰਨਾਂ ਦਾ ਪ੍ਰਕਾਸ਼ ਹਰ ਇਕ ਅਮੀਰ, ਗ਼ਰੀਬ, ਨਿੱਕੇ-ਵੱਡੇ ਸਭ ਲਈ ਇੱਕੋ ਜਿਹਾ ਲਾਭਕਾਰੀ, ਗੁਣ ਉਪਜਾਊ ਅਤੇ ਜੀਵਨ ਲਈ ਰਾਹ-ਦਸੇਰਾ ਹੁੰਦਾ ਹੈ।

ਸਿੱਖ ਪੰਥ ਦੇ ਅਦੁੱਤੀ ਰਤਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਸੰਸਾਰ ਦੇ ਉਨ੍ਹਾਂ ਮਹਾਨ ਉੱਤਮ ਵਿਅਕਤੀਆਂ ਵਿੱਚੋਂ ਸਨ, ਜਿਨ੍ਹਾਂ ਦਾ ਜੀਵਨ ਹਨੇਰੇ ਸੰਸਾਰ ਸਾਗਰ ਵਿਚ ਪ੍ਰਕਾਸ਼ ਘਰ ਦਾ ਕੰਮ ਦਿੰਦਾ ਹੈ।[੧] ਉਨ੍ਹਾਂ ਨੇ ਪੰਜਾਬੀ ਸਾਹਿਤ, ਚਕਿਤਸਾ ਜਗਤ ਤੇ ਸਿੱਖ ਧਰਮ ਨੂੰ ਆਪਣੀਆਂ ਰਚਨਾਵਾਂ ਦਾ ਬਹੁਮੁੱਲਾ ਖ਼ਜ਼ਾਨਾ ਪ੍ਰਦਾਨ ਕੀਤਾ।

**ਜੀਵਨ ਤੇ ਸ਼ਖ਼ਸੀਅਤ**

ਭਾਈ ਮੋਹਨ ਸਿੰਘ ਵੈਦ ਦਾ ਜਨਮ ੭ ਮਾਰਚ, ੧੮੮੧ ਈ. (ਸੋਮਵਾਰ) ਫੱਗਣ ਸੁਦੀ ਸੱਤ, ਸੰਮਤ ੧੯੩੭ ਬਿਕ੍ਰਮੀ ਨੂੰ ਤਰਨ ਤਾਰਨ ਸਾਹਿਬ ਵਿਖੇ ਹੋਇਆ। ਵੈਦ ਜੀ ਦੇ ਪਿਤਾ ਜੀ ਦਾ ਨਾਮ ਭਾਈ ਜੈਮਲ ਸਿੰਘ ਵੈਦ ਸੀ, ਜਿਨ੍ਹਾਂ ਦੇ ਤਿੰਨ ਭਰਾ ਅਤੇ ਇਕ ਭੈਣ ਸਨ। ਉਨ੍ਹਾਂ ਦੀ ਸੰਤਾਨ ਵਿਚ ਚਾਰ ਲੜਕੇ ਸਨ। ਭਾਈ ਮੋਹਨ ਸਿੰਘ ਵੈਦ ਸਭ ਤੋਂ ਛੋਟੇ ਅਤੇ ਚੌਥੀ ਥਾਂ 'ਤੇ ਸਨ।[੨]

ਭਾਈ ਜੈਮਲ ਸਿੰਘ ਦਾ ਕਿੱਤਾ ਵੈਦਗੀ ਸੀ। ਭਾਈ ਸਾਹਿਬ ਨੇ ਵੀ ਆਪਣੇ ਪਿਤਾ ਦੇ ਚਲਾਏ ਹੋਏ ਕੰਮ ਨੂੰ ਹੀ ਅਪਣਾਇਆ। ਭਾਈ ਮੋਹਨ ਸਿੰਘ ਜੀ ਨੇ ਕੇਵਲ ਅੱਠ-ਨੌਂ ਸਾਲ ਵਿਚ ਹੀ ਗੁਰਬਾਣੀ ਤੇ ਭਾਸ਼ਾ ਦੇ ਅਨੇਕ ਕਠਿਨ ਗ੍ਰੰਥ ਪੜ੍ਹ ਲਏ ਸਨ ਤੇ ਇਸ ਛੋਟੀ ਅਵਸਥਾ ਵਿਚ ਹੀ ਆਪ ਨੂੰ ਬਹਿਸ-ਮੁਬਾਹਸੇ ਅਤੇ ਤਰਕ-ਵਿਤਰਕ ਦਾ ਤਕੜਾ ਅਭਿਆਸ ਹੋ ਗਿਆ ਸੀ। ਆਪ ਜੀ ਨੇ ਦੂਜੇ ਮੱਤਾਂ ਦੇ ਪੁਸਤਕ ਵੀ ਅੱਛੇ ਵਿਚਾਰ ਲਏ ਸਨ।[੩]

ਭਾਈ ਮੋਹਨ ਸਿੰਘ ਵੈਦ ਦੀ ਸਕੂਲੀ ਵਿੱਦਿਆ ਗੁਰਮੁਖੀ ਪਾਠਸ਼ਾਲਾ ਤਰਨ ਤਾਰਨ ਸਾਹਿਬ ਵਿਚ ਭਾਈ ਨਰਾਇਣ ਸਿੰਘ, ਭਾਈ ਮੰਗਲ ਸਿੰਘ ਅਤੇ ਭਾਈ ਜੀਵਨ ਸਿੰਘ ਦੀ ਨਿਗਰਾਨੀ ਅਧੀਨ ਹੋਈ। ਭਾਈ ਸਾਹਿਬ ਦੇ ਪਿਤਾ ਜੀ ਨੇ ਸ੍ਰੀ ਅੰਮ੍ਰਿਤਸਰ ਖ਼ਾਲਸਾ ਕਾਲਜ ਸਕੂਲ ਖੁੱਲ੍ਹਣ 'ਤੇ ਵੀ ਉਨ੍ਹਾਂ ਨੇ ਸਕੂਲ ਵਿਚ ਦਾਖ਼ਲ ਨਾ ਕਰਵਾਇਆ। ਪੰਜ ਸਾਲ ਦੀ ਉਮਰ ਤੋਂ ਹੀ ਬਾਲਕ ਮੋਹਨ ਸਿੰਘ ਨੂੰ ਪੰਜ ਗ੍ਰੰਥੀ ਦਾ ਪਾਠ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ 'ਦਸ ਗ੍ਰੰਥੀ', 'ਹਨੂਮਾਨ ਨਾਟਕ', 'ਭਗਤ ਬਾਣੀ', 'ਪੰਥ

---

** ਅਸਿਟੈਂਟ ਪ੍ਰੋਫੈਸਰ, ਗੁਰਮਤਿ ਸਟੱਡੀ ਸੈਂਟਰ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ. +੯੧੯੫੦੧੦-੭੩੩੬੪*

ਪ੍ਰਕਾਸ਼', 'ਵੈਰਾਗ ਸ਼ਤਕ', 'ਵਿਚਾਰ ਸਾਗਰ' ਆਦਿਕ ਧਾਰਮਿਕ ਪੋਥੀਆਂ ਦੀ ਪੜ੍ਹਾਈ ਵੱਲ ਲਗਾ ਦਿੱਤਾ ਗਿਆ। ਤੇਰ੍ਹਾਂ ਸਾਲਾਂ ਤੋਂ ਅਠਾਰ੍ਹਾਂ ਸਾਲ ਦੀ ਉਮਰ ਤਕ ਦੇ ਛੇ ਸਾਲਾਂ ਵਿਚ ਮੋਹਨ ਸਿੰਘ ਨੇ ਵੈਦਗੀ ਸਿੱਖਿਆ ਵਿਚ ਡੂੰਘੀ ਦਿਲਚਸਪੀ ਲੈ ਕੇ ਨਿਪੁੰਨਤਾ ਹਾਸਲ ਨੀਤੀ ਅਤੇ ਇਸ ਦੇ ਨਾਲ-ਨਾਲ ਹੀ ਵੱਖ-ਵੱਖ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ।[੪] ਉਨ੍ਹਾਂ ਦਾ ਪਹਿਲਾ ਸਾਹਿਤਿਕ ਯਤਨ ੧੯ ਸਾਲ ਦੀ ਉਮਰ ਵਿਚ ਲਿਖਿਆ ਇਕ ਟ੍ਰੈਕਟ ਸੀ ਜਿਸ ਵਿਚ ਤਮਾਕੂ ਵਰਤਣ ਦੀ ਨਿਖੇਧੀ ਕੀਤੀ ਗਈ ਸੀ। ਧਾਰਮਿਕ ਸੰਸਕਾਰ ਘਰ ਵਿੱਚੋਂ ਗ੍ਰਹਿਣ ਕਰ ਕੇ ਉਨ੍ਹਾਂ ਨੇ ੧੮੯੪ ਈ. ਵਿਚ 'ਖਾਲਸਾ ਵਿਦਿਆਰਥੀ ਸਭਾ' ਕਾਇਮ ਕੀਤੀ ਅਤੇ ਉਸ ਦੇ ਸਕੱਤਰ ਬਣੇ। ਧਰਮ ਪ੍ਰਚਾਰ ਦੇ ਉਤਸ਼ਾਹ ਵਿਚ ਉਨ੍ਹਾਂ ਨੇ ਆਰੀਆ ਸਮਾਜੀ ਪ੍ਰਚਾਰਕਾਂ ਨਾਲ ਬਹਿਸਾਂ ਤੇ ਟਾਕਰੇ, ਇਕੱਤਰਤਾਵਾਂ ਵਿਚ ਭਾਸ਼ਣ, ਅਖ਼ਬਾਰਾਂ, ਰਸਾਲਿਆਂ ਵਿਚ ਲੇਖ ਆਦਿ ਲਿਖਣੇ ਅਰੰਭ ਕੀਤੇ।[੫]

ਭਾਈ ਮੋਹਨ ਸਿੰਘ ਨੇ ਆਪਣੇ ਜੀਵਨ ਦਾ ਵਡੇਰਾ ਭਾਗ ਵੱਖ-ਵੱਖ ਸਮਾਜਿਕ ਸੰਸਥਾਵਾਂ ਦੀ ਸੇਵਾ ਹਿੱਤ ਅਰਪਣ ਕੀਤਾ। ੧੯੦੧ ਈ. ਵਿਚ ਆਪ ਨੇ ਲਾਹੌਰ ਜਾ ਕੇ ਆਰੀਆ ਸਮਾਜ ਦੇ ਜਲਸੇ ਵਿਚ ਭਾਸ਼ਣ ਦਿੱਤਾ ਅਤੇ ਖੰਡਨ-ਮੰਡਨ ਦਾ ਰਾਹ ਅਪਣਾਇਆ। ਆਪ ਜੀ ਦੀ ਪਹਿਲੀ ਪੁਸਤਕ ੧੮੯੮ ਈ. ਵਿਚ 'ਨਿੰਦਤ ਭ੍ਰਿਸ਼ਟਾਚਾਰ' ਦੇ ਨਾਮ ਹੇਠਾਂ ਪ੍ਰਕਾਸ਼ਿਤ ਹੋਈ ਅਤੇ ੧੯੦੬ ਈ. ਵਿਚ 'ਦੂਖ ਨਿਵਾਰਨ' ਮਾਸਕ ਪੱਤਰ ਜਾਰੀ ਹੋਇਆ। ਵੈਦ ਜੀ ੧੯੨੦ ਈ. ਤਕ ਇਸ ਪਰਚੇ ਦੀ ਸੰਪਾਦਨਾ ਕਰਦੇ ਰਹੇ। ਸਾਲ ੧੯੦੬ ਵਿਚ 'ਖ਼ਾਲਸਾ ਪ੍ਰਚਾਰ ਵਿਦਿਆਲਾ' ਤਰਨ ਤਾਰਨ ਸਾਹਿਬ ਵਿਚ ਕਾਇਮ ਹੋਇਆ, ਜਿਸ ਦੇ ਪਹਿਲੇ ਸਕੱਤਰ ਭਾਈ ਮੋਹਨ ਸਿੰਘ ਜੀ ਬਣੇ। ਅਕਤੂਬਰ ੧੯੧੦ ਈ. ਤੋਂ ਵੈਦ ਜੀ ਮਿਊਂਸੀਪਲ ਕਮਿਸ਼ਨਰ ਰਹੇ ਅਤੇ ਆਪਣੇ ਚਲਾਣੇ ਤੋਂ ਇਕ ਦਿਨ ਪਹਿਲਾ (੨ ਅਕਤੂਬਰ, ੧੯੩੬ ਈ. ਨੂੰ) ਇਸ ਪਦ ਤੋਂ ਅਸਤੀਫਾ ਦਿੱਤਾ। ਉਨ੍ਹਾਂ ਦੇ ਉੱਦਮ ਦੁਆਰਾ ਤਰਨ ਤਾਰਨ ਸਾਹਿਬ ਵਿਚ ਸ਼ਰਾਬ ਦੇ ਠੇਕੇ ਤੇ ਵੇਸਵਾ ਪੇਸ਼ਾ ਸਰਕਾਰੀ ਹੁਕਮ ਅਨੁਸਾਰ ਬੰਦ ਹੋ ਗਏ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪਰਕਰਮਾ ਵਿਚ ਬਜ਼ਾਰ ਦਾ ਲੱਗਣਾ ਅਤੇ ਹੋਰ ਕੁਰੀਤੀਆਂ ਦੂਰ ਕਰਵਾਈਆਂ। ੧੯੧੦ ਈ. ਵਿਚ 'ਪੰਜਾਬੀ ਪ੍ਰਚਾਰ ਰਤਨਾਵਲੀ' ਕਾਇਮ ਹੋਈ ਜਿਸ ਦੇ ਤਿੰਨ ਮੋਢੀਆਂ ਤੇ ਹਿੱਸੇਦਾਰਾਂ ਵਿਚ ਵੈਦ ਜੀ ਸਨ। ਇਸ ਸਕੀਮ ਅਧੀਨ ਵੈਦ ਜੀ ਨੇ ੧੯੧੦ ਈ. ਵਿਚ ਇੱਕ ਦਰਜਨ ਪੁਸਤਕਾਂ ਛਾਪੀਆਂ। 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ੧੯੧੨ ਈ. ਵਿਚ ਜਾਰੀ ਕੀਤੀ ਗਈ, ਜਿਸ ਵਿਚ ਰਚਿਤ ਕੁੱਲ ੧੭੦ ਪੁਸਤਕਾਂ ਤੇ ਟ੍ਰੈਕਟ ਸ਼ਾਮਲ ਹੋਏ। ਸੰਨ ੧੯੧੬ ਵਿਚ 'ਸਿੱਖ ਐਜੂਕੇਸ਼ਨ ਕਾਨਫੰਰਸ' ਦਾ ਸਮਾਗਮ ਤਰਨ ਤਾਰਨ ਸਾਹਿਬ ਵਿਚ ਹੋਇਆ, ਜਿਸ ਦੇ ਪ੍ਰਬੰਧ ਦੀ ਵਡੇਰੀ ਜ਼ਿੰਮੇਵਾਰੀ ਵੈਦ ਜੀ ਨੇ ਨਿਭਾਈ। ਆਪ ਜੀ ਨੇ ੧੯੩੦ ਈ. ਵਿਚ ੮੦੦ ਯਾਤਰੀਆਂ ਦੀ ਸਰਬ ਹਿੰਦ ਤੀਰਥ ਯਾਤਰਾ ਟ੍ਰੇਨ ਦੀ ਇਕ ਮਹੀਨਾ ਅਗਵਾਈ ਕੀਤੀ। ੧੯੩੧-੩੨ ਈ. ਦੀ ਤਰਨ ਤਾਰਨ ਸਾਹਿਬ ਸਰੋਵਰ ਦੀ ਕਾਰ-

ਸੇਵਾ ਦੇ ਪ੍ਰਬੰਧ ਵਿਚ ਵੈਦ ਜੀ ਨੇ ਹੱਥ ਵਟਾਇਆ।[੬]

ਵੈਦ ਜੀ ਦਾ ਘਰੋਗੀ ਜੀਵਨ ਸੰਜਮੀ ਅਤੇ ਨੇਮਬੱਧ ਸੀ ਜਿਸ ਬਾਰੇ ਕਈ ਸੰਕੇਤ ਉਨ੍ਹਾਂ ਦੇ ਜੀਵਨੀਕਾਰਾਂ ਨੇ ਦਿੱਤੇ ਹਨ। ਕੁਝ ਸੰਕੇਤ ਉਨਾਂ ਦੀਆਂ ਡਾਇਰੀਆਂ ਅਤੇ ਰੋਜਨਾਮਚਿਆਂ ਵਿਚ ਪ੍ਰਾਪਤ ਹਨ। ਰੋਜ਼ਾਨਾ ਨੇਮ ਨਾਲ ਡਾਇਰੀ ਲਿਖਣ ਦਾ ਅਭਿਆਸ ਆਪਣੇ ਆਪ ਵਿਚ ਬਾਕਾਇਦਗੀ ਵਾਲੇ ਸੁਭਾਉ ਦੀ ਨਿਸ਼ਾਨੀ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਹੋਰ ਪੱਖ ਲਗਨ ਅਤੇ ਅਣਥੱਕ ਕੰਮ ਕਰਨ ਦੀ ਧੁਨੀ ਸੀ। ਇਕ ਪਾਸੇ ਕਾਰੋਬਾਰੀ, ਸਮਾਜਿਕ ਅਤੇ ਸੰਸਥਾਗਤ ਜ਼ਿੰਮੇਵਾਰੀਆਂ ਨੂੰ ਨਿਭਾਈ ਜਾਂਦੇ ਅਤੇ ਦੂਜੇ ਪਾਸੇ ਮਾਨਸਿਕ ਕ੍ਰਿਆ ਨੂੰ ਬੇਰੋਕ ਜਾਰੀ ਰੱਖਦੇ। ਲਿਖਣ ਦੇ ਨਾਲ-ਨਾਲ ਲਿਖਤਾਂ ਨੂੰ ਛਪਵਾਉਣ ਦਾ ਪ੍ਰਬੰਧ, ਪ੍ਰੈੱਸ ਵਾਲਿਆਂ ਨਾਲ ਤਾਲਮੇਲ, ਪਰੂਫ਼ਾਂ ਦੀ ਸੁਧਾਈ ਅਤੇ ਹੋਰ ਅਨੇਕ ਰੁਝੇਵੇਂ ਉਨ੍ਹਾਂ ਦਾ ਧਿਆਨ ਮੰਗਦੇ ਸਨ।[੭]

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਲਈ ਹਿਕਮਤ ਅਤੇ ਵੈਦਗੀ ਦੇ ਵਿਸ਼ਿਆਂ ਉੱਤੇ ਸਾਮਗ੍ਰੀ ਤਿਆਰ ਕਰਨ ਦੀ ਸੇਵਾ ਵੈਦ ਜੀ ਦੇ ਜ਼ਿੰਮੇ ਲਾਈ ਅਤੇ 'ਮਹਾਨ ਕੋਸ਼' ਦੀ ਭੂਮਿਕਾ ਵਿਚ ਇਸ ਕੰਮ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਕੰਮ ਵਿਚ ਭਾਈ ਕਾਨ੍ਹ ਸਿੰਘ ਦਾ ਇਕ ਪੱਤਰ ਵਰਣਨਯੋਗ ਹੈ ਜਿਸ ਵਿਚ ਉਨ੍ਹਾਂ ਨੇ ਵੈਦ ਜੀ ਨੂੰ ਦਸਮ ਗ੍ਰੰਥ ਦੇ ਚਰਿੱਤਰਾਂ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਆਏ ਰੋਗਾਂ ਸੰਬੰਧੀ ਲਿਖਿਆ ਕਿ, "ਆਪ ਦੀ ਪਰਮ ਕਿਰਪਾਲਤਾ ਹੋਊ ਜੇ ਇਨ੍ਹਾਂ ਦੇ ਨਿਦਾਨ, ਲੱਛਣ, ਉਪਾਇ ਲਿਖਣ ਦੀ ਖੇਚਲ ਕਰੋਗੇ।" ੧੯੨੪-੨੫ ਈ. ਦੀ ਜੇਲ੍ਹ ਯਾਤਰਾ ਦੌਰਾਨ ਵੈਦ ਜੀ ਨੇ ਰੋਜ਼ਾਨਾ ਨਿੱਤਨੇਮ ਤੋਂ ਇਲਾਵਾ ੨੨੫ ਪੁਸਤਕਾਂ ਪੜ੍ਹੀਆਂ ਅਤੇ ੨੭ ਪੁਸਤਕਾਂ ਦੇ ਖਰੜੇ ਤਿਅਰ ਕੀਤੇ।[੮]

੧੯੧੯ ਈ. ਵਿਚ ਉਨ੍ਹਾਂ ਨੂੰ ਸਰਕਾਰ ਵੱਲੋਂ 'ਦੂਖ ਨਿਵਾਰਨ' ਵਿਚ ਛਪੇ ਲੇਖਾਂ ਦੀ ਬਿਨਾਂ 'ਤੇ ਮੁਕੱਦਮਾ ਚਲਾਉਣ ਦੀ ਧਮਕੀ ਦਿੱਤੀ ਗਈ। ਮਾਰਚ ੧੯੨੧ ਈ. ਵਿਚ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਬੁਲਾ ਕੇ ਸਖ਼ਤੀ ਭਰਿਆ ਵਰਤਾਉ ਕੀਤਾ ਕਿਉਂਕਿ ਡੀ.ਸੀ. ਨੂੰ ਇਹ ਸ਼ੱਕ ਸੀ ਕਿ ਅਕਾਲੀਆਂ ਨੂੰ ਤਰਨ ਤਾਰਨ ਸਾਹਿਬ ਆਉਣ ਲਈ ਵੈਦ ਜੀ ਨੇ ਸ਼ਹਿ ਦਿੱਤੀ ਹੈ। ਇਸ ਮਾਮਲੇ ਵਿਚ ਉਨ੍ਹਾਂ ਨੂੰ ਕਈ ਮਹੀਨੇ ਕਚਹਿਰੀਆਂ ਵਿਚ ਤਰੀਕਾਂ ਭੁਗਤਣੀਆਂ ਪਈਆਂ।[੯]

ਵੈਦ ਜੀ ਨੂੰ ਆਪਣੇ ਸੁਭਾਉ ਵਿਚ ਬਜ਼ੁਰਗਾਂ ਵਾਲੀ ਗੰਭੀਰਤਾ ਹੋਣ ਕਾਰਨ ਕਈ ਵਾਰੀ ਝਗੜਿਆਂ ਦਾ ਫੈਸਲਾ ਵੀ ਕਰਾਉਣਾ ਪੈਂਦਾ ਸੀ। ਉਨ੍ਹਾਂ ਦੀ ਗਵਾਹੀ ਅਨੁਸਾਰ ੧੯੨੧ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਨਾਲ ਉਨ੍ਹਾਂ ਨੇ ਖਡੂਰ ਸਾਹਿਬ ਦੇ ਬਾਵਿਆਂ ਅਤੇ ਅਕਾਲੀਆਂ ਵਿਚਕਾਰ ਝਗੜੇ ਦਾ ਨਿਪਟਾਰਾ ਕਰਵਾਇਆ।[੧੦]

ਵੈਦ ਜੀ ਨੇ ਸਿੰਘ ਸਭਾ ਦੀ ਸਹਾਇਤਾ ਨਾਲ ਮੱਸਿਆ ਦੇ ਦਿਨਾਂ ਵਿਚ ਦਰਬਾਰ ਸਾਹਿਬ ਤਰਨ ਤਾਰਨ ਸਾਹਿਬ ਵਿਚ ਹੋਣ ਵਾਲੀਆਂ ਕੁਰੀਤੀਆਂ ਦਾ ਸੁਧਾਰ ਕਰਨ ਦਾ ਬੀੜਾ ਚੁੱਕ ਲਿਆ। ਉਹ ਸ਼ਹਿਰ ਦੇ ਸਰਬਰਾਹ ਨੂੰ ਸਮੇਂ-ਸਮੇਂ ਚੇਤਾਵਨੀ ਦਿੰਦੇ ਰਹਿੰਦੇ।

੨੧ ਦਸੰਬਰ, ੧੯੧੧ ਈ. ਨੂੰ ਉਨ੍ਹਾਂ ਨੇ ਮਿਊਂਸੀਪਲ ਕਮੇਟੀ ਸਾਹਮਣੇ ਇਹ ਮਤਾ ਰੱਖਿਆ ਕਿ ਸ਼ਰਾਬ ਦੇ ਠੇਕੇ ਸ਼ਹਿਰ ਵਿੱਚੋਂ ਬਾਹਰ ਕੱਢ ਦਿੱਤੇ ਜਾਣ। ਸ਼ਰਾਬ ਦੇ ਠੇਕੇ ਅਪ੍ਰੈਲ ੧੯੨੮ ਈ. ਤੋਂ ਵੈਦ ਜੀ ਦੇ ਉੱਦਮ ਨਾਲ ਦੁਬਾਰਾ ਉਠਾਏ ਗਏ।[੧੧]

ਭਾਈ ਮੋਹਨ ਸਿੰਘ ਵੈਦ ਦੀ ਹੱਥ-ਲਿਖਤ ਡਾਇਰੀ ਵਿਚ ਥਾਂ-ਥਾਂ 'ਤੇ ਭਾਈ ਸਾਹਿਬ ਭਾਈ ਵੀਰ ਸਿੰਘ ਨਾਲ ਮੁਲਾਕਾਤਾਂ, ਵਿਚਾਰ-ਵਟਾਂਦਰੇ ਅਤੇ ਵਿਹਾਰਿਕ ਸੰਬੰਧਾਂ ਦਾ ਜ਼ਿਕਰ ਆਉਂਦਾ ਹੈ। ਇਹ ਦੋਵੇਂ ਸਮਕਾਲੀ ਪਰਿਵਰਤਨ ਕਾਲ ਦੇ ਮੁਖੀ ਲੇਖਕਾਂ ਵਿੱਚੋਂ ਸਨ। ਆਪਣੇ ਸਮੇਂ ਦੀਆਂ ਸਭਾ-ਸੁਸਾਇਟੀਆਂ ਵਿਚ ਦੋਵੇਂ ਸਿਰਕੱਢ ਵਿਅਕਤੀ ਸਨ। ਚੀਫ਼ ਖ਼ਾਲਸਾ ਦੀਵਾਨ ਅਤੇ ਸਿੱਖ ਐਜੂਕੇਸ਼ਨਲ ਕਮੇਟੀ ਦੇ ਦੋਵੇਂ ਮੈਂਬਰ ਸਨ। ਇਸ ਤਰ੍ਹਾਂ ਭਾਈ ਵੀਰ ਸਿੰਘ ਅਤੇ ਭਾਈ ਮੋਹਨ ਸਿੰਘ ਦੇ ਮੇਲ-ਮਿਲਾਪ ਦੇ ਅਵਸਰ ਪੈਦਾ ਹੁੰਦੇ ਰਹਿੰਦੇ ਸਨ।[੧੨] ਪੰਜਾਬੀ ਸਾਹਿਤ ਦੇ ਇਹ ਮਹਾਨ ਵਿਦਵਾਨ ਦੇਸ਼ ਕੌਮ ਦੀ ਸੇਵਾ ਕਰਦੇ ਹੋਏ ੩ ਅਕਤੂਬਰ, ੧੯੩੬ ਈ. ਨੂੰ ਤਰਨ ਤਾਰਨ ਸਾਹਿਬ ਵਿਖੇ ਸਦੀਵੀ ਵਿਛੋੜਾ ਦੇ ਗਏ। ਜਿਸ ਸਮੇਂ ਆਪ ਜੀ ਦਾ ਅਕਾਲ ਚਲਾਣਾ ਹੋਇਆ ਉਸ ਸਮੇਂ ਆਪ ਜੀ ਦੀ ਕੁੱਲ ਆਯੂ ੫੫ ਸਾਲ ੭ ਮਹੀਨੇ ਦੇ ਕਰੀਬ ਸੀ।

**ਹਵਾਲੇ :**


੧. ਦੁਖੀ, ਮਨਸ਼ਾ ਸਿੰਘ, *ਜੀਵਨ ਭਾਈ ਸਾਹਿਬ ਮੋਹਨ ਸਿੰਘ ਜੀ ਵੈਦ*, ਨਵਯੁੱਗ ਪਬਲਿਸ਼ਰਜ, ਚਾਂਦਨੀ ਚੌਂਕ ਦਿੱਲੀ, ੧੯੮੯, ਪੰਨਾ ੫

੨. ਅਬਨਾਸ਼ ਕੌਰ (ਡਾ.), *ਭਾਈ ਮੋਹਨ ਸਿੰਘ ਵੈਦ: ਜੀਵਨੀ ਵਿਅਕਤੀਤਵ*, ਜੱਗੀ, ਰਤਨ ਸਿੰਘ (ਸੰਪਾ.), *ਖੋਜ ਪੱਤ੍ਰਿਕਾ*, ਸਤੰਬਰ ੧੯੮੧, ਪੰਨਾ ੫

੩. ਦੁਖੀ, ਮਨਸ਼ਾ ਸਿੰਘ, *ਜੀਵਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ*, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਂਕ ਦਿੱਲੀ, ੧੯੮੯, ਪੰਨਾ ੧੩

੪. ਅਬਨਾਸ਼ ਕੌਰ (ਡਾ.), ਭਾਈ ਮੋਹਨ ਸਿੰਘ ਵੈਦ: ਜੀਵਨੀ ਤੇ ਵਿਅਕਤੀਤਵ, ਜੱਗੀ ਰਤਨ ਸਿੰਘ (ਸੰਪਾ.), *ਖੋਜ ਪੱਤ੍ਰਿਕਾ*, ਸਤੰਬਰ ੧੯੮੧, ਪੰਨਾ ੫

੫. ਅਬਨਾਸ਼ ਕੌਰ (ਡਾ.), *ਪੰਜਾਬੀ ਨੂੰ ਭਾਈ ਮੋਹਨ ਸਿੰਘ ਵੈਦ ਦੀ ਦੇਣ*, ਪੀਐਚ.ਡੀ. ਖੋਜ ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੦, ਪੰਨਾ ੨੪

੬. ਉਹੀ, ਪੰਨੇ ੨੭-੨੮

੭. ਅਬਨਾਸ਼ ਕੌਰ (ਡਾ.), *ਭਾਈ ਮੋਹਨ ਸਿੰਘ ਵੈਦ: ਜੀਵਨੀ ਤੇ ਵਿਅਕਤੀਤਵ*, ਜੱਗੀ, ਰਤਨ ਸਿੰਘ (ਸੰਪਾ.), *ਖੋਜ ਪੱਤ੍ਰਿਕਾ*, ਸਤੰਬਰ ੧੯੮੧, ਪੰਨਾ ੧੦

੮. ਅਬਨਾਸ਼ ਕੌਰ (ਡਾ.), *ਪੰਜਾਬੀ ਨੂੰ ਭਾਈ ਮੋਹਨ ਸਿੰਘ ਵੈਦ ਦੀ ਦੇਣ*, ਪੀਐਚ.ਡੀ., ਖੋਜ ਪ੍ਰਬੰਧ, ਪੰਜਾਬੀ ਯੂਨੀ., ਪਟਿਆਲਾ, ੧੯੭੦, ਪੰਨੇ ੩੪-੩੫

੯. ਅਬਨਾਸ਼ ਕੌਰ (ਡਾ.), ਭਾਈ ਮੋਹਨ ਸਿੰਘ ਵੈਦ: ਜੀਵਨੀ ਤੇ ਵਿਅਕਤੀਤਵ, ਜੱਗੀ, ਰਤਨ ਸਿੰਘ (ਸੰਪਾ.), *ਖੋਜ ਪੱਤ੍ਰਿਕਾ*, ਸਤੰਬਰ ੧੯੮੧, ਪੰਨਾ ੧੧

੧੦. ਉਹੀ, ਪੰਨਾ ੧੨

੧੧. ਉਹੀ, ਪੰਨਾ ੧੨

੧੨. ਅਬਨਾਸ਼ ਕੌਰ (ਡਾ.), *ਪੰਜਾਬੀ ਨੂੰ ਭਾਈ ਮੋਹਨ ਸਿੰਘ ਵੈਦ ਦੀ ਦੇਣ*, ਪੀਐਚ.ਡੀ. ਖੋਜ ਪ੍ਰਬੰਧ, ਪੰਜਾਬੀ ਯੂਨੀ., ਪਟਿਆਲਾ, ੧੯੭੦, ਪੰਨਾ ੪੫

# ਹੋਲੇ-ਮਹੱਲੇ ਦੇ ਰੰਗ ਨਿਹੰਗ ਸਿੰਘਾਂ ਦੇ ਸੰਗ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਹੋਲੇ ਮਹੱਲੇ ਦਾ ਤਿਉਹਾਰ ਸਿੱਖ-ਪੰਥ ਵਿਚ ਇੱਕ ਅਹਿਮ ਅਤੇ ਵਿਲੱਖਣ ਸਥਾਨ ਰੱਖਦਾ ਹੈ। ਭਾਰਤ ਦੇ ਬਾਕੀ ਤਿਉਹਾਰਾਂ ਨਾਲੋਂ ਇਸ ਦੀ ਨਿਵੇਕਲੀ ਅਤੇ ਨਿਰਾਲੀ ਸ਼ਾਨ ਹੈ। ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਫ਼ੌਜ ਵਿਚ ਉਸ ਜਜ਼ਬੇ ਨੂੰ ਸਦਾ ਵਾਸਤੇ ਜਵਾਨ ਰੱਖਣਾ ਚਾਹੁੰਦੇ ਸਨ ਜਿਹੜਾ ਉਨ੍ਹਾਂ ਨੇ ਹੱਕ ਅਤੇ ਸੱਚ ਦੀ ਖਾਤਰ ਜੂਝਣ ਲਈ ਜਗਾਇਆ ਸੀ। ਇਸ ਮਨੋਰਥ ਦੀ ਸਿੱਧੀ ਲਈ ਹੀ ਦਸਮ ਪਿਤਾ ਨੇ ਭਾਰਤ ਦੇ ਰਵਾਇਤੀ ਤਿਉਹਾਰ ਹੋਲੀ ਨੂੰ ਸਿੰਘਾਂ ਦੇ ਜੰਗਜੂ ਅਭਿਆਸ ਨਾਲ ਜੋੜ ਦਿੱਤਾ ਅਤੇ ਸਿੱਖੀ ਵਿਚ ਇੱਕ ਨਵੀਂ ਪਿਰਤ ਪਾ ਦਿੱਤੀ। ਇਸ ਮਾਰਸ਼ਲ ਪਿਰਤ ਨੂੰ ਲਗਾਤਾਰਤਾ ਨਾਲ ਨਿਭਾਉਣ ਅਤੇ ਸ਼ਾਨ ਨੂੰ ਵਧਾਉਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ ਜਿਸ ਨੂੰ ਉਹ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਹਰ ਸਾਲ ਨਿਭਾਉਂਦੇ ਆ ਰਹੇ ਹਨ। ਇੱਥੇ ਅਸੀਂ ਖ਼ਾਲਸਾਈ ਤਿਉਹਾਰ ਵਿਚ ਆਪਣੇ ਦਲੇਰਾਨਾ ਕਰਤੱਵਾਂ ਨਾਲ ਵਿਸ਼ੇਸ਼ ਰੰਗ ਭਰਨ ਵਾਲੀਆਂ ਗੁਰੂ ਕੀਆਂ ਲਾਡਲੀਆਂ ਫੌਜਾਂ ਬਾਰੇ ਸੰਖੇਪ ਚਰਚਾ ਕਰਾਂਗੇ:

ਸਿੱਖ ਜਥੇਬੰਦੀਆਂ ਵਿੱਚੋਂ ਇੱਕ ਸਿਰਕੱਢਵੀਂ ਜਥੇਬੰਦੀ ਨਿਹੰਗ ਸਿੰਘਾਂ ਦੀ ਹੈ ਜਿਸ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਬਾਣੀ ਅਤੇ ਬਾਣੇ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਦੀ ਇੱਕ ਅੱਡਰੀ ਅਤੇ ਵਿਲੱਖਣ ਪਹਿਚਾਣ ਹੈ। ਪੁਰਾਤਨ ਜੰਗੀ ਸਰੂਪ ਅਤੇ ਆਚਾਰ-ਵਿਹਾਰ ਨੂੰ ਸੰਭਾਲਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।

'ਨਿਹੰਗ' ਸ਼ਬਦ ਫ਼ਾਰਸੀ ਭਾਸ਼ਾ ਵਿੱਚੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ- ਖੜਗ, ਤਲਵਾਰ, ਕਲਮ, ਮਗਰਮੱਛ, ਘੜਿਆਲ, ਘੋੜਾ, ਦਲੇਰ, ਨਿਰਲੇਪ, ਆਤਮ ਗਿਆਨੀ ਜਿਸ ਨੂੰ ਮੌਤ ਦਾ ਭੈਅ ਨਾ ਹੋਵੇ।

'ਚੰਡੀ ਦੀ ਵਾਰ' ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:

*ਪਹਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾਂ॥*

ਪੰਥ ਦੇ ਪ੍ਰਸਿੱਧ ਲਿਖਾਰੀ ਭਾਈ ਰਤਨ ਸਿੰਘ ਭੰਗੂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਨਿਹੰਗ ਸਿੰਘਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

*ਨਿਹੰਗ ਕਹਾਵੈ ਸੋ ਪੁਰਸ਼, ਦੁਖ ਸੁਖ ਮੰਨੇ ਨਾ ਅੰਗ।*

---

* *#੧੩੪੮/੧੭/੧, ਗਲੀ ਨੰ: ੮, ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ) ਮੋ: ੯੪੬੩੨੩੨੭੧੯*

'ਮਹਾਨ ਕੋਸ਼' ਨਿਹੰਗ ਸਿੰਘਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ:- 'ਨਿਹੰਗ ਸਿੰਘ, ਸਿੰਘਾਂ ਦਾ ਇੱਕ ਫਿਰਕਾ ਪੰਥ ਹੈ, ਜੋ ਸੀਸ 'ਪੁਰ ਫਰਹਰੇ ਵਾਲਾ ਦੁਮਾਲਾ, ਚੱਕ੍ਰ, ਤੋੜਾ, ਕਿਰਪਾਨ, ਖੰਡਾ, ਗਜਗਾਹ ਆਦਿ ਸ਼ਸਤਰ ਅਤੇ ਨੀਲਾ ਬਾਣਾ ਪਹਿਨਦਾ ਹੈ।'

ਪੰਥ ਦੀ ਸ਼ਸਤਰਧਾਰੀ ਧਿਰ ਨਿਹੰਗ ਸਿੰਘਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਇੱਕ ਅਕਾਲ (ਵਹਿਗੁਰੂ) ਦੇ ਪੁਜਾਰੀ ਹਨ ਅਤੇ ਅਕਾਲ-ਅਕਾਲ ਜਪਦੇ ਹਨ। ਇਨ੍ਹਾਂ ਦੇ ਵਿਲੱਖਣ ਸਰੂਪ ਬਾਰੇ ਬਹੁਤ ਸਾਰੀਆਂ ਧਾਰਨਾਵਾਂ ਪ੍ਰਚਲਿਤ ਹਨ। ਜੇਕਰ 'ਮਾਲਵਾ ਇਤਿਹਾਸ' ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤੇ ਗਏ ਸਨ ਤਾਂ ਉਸ ਵਕਤ ਗੁਰੂ ਨਾਨਕ ਨਾਮ-ਲੇਵਾ ਸੰਗਤ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਗੁਰੂ-ਦਰਸ਼ਨਾਂ ਲਈ ਕਿਲ੍ਹੇ ਵੱਲ ਜਾਇਆ ਕਰਦੀ ਸੀ। ਬਾਬਾ ਬੁੱਢਾ ਜੀ ਨਿਸ਼ਾਨ ਸਾਹਿਬ ਲੈ ਕੇ ਸੰਗਤ ਦੇ ਅੱਗੇ-ਅੱਗੇ ਚੱਲਿਆ ਕਰਦੇ ਸਨ। ਬਾਬਾ ਜੀ ਦੀ ਇਸ ਪਿਆਰ ਅਤੇ ਦੀਦਾਰ ਭਾਵਨਾ ਤੋਂ ਖੁਸ਼ ਹੋ ਛੇਵੇਂ ਪਾਤਸ਼ਾਹ ਨੇ ਕਿਹਾ ਸੀ ਕਿ, 'ਬਾਬਾ ਜੀ ਕੁਝ ਸਮਾਂ ਪਾ ਕੇ ਤੁਹਾਡਾ ਇਹ ਨਿਸ਼ਾਨਾਂ ਵਾਲਾ ਪੰਥ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰੇਗਾ।'

ਇੱਕ ਹੋਰ ਧਾਰਨਾ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫ਼ਤਿਹ ਸਿੰਘ ਸੀਸ 'ਤੇ ਦੁਮਾਲਾ ਸਜਾ ਕੇ ਕਲਗੀਧਰ ਪਾਤਸ਼ਾਹ ਦੇ ਸਨਮੁਖ ਹੋਏ ਜਿਸ ਨੂੰ ਦੇਖ ਕੇ ਗੁਰੂ ਸਾਹਿਬ ਨੇ ਫੁਰਮਾਇਆ ਕਿ ਇਸ ਬਾਣੇ ਦਾ ਨਿਹੰਗ ਪੰਥ ਹੋਵੇਗਾ। ਇੱਕ ਵਿਚਾਰ ਦੇ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਤੋਂ (ਉੱਚ ਦਾ ਪੀਰ ਬਣ ਕੇ) ਚੱਲਣ ਸਮੇਂ ਜਿਹੜਾ ਨੀਲਾ ਬਾਣਾ ਧਾਰਨ ਕੀਤਾ ਸੀ ਜਦੋਂ ਉਸ ਨੂੰ ਅੱਗ ਵਿਚ ਸਾੜਿਆ ਗਿਆ ਤਾਂ ਉਸ ਦੀ ਇੱਕ ਲੀਰ ਭਾਈ ਮਾਨ ਸਿੰਘ ਨੇ ਆਪਣੀ ਦਸਤਾਰ ਵਿਚ ਸਜਾ ਲਈ ਸੀ ਜਿਸ ਤੋਂ ਨਿਹੰਗ ਸਿੰਘਾਂ ਦੇ ਬਾਣੇ ਦੀ ਅਰੰਭਤਾ ਮੰਨੀ ਜਾਂਦੀ ਹੈ।

ਜਦੋਂ ਮੁਗ਼ਲਾਂ ਨੇ ਖ਼ਾਲਸਾ ਪੰਥ ਨੂੰ ਖ਼ਤਮ ਕਰਨ ਲਈ ਹਰ ਤਰ੍ਹਾਂ ਦਾ ਅੱਤਿਆਚਾਰੀ ਹੀਲਾ-ਵਸੀਲਾ ਵਰਤਣਾ ਸ਼ੁਰੂ ਕੀਤਾ ਤਾਂ ਉਸ ਸੰਕਟਕਾਲੀ ਸਥਿਤੀ ਦਾ ਟਾਕਰਾ ਕਰਨ ਲਈ ਖ਼ਾਲਸਾ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ ਲੱਗਾ। ਇਸ ਟਾਕਰੇ ਲਈ ਉਸ (ਖ਼ਾਲਸੇ) ਨੇ ਵੱਧ ਤੋਂ ਵੱਧ ਸ਼ਸਤਰ ਰੱਖਣ ਦੇ ਨਾਲ-ਨਾਲ ਆਪਣੀ ਵੱਖਰੀ ਵਰਦੀ ਵੀ ਧਾਰਨ ਕਰ ਲਈ ਜਿਸ ਵਿਚ ਨੀਲੇ ਰੰਗ ਦਾ ਲੰਮਾ ਚੋਲਾ, ਲੱਕ ਨੂੰ ਕਮਰਕੱਸਾ, ਗੋਡਿਆਂ ਤਕ ਕਛਹਿਰਾ, ਸਿਰ 'ਤੇ ਉੱਚੀ ਦਸਤਾਰ ਤੇ ਉਸ ਦੁਆਲੇ ਚੱਕਰ ਸਜਾਉਣਾ ਸ਼ਾਮਲ ਹੈ। ਇਸ ਤਰ੍ਹਾਂ ਸ਼ਸਤਰ ਅਤੇ ਬਸਤਰ (ਨਿਹੰਗੀ ਬਾਣੇ) ਦਾ ਧਾਰਨੀ ਹੋ ਕੇ ਖ਼ਾਲਸਾ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਮੈਦਾਨ-ਏ-ਜੰਗ ਵਿਚ ਨਿੱਤਰਦਾ ਰਿਹਾ ਹੈ ਅਤੇ ਗੁਰੂ-ਘਰ ਦੇ ਦੋਖੀਆਂ ਨੂੰ ਭਾਜੜਾਂ ਪਾਉਂਦਾ ਰਿਹਾ ਹੈ।

ਸਿੱਖ ਧਰਮ ਦੀ ਪਰੰਪਰਾ ਅਤੇ ਗੁਰ-ਮਰਯਾਦਾ ਨੂੰ ਕਾਇਮ ਰੱਖਣ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਹਿੱਤ ਨਿਹੰਗ ਸਿੰਘ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਅਤੇ ਲੋੜ ਪੈਣ 'ਤੇ ਕੁਰਬਾਨੀਆਂ ਵੀ ਕੀਤੀਆਂ ਹਨ। ਨਿਹੰਗ ਸਿੰਘਾਂ ਵਿਚ ਉਹ ਸਾਰੀਆਂ ਖ਼ੂਬੀਆਂ ਹੋਣ ਕਰਕੇ ਕਲਗੀਧਰ ਪਿਤਾ ਉਨ੍ਹਾਂ ਨੂੰ ਪਿਆਰਦੇ ਅਤੇ ਸਤਿਕਾਰਦੇ ਸਨ। ਇਨ੍ਹਾਂ ਖ਼ੂਬੀਆਂ ਕਾਰਨ ਹੀ ਨਿਹੰਗ ਸਿੰਘਾਂ ਨੂੰ 'ਗੁਰੂ ਕੀਆਂ ਲਾਡਲੀਆਂ ਫੌਜਾਂ' ਦਾ ਖ਼ਿਤਾਬ ਮਿਲਿਆ ਹੋਇਆ ਹੈ।

ਪੰਜ ਸ਼ਸਤਰ ਨਿਹੰਗ ਸਿੰਘਾਂ ਨੂੰ ਜਾਨ ਤੋਂ ਵੀ ਪਿਆਰੇ ਹਨ ਜਿਨ੍ਹਾਂ ਵਿਚ ਕਿਰਪਾਨ, ਖੰਡਾ, ਬਾਘ ਨਖਾ, ਤੀਰ-ਕਮਾਨ ਅਤੇ ਚੱਕਰ। ਇਨ੍ਹਾਂ ਵਿੱਚੋਂ ਕੁਝ ਨਿੱਕੇ ਅਕਾਰ ਦੇ ਵੀ ਹੁੰਦੇ ਹਨ ਅਤੇ ਨਿਹੰਗ ਸਿੰਘ ਇਨ੍ਹਾਂ ਨੂੰ ਦੁਮਾਲੇ ਵਿਚ ਸਜਾ ਕੇ ਰੱਖਦੇ ਹਨ।

ਸਿੱਖ ਫੌਜਾਂ ਵਿਚ ਵੱਡੀ ਗਿਣਤੀ ਨਿਹੰਗ ਸਿੰਘਾਂ ਦੀ ਹੀ ਹੁੰਦੀ ਸੀ। ਇਨ੍ਹਾਂ ਦੇ ਕਿਰਦਾਰ ਦਾ ਇੱਕ ਤਸੱਲੀਬਖ਼ਸ਼ ਪੱਖ ਇਹ ਵੀ ਰਿਹਾ ਹੈ ਕਿ ਜਦੋਂ ਇਹ ਜੈਕਾਰੇ ਗਜਾਉਂਦੇ ਕਿਸੇ ਨਗਰ-ਖੇੜੇ ਵਿਚ ਪੈਰ ਪਾਉਂਦੇ ਤਾਂ ਲੋਕ ਆਪ ਮੁਹਾਰੇ ਹੀ ਆਪਣੀਆਂ ਨੂੰਹਾਂ-ਧੀਆਂ ਨੂੰ ਕਹਿ ਦਿੰਦੇ ਸਨ:- "ਆਏ ਨੀ ਨਿਹੰਗ, ਬੂਹੇ ਖੋਲ੍ਹ ਦੇ ਨਿਸੰਗ।"

ਉੱਚੇ ਅਤੇ ਸੁੱਚੇ ਕਿਰਦਾਰ ਦੇ ਮਾਲਕ ਨਿਹੰਗ ਸਿੰਘ ਬਹੁਤ ਹੀ ਭਜਨੀਕ, ਸੂਰਬੀਰ, ਨਿਰਭੈਅ, ਨਿਰਵੈਰ ਅਤੇ ਕਹਿਣੀ-ਕਰਨੀ ਦੇ ਧਨੀ ਹੋਏ ਹਨ। ਸਿੱਖ ਵਿਸ਼ਵਾਸ ਅਤੇ ਇਤਿਹਾਸ ਨੂੰ ਮਾਣਮੱਤਾ ਬਣਾਉਣ ਵਿਚ ਇਨ੍ਹਾਂ ਦੀ ਭੂਮਿਕਾ ਹਾਂ-ਪੱਖੀ ਰਹੀ ਹੈ। ਲੰਮੇ ਸਮੇਂ ਤੋਂ ਕਈ ਸ਼ਹੀਦੀ ਸਥਾਨਾਂ ਅਤੇ ਡੇਰਿਆਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਹੰਗ ਸਿੰਘਾਂ ਵੱਲੋਂ ਨਿਭਾਈ ਜਾ ਰਹੀ ਹੈ। ਇਨ੍ਹਾਂ ਦੇ ਡੇਰਿਆਂ ਨੂੰ ਛਾਉਣੀਆਂ ਕਿਹਾ ਜਾਂਦਾ ਹੈ। ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਵੈਸਾਖੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੀਵਾਲੀ (ਬੰਦੀ ਛੋੜ ਦਿਵਸ) ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਨਿਹੰਗ ਸਿੰਘਾਂ ਦੀ ਭਰਪੂਰ ਅਤੇ ਪ੍ਰਸਿੱਧ ਹਾਜ਼ਰੀ ਵਾਲੇ ਤਿਉਹਾਰ ਹਨ। ਹੋਲੇ ਮਹੱਲੇ ਦੇ ਰੰਗ ਤਾਂ ਨਿਹੰਗ ਸਿੰਘਾਂ ਦੀ ਹਾਜ਼ਰੀ ਤੋਂ ਬਗ਼ੈਰ ਉੱਘੜਦੇ ਹੀ ਨਹੀਂ ਹਨ। ਸਰਬ-ਲੋਹ ਦੇ ਬਰਤਨਾਂ ਅਤੇ ਘੋੜਿਆਂ ਨਾਲ ਨਿਹੰਗ ਸਿੰਘਾਂ ਨੂੰ ਵਿਸ਼ੇਸ਼ ਪ੍ਰੇਮ ਹੁੰਦਾ ਹੈ। ਇਸ ਤੋਂ ਇਲਾਵਾ ਇਹ ਸ਼ਸਤਰਾਂ ਨੂੰ ਵੀ ਅੰਗ ਲਗਾ ਕੇ ਰੱਖਦੇ ਹਨ। ਨਿਹੰਗ ਸਿੰਘਾਂ ਦੀ ਬੋਲ-ਬਾਣੀ ਵੀ ਵਿਲੱਖਣ ਅਤੇ ਰੌਚਿਕਤਾ ਭਰਪੂਰ ਹੁੰਦੀ ਹੈ। ਘਾਟੇਵੰਦੀ ਸਥਿਤੀ ਨੂੰ ਲਾਹੇਵੰਦੀ ਨਜ਼ਰ ਨਾਲ ਦੇਖਣਾ ਇਸ ਬੋਲ-ਬਾਣੀ ਦਾ ਅਹਿਮ ਪੱਖ ਰਿਹਾ ਹੈ। ਇਸੇ ਕਰਕੇ ਹੀ ਇਸ ਬੋਲ-ਬਾਣੀ ਨੂੰ 'ਗੜਗੱਜ ਬੋਲਿਆਂ' ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਬੋਲਿਆਂ ਤਹਿਤ ਇੱਕ ਸਿੰਘ ਨੂੰ ਸਵਾ ਲੱਖ ਕਹਿਣ ਨਾਲ ਦੁਸ਼ਮਣ ਦੰਗ ਰਹਿ ਜਾਂਦੇ ਸਨ ਅਤੇ ਮੈਦਾਨ ਛੱਡ ਜਾਂਦੇ ਸਨ।

■

# ਸਿੱਖ ਰਹਿਤਨਾਮਿਆਂ ਵਿਚ ਇਸਤਰੀ ਸਨਮਾਨ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

'ਰਹਿਤਨਾਮੇ' ਸਿੱਖ ਰਹਿਤ ਸੰਬੰਧੀ ਅਹਿਮ ਦਸਤਾਵੇਜ਼ ਹਨ। ਸਿੱਖ ਪੰਥ ਦੀ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਵਿਚ ਵਰਣਿਤ ਰਹਿਤਾਂ ਅਤੇ ਕੁਰਹਿਤਾਂ ਰਹਿਤਨਾਮਿਆਂ ਵਿੱਚੋਂ ਹੀ ਉਧਰਿਤ ਹਨ ਅਤੇ ਇਨ੍ਹਾਂ ਵਿਚਲੀ ਸ਼ਬਦਾਵਲੀ[੧] ਵੀ ਰਹਿਤਨਾਮਿਆਂ ਵਾਲੀ ਹੀ ਹੈ। ਸਾਹਿਤ ਦੀਆਂ ਗਦ ਅਤੇ ਪਦ ਦੋਹਾਂ ਵੰਨਗੀਆਂ ਵਿਚ ਮਿਲਦੇ ਰਹਿਤਨਾਮਿਆਂ ਵਿਚ ਕੁਝ ਸਿੱਖ ਸ਼ਬਦਾਵਲੀ ਨੂੰ ਪਰਿਭਾਸ਼ਿਤ ਕਰਨ ਦੇ ਯਤਨ ਵੀ ਮਿਲਦੇ ਹਨ। ਜਿਵੇਂ ਤਨਖਾਹਨਾਮਾ ਭਾਈ ਨੰਦ ਲਾਲ ਜੀ ਵਿਚ ਖ਼ਾਲਸੇ ਨੂੰ ਪਰਿਭਾਸ਼ਿਤ ਕਰਦੇ ਕੁਝ ਲੱਛਣ ਅੰਕਿਤ ਹਨ।[੨] ਹਥਲੇ ਲੇਖ ਦਾ ਵਿਸ਼ਾ ਭਾਈ ਨੰਦ ਲਾਲ, ਭਾਈ ਪ੍ਰਹਿਲਾਦ ਸਿੰਘ, ਭਾਈ ਦਯਾ ਸਿੰਘ, ਭਾਈ ਚਉਪਾ ਸਿੰਘ ਅਤੇ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ ਵਿਚ ਉਲਿਖਿਤ ਇਸਤਰੀ ਸਨਮਾਨ ਸੰਬੰਧੀ ਰਹਿਤ ਬਾਰੇ ਚਰਚਾ ਕਰਨੀ ਹੈ। ਲੇਖ ਦਾ ਉਦੇਸ਼ ਸਿੱਖ ਰਹਿਤਨਾਮਿਆਂ ਵਿਚ ਇਸਤਰੀ ਹੋਂਦ ਤੇ ਸਨਮਾਨ ਨਾਲ ਜੁੜੇ ਮੁੱਦਿਆਂ ਨੂੰ ਉਭਾਰਨਾ ਅਤੇ ਇਨ੍ਹਾਂ ਦੇ ਸਰਵਥਾ ਹੱਲ ਲਈ ਰਹਿਤਨਾਮਿਆਂ ਦੀਆਂ ਹਦਾਇਤਾਂ ਦੀ ਪ੍ਰਾਸੰਗਿਕਤਾ ਦਾ ਚਿਤਰਨ ਹੈ। ਵਿਸ਼ੇਸ਼ ਗੱਲ ਇਹ ਵੀ ਹੈ ਕਿ ਮਰਦ-ਪ੍ਰਧਾਨ ਸਮਾਜ ਵਿਚ ਵੀ ਸੰਵੇਦਨਾਤਮਕ ਤੇ ਭਾਵੁਕ ਪ੍ਰਵਿਰਤੀਆਂ ਰਾਹੀਂ ਪੁਰਸ਼ਾਂ ਦੇ ਮਾਨਸਿਕ ਝੁਕਾਵਾਂ ਨੂੰ ਅਸਥਿਰ ਕਰਨ ਦੇ ਇਸਤਰੀ ਬਲ ਦੀ ਵੀ ਰਹਿਤਨਾਮਿਆਂ 'ਚੋਂ ਝਲਕ ਮਿਲਦੀ ਹੈ।

**ਰਹਿਤਨਾਮਾ-ਪਰਿਭਾਸ਼ਾ:** 'ਰਹਿਤਨਾਮਾ' ਉਸ ਲਿਖਤ ਜਾਂ ਪੁਸਤਕ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਸਿੱਖ ਧਰਮ ਨਿਯਮਾਵਲੀ ਅਨੁਸਾਰ ਇਕ ਸਿੱਖ-ਰਹਿਤ ਦੀ ਰੀਤ ਦਰਸਾਈ ਗਈ ਹੋਵੇ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ, ਰਚਨਾ ਭਾਈ ਗੁਰਦਾਸ ਜੀ ਸਿੱਖ ਧਰਮ ਦੇ ਪ੍ਰਮੁੱਖ ਰਹਿਤਨਾਮੇ ਹਨ, ਪਰ ਇਨ੍ਹਾਂ ਦੀ ਪਦਵੀ ਅਤੇ ਮਹੱਤਤਾ ਸਿੱਖ ਧਾਰਮਿਕ ਗ੍ਰੰਥਾਂ (Scripture) ਵਜੋਂ ਹੀ ਹੈ ਅਤੇ ਇਨ੍ਹਾਂ ਵਿਚ ਅੰਦਰਲੀ ਰਹਿਤ ਦੀ ਵਿਆਖਿਆ ਕੀਤੀ ਗਈ ਹੈ। ਸਿੱਖ ਇਤਿਹਾਸਿਕ ਗ੍ਰੰਥਾਂ ਵਿਚ ਸਿੱਖ ਰਹਿਤ ਦੀ ਪੁਸ਼ਟੀ ਦੇ ਕੁਝ ਅੰਸ਼ ਮਿਲਣ ਕਾਰਨ ਇਨ੍ਹਾਂ ਗ੍ਰੰਥਾਂ ਨੂੰ ਵੀ ਰਹਿਤਨਾਮਿਆਂ ਦੀ ਸ਼੍ਰੇਣੀ ਵਿਚ ਰੱਖਿਆ ਹੈ।[੩]

ਸਿੱਖ ਧਰਮ ਵਿਚ 'ਰਹਿਤਨਾਮੇ' ਪਦ ਦਾ ਪ੍ਰਚਲਣ ਉਨ੍ਹਾਂ ਲਿਖਤਾਂ ਦੇ ਸਿਰਲੇਖ ਵਜੋਂ ਹੈ, ਜਿਨ੍ਹਾਂ ਵਿਚ ਵਿਧਿਨਿਖੇਧ[੪] ਕਰਮਾਂ ਦਾ ਵਰਣਨ ਹੈ। ਸਿੱਖ ਸੰਕੇਤਾਵਲੀ

* *ਇੰਚਾਰਜ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ, ਆਕੜ (ਪਟਿਆਲਾ)*

ਵਿਚ ਕਰਨਯੋਗ ਜਾਂ ਧਾਰਨਯੋਗ ਕੰਮ ਨੂੰ 'ਰਹਿਤ' ਕਹਿੰਦੇ ਹਨ ਅਤੇ ਨਾ ਕਰਨਯੋਗ ਅਤੇ ਨਾ ਧਾਰਨਯੋਗ ਕੰਮ ਨੂੰ 'ਕੁਰਹਿਤ' ਕਿਹਾ ਜਾਂਦਾ ਹੈ।

**ਸਿੱਖ ਧਰਮ ਵਿਚ ਇਸਤਰੀ ਸਨਮਾਨ:** ਰਹਿਤਨਾਮਿਆਂ ਦਾ ਆਧਾਰ ਸ੍ਰੋਤ ਸਿੱਖ ਸਿਧਾਂਤ/ਗੁਰਬਾਣੀ ਹੈ। ਸਿੱਖ ਧਰਮ ਦੀ ਮਨੁੱਖੀ ਜਾਤੀ ਦੀ ਸਮਾਨਤਾ ਹਿੱਤ ਸਿਧਾਂਤ-ਸਿਰਜਣਾ ਅਤੇ ਇਸ ਦੇ ਅਮਲ ਦੇ ਪ੍ਰੋਗਰਾਮ ਵਿਚ ਇਸਤਰੀ ਦੇ ਦਰਜੇ ਨੂੰ ਉੱਚਾ ਕਰਨਾ ਜ਼ਰੂਰੀ ਹਿੱਸਾ ਸੀ। ਜਾਤ-ਪਾਤੀ ਵਿਚਾਰਧਾਰਾ ਨੇ ਇਸਤਰੀਆਂ ਨੂੰ ਵੀ ਨੀਵਾਂ ਦਰਜਾ ਦਿੱਤਾ ਹੋਇਆ ਸੀ। ਕਈ ਹਾਲਤਾਂ ਵਿਚ ਤਾਂ ਉਨ੍ਹਾਂ ਨੂੰ ਸ਼ੂਦਰ ਦੇ ਬਰਾਬਰ ਸਮਝਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਭਾਰਤੀ ਵਿਚਾਰਧਾਰਾ ਦੇ ਅੰਤਰਗਤ ਇਸਤਰੀ ਸੰਬੰਧੀ ਦੰਭੀ ਵਿਚਾਰ-ਸੰਕਲਪਾਂ ਦਾ ਖੰਡਨ ਕਰਦਿਆਂ ਇਸਤਰੀ ਦੇ ਮਾਣ-ਸਨਮਾਨ ਲਈ ਨਾਅਰਾ ਬੁਲੰਦ ਕੀਤਾ ਕਿ ਜਿਸ ਇਸਤਰੀ ਤੋਂ ਉੱਚ ਕੋਟੀ ਦੀ ਪ੍ਰਤਿਭਾ ਦਾ ਜਨਮ ਹੁੰਦਾ ਹੈ ਉਸ ਨੂੰ ਕਿਉਂ ਬਦਨਾਮ ਕੀਤਾ ਜਾਵੇ?[੫] ਸ੍ਰੀ ਗੁਰੂ ਅਮਰਦਾਸ ਜੀ ਨੇ ਪਰਦੇ ਅਤੇ ਸਤੀ ਦੀ ਰਸਮ ਨੂੰ ਖਤਮ ਕਰ ਕੇ ਇਸਤਰੀ ਸਨਮਾਨ ਹੋਰ ਵਧਾਇਆ।

**ਰਹਿਤਨਾਮੇ ਅਤੇ ਇਸਤਰੀ ਸਨਮਾਨ:** ਗੁਰੂ ਸਾਹਿਬਾਨ ਦੁਆਰਾ ਇਸਤਰੀ ਸਨਮਾਨ ਸੰਬੰਧੀ ਨਿਰਦੇਸ਼ਿਤ ਅਤੇ ਨਿਰਧਾਰਿਤ ਪ੍ਰੋਗਰਾਮ ਤੋਂ ਪਿਛਲੇ ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਨੇ ਬਤੌਰ ਮਾਰਗ-ਦਰਸ਼ਕ ਅਗਵਾਈ ਲਈ ਅਤੇ ਨਿਰਸੰਕੋਚ ਇਸਤਰੀ ਸਨਮਾਨ ਲਈ ਯਤਨ ਜਾਰੀ ਰੱਖੇ। ਅਜਿਹੇ ਸਾਹਿਤ ਵਿੱਚੋਂ ਰਹਿਤਨਾਮਿਆਂ ਨੇ ਇਸਤਰੀ ਦੇ ਸਨਮਾਨ ਹਿੱਤ ਹੀ ਨਹੀਂ, ਬਲਕਿ ਇਸਤਰੀ ਹੋਂਦ ਬਚਾਈ ਰੱਖਣ ਲਈ ਸਿੱਖਾਂ ਨੂੰ ਬੇਬਾਕ ਤਾੜਨਾ ਕੀਤੀ। ਵਰਤਮਾਨ ਸਮੇਂ ਵਿਚ ਇਸਤਰੀ ਹੋਂਦ ਲਈ ਚੁਣੌਤੀ ਭਰਪੂਰ ਮਾਰੂ ਰੁਝਾਨ ਮਾਦਾ ਭਰੂਣ ਹੱਤਿਆ ਦਾ ਅਵਿਕਸਿਤ ਰੂਪ ਕੁੜੀ ਮਾਰਨਾ[੬] ਪ੍ਰਚਲਿਤ ਸੀ ਅਤੇ ਪਿਛਲੇ ਸਮੇਂ ਵਿਚ ਇਸਤਰੀ ਜਾਤੀ ਦੀ ਹੋਂਦ ਦੇ ਖ਼ਾਤਮੇ ਲਈ ਇਕ ਵੱਡਾ ਗ਼ੈਰ-ਕੁਦਰਤੀ ਕੁਕਰਮ ਸੀ। ਇਸ ਕਰਕੇ ਰਹਿਤਨਾਮਿਆਂ ਵਿਚ 'ਕੁੜੀਮਾਰ' ਸੰਬੰਧੀ ਸਖ਼ਤ ਤਾੜਨਾਵਾਂ ਇਸਤਰੀ ਸਨਮਾਨ ਦੇ ਅਮਲ ਵਿਚ ਚੁੱਕੇ ਪੁਖਤਾ ਕਦਮ ਸਨ। ਭਾਈ ਚਉਪਾ ਸਿੰਘ (ਛਿੱਬਰ) ਦੇ ਰਹਿਤਨਾਮੇ ਵਿਚ ਤਿੰਨ ਕੁਰਹਿਤਾਂ ਨੂੰ ਨਾ-ਬਖਸ਼ਣਯੋਗ ਦਰਸਾਇਆ ਹੈ, ਉਨ੍ਹਾਂ ਵਿਚ ਇਕ ਕੁਰਹਿਤ ਕੰਨਿਆ ਹੱਤਿਆ ਦੀ ਹੈ:

*"ਗੁਰੂ ਕੇ ਸਿੱਖ ਮੁਸਦੀ-ਜੋ ਸਰਕਾਰ ਤੁਰਕਾਂ ਦੀ ਵਿਚ ਹੋਵਨ ਇਕ ਕੰਨਿਆ ਹਤ, ਦੂਜਾ ਭਦਣ, ਤੀਜਾ ਬਿਖਿਆ (ਤਮਾਕੂ) ਇਹ ਨਾ ਕਰਨ, ਹੋਰ ਕਰਨ ਤਾਂ ਬਖਸਾਇ ਲੈਣ।"*[੭]

ਰਹਿਤਨਾਮਿਆਂ ਵਿਚ ਸਿੱਖਾਂ ਨੂੰ 'ਕੁੜੀਮਾਰ' ਨਾਲ ਰੋਟੀ ਬੇਟੀ ਦੀ ਸਾਂਝ ਨਾ ਪਾਉਣ ਦੀ ਹਦਾਇਤ[੮] ਅਤੇ ਕੁੜੀਮਾਰਾਂ ਨੂੰ 'ਖੂਨੀ ਤਨਖਾਹੀਆ'[੯] ਕਰਾਰ ਦੇਣਾ

ਗੁਰਮਤਿ ਵਿਚਾਰਧਾਰਾ ਵਿਚ ਇਸ ਕੁਦਰਤ ਵਿਰੋਧੀ ਕਰਮ ਦੀ ਸਪੱਸ਼ਟ ਮਨਾਹੀ ਦੇ ਸੰਕੇਤ ਹਨ। ਇਸਤਰੀ ਸਨਮਾਨ ਲਈ ਪ੍ਰੇਰਨਾ ਅਤੇ ਸਿੱਖਿਆ ਦੂਸਰੇ ਸਿੱਖ ਗ੍ਰੰਥਾਂ ਵਿਚ ਵੀ ਮਿਲ ਜਾਂਦੀ ਹੈ ਅਤੇ ਇਸਤਰੀ ਨੂੰ ਤ੍ਰਿਸਕਾਰਨਾ ਜਾਂ ਕੁੜੀ ਮਾਰਨਾ ਵਰਜਿਆ ਗਿਆ ਹੈ। ਇਸਤਰੀ ਨੂੰ ਤ੍ਰਿਸਕਾਰਨ ਜਾਂ ਕੁੜੀਮਾਰਨ ਦੇ ਕਰਮ ਉਪਰੰਤ ਮਿਲਣ ਵਾਲੀ ਸਜ਼ਾ ਜਾਂ ਤਨਖਾਹ ਦੀ ਵਿਵਸਥਾ ਕੇਵਲ ਰਹਿਤਨਾਮਿਆਂ ਵਿਚ ਹੀ ਹੈ। ਰਹਿਤਨਾਮਿਆਂ ਦੀ ਇਸ ਅਧਿਐਨ ਵਿਧੀ ਤੋਂ ਇਨ੍ਹਾਂ ਦੁਆਰਾ ਸਿਧਾਂਤਕ ਜਾਂ ਤਾਰਕਿਕ ਪੈਂਤੜੇ ਨਾਲੋਂ ਸਿੱਖ ਰਹਿਤ ਬਾਰੇ ਜੀਵਨ ਦੇ ਵਿਵਹਾਰਕ ਦ੍ਰਿਸ਼ਟੀਕੋਣ ਨੂੰ ਅਪਣਾਉਣਾ ਗਿਆਤ ਹੁੰਦਾ ਹੈ, ਜੋ ਸਿਧਾਂਤ ਤੇ ਵਿਵਹਾਰ ਵਿਚਲੇ ਅੰਤਰ ਨੂੰ ਦੂਰ ਕਰਨ ਦਾ ਯਤਨ ਹੈ। ਰਹਿਤਨਾਮੇ ਸਿਧਾਂਤਕ ਪਾਠ (Text) ਨਾ ਹੋ ਕੇ ਸਰਲ ਬੋਲੀ/ਸ਼ੈਲੀ ਵਿਚ ਰਹਿਤ ਮਰਯਾਦਾ ਦਾ ਬਿਉਰਾ ਹਨ। ਇਸਤਰੀ ਸਨਮਾਨ ਦੇ ਵਿਹਾਰਕ ਰੂਪ ਦੇ ਜਾਮਨ ਹਨ।

ਰਹਿਤਨਾਮਿਆਂ ਵਿਚ ਇਸਤਰੀ ਸਨਮਾਨ ਦੀ ਜਾਚ ਦੀ ਦੂਸਰੀ ਵਿਹਾਰਕ-ਦ੍ਰਿਸ਼ਟੀ ਵਿਕਾਰੀ ਪੁਰਸ਼ਾਂ ਨੂੰ ਪਰਾਈ ਇਸਤਰੀ ਨਾਲ ਨਜਾਇਜ਼ ਸੰਬੰਧਾਂ ਤੋਂ ਕੀਤੀ ਤਾੜਨਾ ਹੈ। ਇਸਤਰੀ ਨੂੰ ਇਕ ਭੋਗਵਸਤੂ ਮੰਨਣ ਦੇ ਵਿਚਾਰਾਂ ਦਾ ਰਹਿਤਨਾਮਿਆਂ ਵਿਚ ਸਪਸ਼ਟ ਖੰਡਨ ਹੈ। ਇਸ ਕਰਕੇ ਰਹਿਤਨਾਮੇ ਨਿੱਜ ਇਸਤਰੀ (ਪਤਨੀ) ਤੋਂ ਬਿਨਾ ਪਰਾਈ ਇਸਤਰੀ, ਜਿਸ ਵਾਸਤੇ 'ਤੁਰਕਣੀ ਸੰਗ' ਅਤੇ 'ਮੁਸਲੀ ਯੁੱਧ'[੧੦] ਦੇ ਸੰਕੇਤਾਂ ਦੀ ਵਰਤੋਂ ਵੀ ਕੀਤੀ ਗਈ ਹੈ, ਨਾਲ ਸਰੀਰਕ ਸੰਬੰਧਾਂ ਦੀ ਆਗਿਆ ਨਹੀਂ ਦਿੰਦੇ ਅਤੇ ਅਜਿਹੇ ਅਨੈਤਿਕ ਕਰਮ ਲਈ ਤਨਖਾਹ ਵਿਵਸਥਿਤ ਕੀਤੀ ਗਈ ਹੈ। ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿਚ ਪਰਾਈ ਇਸਤਰੀ ਦਾ ਤਿਆਗ ਇਕ ਰਹਿਤਵੰਤ ਸਿੰਘ ਦੀ ਪਰਿਭਾਸ਼ਾ ਦਾ ਜ਼ਰੂਰੀ ਲੱਛਣ ਦਰਸਾਇਆ ਹੈ:

*ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।*
*ਆਪਨਿ ਇਸਤ੍ਰੀ ਸੋ ਰਤਿ ਹੋਈ। ਰਹਤਵੰਤ ਸਿੰਘ ਹੈ ਸੋਈ।*[੧੧]

ਭਾਈ ਦਯਾ ਸਿੰਘ ਅਤੇ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ ਵਿਚ ਨਾ ਕਰਨਯੋਗ ਪੰਜ ਕੰਮਾਂ ਵਿਚ ਇਕ ਪਰਾਈ ਇਸਤਰੀ ਦੇ ਤਿਆਗ ਸੰਬੰਧੀ ਹੈ ਅਤੇ ਨਿੱਜ ਇਸਤਰੀ ਦਾ ਤਿਆਗ ਨਾ ਕਰਨ ਬਾਰੇ ਵੀ ਤਾੜਨਾ ਹੈ।[੧੨]

ਮਨੁੱਖੀ ਸਮਾਨਤਾ ਦੇ ਆਦਰਸ਼ ਵਿਚ ਮਨੁੱਖ ਨੂੰ ਬਰਾਬਰ ਦੇ ਆਰਥਿਕ ਅਧਿਕਾਰਾਂ ਦਾ ਸਰੋਕਾਰ ਵੀ ਸੰਮਲਿਤ ਹੈ। ਇਸਤਰੀ ਸਨਮਾਨ ਦੇ ਸਮੁੱਚੇ ਯਤਨ ਉਸ ਦੀ ਆਰਥਿਕ ਅਜ਼ਾਦੀ ਤੋਂ ਬਿਨਾਂ ਅਤੇ ਉਸ ਦੇ ਕਿਸੇ ਪ੍ਰਕਾਰ ਦੇ ਸ਼ੋਸ਼ਣ ਦੀ ਭਾਵਨਾ ਦੇ ਹੁੰਦਿਆਂ ਅਧੂਰੇ ਸਨ। ਭਾਰਤੀ ਸਮਾਜ ਵਿਚ ਇਸਤਰੀ ਪ੍ਰਤੀ ਪ੍ਰਚਲਿਤ ਘਿਰਣਾਮਈ ਵਾਤਾਵਰਣ ਤੋਂ ਜਿੱਥੇ ਇਸਤਰੀ ਜਾਤੀ ਦੀ ਹੋਂਦ 'ਤੇ ਸਵਾਲੀਆ ਚਿੰਨ੍ਹ ਸੀ, ਉੱਥੇ ਜਾਗੀਰਦਾਰੀ ਰੁਚੀ ਤਹਿਤ ਪੁਰਸ਼ ਦੁਆਰਾ ਇਸਤਰੀ

ਦੇ ਆਰਥਿਕ ਸ਼ੋਸ਼ਣ ਕਰਨ ਦੇ ਵਰਤਣ ਦਾ ਰੁਝਾਨ ਸੀ। ਰਹਿਤਨਾਮਿਆਂ ਵਿਚ ਇਸਤਰੀ ਦੇ ਪੈਸੇ ਨਾ ਖਾਣ ਦੀ ਸਖ਼ਤ ਚੇਤਾਵਨੀ ਇਸਤਰੀ ਦੇ ਆਰਥਿਕ ਅਧਿਕਾਰ ਦੀ ਰੱਖਿਆ ਹਿੱਤ ਅਤੇ ਇਸਤਰੀ ਸ਼ੋਸ਼ਣ ਵਿਰੁਧ ਬੁਲੰਦ ਅਵਾਜ਼ ਹੈ:

*ਧੀ ਭੈਣ ਕਾ ਪੈਸਾ ਖਾਇ। ਕਹੈ ਗੋਬਿੰਦ ਸਿੰਘ ਧਕੇ ਜਮ ਖਾਇ।*[੧੩]

ਗ੍ਰਿਹਸਥ ਜੀਵਨ ਦੇ ਲਖਾਇਕ ਅਨੰਦ ਵਿਆਹ ਸਮੇਂ ਕੰਨਿਆ ਲਈ ਇਕ ਗਿਆਨ ਅਤੇ ਸਦਗੁਣ-ਸੰਪੰਨ ਧਰਮੀ ਵਰ ਦੀ ਚੋਣ ਅਤੇ ਵਿਕਾਰੀ ਪੁਰਸ਼ ਨੂੰ ਮੂਲੋਂ ਰੱਦ ਦੇਣ ਦੀ ਦ੍ਰਿੜ੍ਹਾਈ ਗਈ ਰਹਿਤ[੧੪] ਇਕ ਖੁਸ਼ਹਾਲ ਪਰਵਾਰ ਅਤੇ ਇਸਤਰੀ ਦੇ ਸਮਾਜਿਕ ਕਲਿਆਣ ਲਈ ਮਹੱਤਵਪੂਰਨ ਹੈ। ਇਸਤਰੀ ਦੇ ਆਰਥਿਕ ਸ਼ੋਸ਼ਣ ਵਿਰੁੱਧ ਤਾੜਨਾ ਕਰਨ ਵਾਲੇ ਭਾਈ ਚਉਪਾ ਸਿੰਘ ਦੇ ਰਹਿਤਨਾਮੇ ਦੀ ਪੁਸ਼ਟੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣ ਵੀ ਦਰਜ ਕੀਤਾ ਗਿਆ ਹੈ। ਵੰਨਗੀ ਵਜੋਂ:

ਜੋ ਗੁਰੂ ਕਾ ਸਿੱਖ ਹੋਇ ਸੋ . . . ਕੰਨਿਆ ਦੇ ਨਾ ਪੈਸੇ ਖਾਏ।[੧੫] ਸਾਖ ਗ੍ਰੰਥ ਸਾਹਿਬ ਦੀ:

*ਸਾਈ ਪੁਤ੍ਰੀ ਜਜਮਾਨ ਦੀ ਸਾ ਤੇਰੀ ਏਤ ਧਾਨ ਖਾਧੈ ਤੇਰਾ ਜਨਮ ਗਇਆ॥*

ਇਸਤਰੀ ਸਨਮਾਨ ਦੇ ਰਾਹ ਵਿਚ ਦਰਪੇਸ਼ ਰੁਕਾਵਟਾਂ ਵਿੱਚੋਂ ਹਕੀਕਤਨ ਜ਼ਿਆਦਾ ਮਾਰੂ ਮੁੱਦਾ ਇਸਤਰੀ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਸੀ। ਪੂਰਵ ਸਿੱਖ ਧਰਮ ਭਾਰਤੀ ਸਮਾਜ ਵਿਚ ਇਸਤਰੀ ਦੇ ਧਾਰਮਿਕ ਪ੍ਰਗਟਾਵਿਆਂ ਅਤੇ ਵਿਸ਼ਵਾਸਾਂ ਉੱਪਰ ਪਾਬੰਦੀ ਸੀ ਅਤੇ ਇਸ ਸੰਬੰਧੀ ਵਿਭਿੰਨ ਭਾਰਤੀ ਪਰੰਪਰਾਵਾਂ ਦੀਆਂ ਇਸਤਰੀ ਦੀ ਭੂਮਿਕਾ ਨੂੰ ਮੂਲੋਂ ਰੱਦ ਕਰਦੀਆਂ ਸਥਾਪਿਤ ਧਾਰਨਾਵਾਂ ਵਿਚਾਰਨਯੋਗ ਹਨ। ਗੁਰੂ ਸਾਹਿਬਾਨ ਨੇ ਅਜਿਹੀਆਂ ਧਾਰਨਾਵਾਂ 'ਤੇ ਕਰਾਰੀ ਸੱਟ ਮਾਰਦਿਆਂ ਇਸਤਰੀ ਨੂੰ ਧਾਰਮਿਕ ਆਜ਼ਾਦੀ ਪ੍ਰਦਾਨ ਹੀ ਨਹੀਂ ਕੀਤੀ, ਸਗੋਂ ਧਰਮ-ਪ੍ਰਚਾਰ ਦੇ ਮਿਸ਼ਨ ਲਈ ਪੁਰਸ਼ਾਂ ਦੇ ਬਰਾਬਰ ਇਸਤਰੀਆਂ ਨੂੰ ਵੀ ਯੋਗ ਸਮਝਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਲਈ ਜੋ ੨੨ ਮੰਜੀਆਂ ਸਥਾਪਿਤ ਕੀਤੀਆਂ ਸਨ, ਉਨ੍ਹਾਂ ਵਿੱਚੋਂ ਕੁਝ ਦੀਆਂ ਮੁਖੀ ਇਸਤ੍ਰੀਆਂ ਸਨ।[੧੬]

ਰਹਿਤਨਾਮਿਆਂ ਵਿਚ ਇਕ ਸਿੱਖ ਲਈ ਆਪਣੀ ਪਤਨੀ ਨੂੰ ਲਾਜ਼ਮੀ ਖੰਡੇ ਦੀ ਪਾਹੁਲ ਛਕਾਉਣ ਦੀ ਕੀਤੀ ਹਦਾਇਤ ਪਿੱਛੇ ਪ੍ਰਾਚੀਨ ਸਮੇਂ ਤੋਂ ਇਸਤਰੀ ਨੂੰ ਗੁਰ-ਦੀਖਿਆ ਤੋਂ ਵੰਚਿਤ ਰੱਖਣ ਦੇ ਵਿਤਕਰੇ ਦਾ ਅਹਿਸਾਸ ਕੰਮ ਕਰ ਰਿਹਾ ਸੀ। ਗੁਰੂ ਸਾਹਿਬਾਨ ਦੁਆਰਾ ਇਸਤਰੀ ਨੂੰ ਗੁਰ-ਦੀਖਿਆ ਲੈਣ ਦੇ ਦਿਤੇ ਹੱਕ ਨੂੰ ਵਿਵਹਾਰਕ ਰੂਪ ਵਿਚ ਲਾਗੂ ਕਰਾਉਣ ਹਿੱਤ ਰਹਿਤਨਾਮਿਆਂ ਨੇ ਇਸਤਰੀ ਨੂੰ ਗੁਰ-ਦੀਖਿਆ ਨਾ ਦਿਵਾਉਣ ਵਾਲੇ ਸਿੱਖ ਨੂੰ ਤਨਖਾਹੀਆ ਐਲਾਨਿਆ ਹੈ:

*ਜੋ ਸਿੱਖ ਸਿੱਖਣੀ ਨੂੰ ਖੰਡੇ ਦੀ ਪਾਹੁਲ ਨ ਦੇਵੇ, ਸੋ ਤਨਖਾਹੀਆ।*[੧੭]

ਰਹਿਤਨਾਮੇ ਹਜ਼ੂਰੀ ਭਾਈ ਚਉਪਾ ਸਿੰਘ (ਛਿੱਬਰ) ਦੇ ਵਿਚ 'ਸਿੱਖਣੀ ਹਿੱਤ ਰਹਿਤ' ਸਿਰਲੇਖ ਹੇਠ ਸਿੱਖ ਇਸਤਰੀ ਪ੍ਰਤੀ ਆਪਣੇ ਪਤੀ ਨੂੰ ਸਿੱਖੀ ਦਾ ਉਪਦੇਸ਼ ਕਰਨ ਦੀ ਦਰਸਾਈ ਰਹਿਤ ਇਸਤਰੀ ਸਨਮਾਨ ਦੇ ਅਮਲ ਦੀ ਸਿਖ਼ਰ ਕਹੀ ਜਾ ਸਕਦੀ ਹੈ। ਇਸ ਲਈ ਸਿੱਖ ਇਸਤਰੀ ਆਪਣੇ ਪਤੀ ਨੂੰ ਧਰਮ ਦਾ ਉਪਦੇਸ਼ ਦ੍ਰਿੜਾਉਣ ਲਈ ਸਰਵ ਸਮਰਥ ਹੈ:

*ਭਰਤੈ ਨੂੰ ਸਿੱਖੀ ਦਾ ਉਪਦੇਸ਼ ਕਰੈ।*[੧੮]

ਰਹਿਤਨਾਮਿਆਂ ਵਿਚਲੀ ਇਸਤਰੀ ਸਨਮਾਨ ਸੰਬੰਧੀ ਦਰਸਾਈ ਕੁੜੀ ਨਾ ਮਾਰਨ, ਇਸਤਰੀ ਨੂੰ ਭੋਗ ਵਸਤੂ ਨਾ ਸਮਝਣ, ਇਸਤਰੀ ਸ਼ੋਸ਼ਣ ਦੇ ਵਿਰੁੱਧ ਅਤੇ ਇਸਤਰੀ ਨੂੰ ਸਿੱਖੀ ਉਪਦੇਸ਼ ਲੈਣ ਅਤੇ ਦੇਣ (ਧਾਰਮਿਕ ਸੁਤੰਤਰਤਾ) ਦੀ ਰਹਿਤ ਇਸਤਰੀਵਾਦ[੧੯] (Feminism) ਦੇ ਸੰਕਲਪ ਦੀ ਤਰ੍ਹਾਂ ਕਿਸੇ ਮਰਦ-ਵਿਰੋਧੀ ਵਿਚਾਰਾਂ ਵਿੱਚੋਂ ਪੈਦਾ ਨਹੀਂ ਹੋਈ। ਇਹ ਨਿਰੋਲ ਧਾਰਮਿਕ ਵਿਸ਼ਵਾਸ ਅਤੇ ਧਰਮ ਪ੍ਰਤੀ ਵਚਨਬੱਧਤਾ ਦੇ ਰੂਹਾਨੀ ਮੰਡਲ ਵਿਚ ਪੈਦਾ ਹੋਇਆ ਧਾਰਮਿਕ ਜ਼ਬਤ ਹੈ। ਕਿਸੇ ਅੰਤ੍ਰੀਵ ਜੀਵਨ ਦੀ ਲਖਾਇਕ ਹੈ। ਰਹਿਤਨਾਮੇ ਇਸ ਰਹਿਤ ਨੂੰ ਸਿੱਖੀ ਵਿਵਹਾਰ 'ਚੋਂ ਨਾ ਵਿਸਾਰਨ ਦੀ ਤਾੜਨਾ ਕਰਦੇ ਹਨ।

ਸੋ ਰਹਿਤਨਾਮਿਆਂ ਵਿਚ ਇਸਤਰੀ ਸਨਮਾਨ ਦਾ ਮਸਲਾ ਅੱਜ ਵੀ ਓਨਾ ਹੀ ਸਾਰਥਿਕ ਹੈ। ਇਸਤਰੀ ਜਾਤੀ ਸੰਬੰਧੀ ਸਮਾਜਿਕ ਅਲਾਮਤਾਂ ਬਦ ਤੋਂ ਬਦਤਰ ਹੋ ਗਈਆਂ ਹਨ , ਪਰ ਰਹਿਤਨਾਮਿਆਂ ਦੀ ਤਾੜਨਾ ਵਿਵਹਾਰਕ ਦ੍ਰਿਸਟੀ ਤੋਂ ਵਿਸਰ ਗਈ ਹੈ। ਇਸਤਰੀ ਸਨਮਾਨ ਸੰਬੰਧੀ ਰਹਿਤ ਰੂਪ ਵਿਚ ਵਰਣਿਤ ਉਕਤ ਨਿਰਦੇਸ਼ਾਂ ਨੂੰ ਅਮਲੀ ਰੂਪ ਪ੍ਰਦਾਨ ਕੀਤਾ ਜਾਵੇ ਤਾਂ ਮਾਦਾ ਭਰੂਣ ਹੱਤਿਆ, ਇਸਤਰੀ ਸ਼ੋਸ਼ਣ, ਜਿਹੀਆਂ ਮੰਦ ਬਿਰਤੀਆਂ ਨੂੰ ਠੱਲ੍ਹ ਕੇ ਇਸਤਰੀ ਸਨਮਾਨ ਬਹਾਲ ਰਖਿਆ ਜਾ ਸਕਦਾ ਹੈ। ਰਹਿਤਨਾਮਾ-ਸਾਹਿਤ ਦੀ ਇਸਤਰੀ ਹੋਂਦ ਅਤੇ ਸਨਮਾਨ ਦੇ ਮੁੱਦੇ 'ਤੇ ਭਰਪੂਰ ਚਰਚਾ ਉਲੇਖਯੋਗ ਹੈ। ਰਹਿਤਨਾਮੇ ਸਿੱਖ ਰਹਿਤ ਮਰਯਾਦਾ ਦਾ ਅਨਿੱਖੜ੍ਹ ਅੰਗ ਹਨ। ਲਿੰਗੀ ਸਮਾਨਤਾ ਸਿੱਖ ਧਰਮ ਦਰਸ਼ਨ ਦਾ ਅਹਿਮ ਵਿਸ਼ਾ ਹੈ ਅਤੇ ਰਹਿਤਨਾਮਾ ਸਾਹਿਤ ਇਸ ਵਿਸ਼ੇ ਦਾ ਸਰਲ ਪੇਸ਼ਕਾਰੀ ਕਰਦਾ ਹੈ। ਸਿੱਖੀ ਵਿਚ ਕੀ ਕਰਨਾ ਪ੍ਰਵਾਨ ਜਾਂ ਅਪ੍ਰਵਾਨ ਹੈ, ਇਹ ਨਿਰਦੇਸ਼ਨਾ ਰਹਿਤਨਾਮੇ ਦਿੰਦੇ ਹਨ। ਇਸੇ ਪ੍ਰਸੰਗ ਵਿਚ ਰਹਿਤਨਾਮੇ ਇਸਤਰੀ ਸਨਮਾਨ ਬਹਾਲ ਰੱਖਣ ਲਈ ਸਿੱਖ ਜਗਿਆਸੂਆਂ ਦੇ ਅਮਲ ਅਤੇ ਭਾਵਨਾਵਾਂ ਨੂੰ ਅਗਾਹ ਕਰਦੇ ਹਨ ਤੇ ਅਜਿਹਾ ਨਾ ਹੋਣ 'ਤੇ ਤਾੜਨਾਯੋਗ ਮੁਹਾਵਰੇ ਵਿਚ ਲੋਕ-ਪਰਲੋਕ ਦੀ ਸਜ਼ਾ ਵੀ ਦਰਸਾਉਂਦੇ ਹਨ। ਧਾਰਮਿਕ ਸਾਹਿਤ ਪੱਖੋਂ ਵੀ ਰਹਿਤਨਾਮੇ ਵਡਮੁੱਲੇ ਦਸਤਾਵੇਜ਼ ਹਨ। ਇਸਤਰੀ ਸਨਮਾਨ ਨਾਲ ਜੁੜੇ ਮੁੱਦਿਆਂ ਕਾਰਨ ਇਨ੍ਹਾਂ ਦੀ ਸਾਰਥਕਤਾ ਮੂਲ ਰੂਪ ਜਿਤਨੀ ਹੀ ਕਹੀ ਜਾ ਸਕਦੀ ਹੈ। ਅਜੋਕੇ

## ਇਸਤਰੀਵਾਦ ਦੇ ਪ੍ਰਸੰਗ ਵਿਚ ਇਸਤਰੀ ਦੇ ਪ੍ਰਕ੍ਰਿਤਕ ਸਮਾਜਿਕ-ਆਤਮਿਕ ਸੰਤੁਲਨ ਨੂੰ ਕਾਇਮ ਰੱਖਣ ਦੀ ਸਮਰਥਾ ਤੇ ਸੰਭਾਵਨਾ ਕਾਰਨ ਰਹਿਤਨਾਮਾ ਸਾਹਿਤ ਵਧੇਰੇ ਗੌਰਵਤਾ ਤੇ ਪ੍ਰਸੰਸਾ ਦਾ ਪਾਤਰ ਹੈ।

**ਹਵਾਲੇ :**

੧. *ਸਿੱਖ ਰਹਿਤ ਮਰਯਾਦਾ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ-੨੦ ; 'ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ'

੨. ਤਨਖਾਹਨਾਮਾ ਭਾਈ ਨੰਦ ਲਾਲ, *ਰਹਿਤਨਾਮੇ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੫੯;

ਖਾਲਸਾ ਸੋਇ ਜੋ ਨਿੰਦਾ ਤਿਆਗੈ। ਖਾਲਸਾ ਸੋਇ ਜੋ ਲੜੈ ਹੋਇ ਆਗੈ।

ਖਾਲਸਾ ਸੋਇ ਪੰਚ ਕਉ ਮਾਰੈ। ਖਾਲਸਾ ਸੋਇ ਭਰਮ ਕਉ ਸਾੜੈ।

੩. *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੧੯੯੯, ਪੰਨਾ-੧੦੧੫; *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੩੯; *ਸਰਬ ਲੋਹ ਗ੍ਰੰਥ, ਸ੍ਰੀ ਗੁਰ ਸ਼ੋਭਾ, ਗੁਰਰਤਨਮਾਲ* (ਸੌ ਸਾਖੀ), *ਮਹਿਮਾ ਪ੍ਰਕਾਸ਼, ਗੁਰਬਿਲਾਸਾਂ* (ਸੁਖਾ ਸਿੰਘ ਤੇ ਕੁਇਰ ਸਿੰਘ), *ਸ੍ਰੀ ਗੁਰੂ ਪੰਥ ਪ੍ਰਕਾਸ਼, ਗੁਰਮਤਿ ਨਿਰਣਯ ਸਾਗਰ, ਪੰਥ ਪ੍ਰਕਾਸ਼, ਸ਼ਹੀਦ ਬਿਲਾਸ, ਗੁਰ ਪਦ ਪ੍ਰੇਮ ਪ੍ਰਕਾਸ਼, ਗੁਰਪ੍ਰਤਾਪ ਸੂਰਜ,*

੪. *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੧੯੯੯, ਪੰਨਾ-੧੦੧੫ ; ਹਿੰਦੂ ਮਤ ਵਿਚ ਵਿਧਿਨਿਖੇਧ ਕਹਿੰਦੇ ਹਨ; ਵਿਧਿ ਕਰਨਯੋਗ ਅਤੇ ਨਿਖੇਧ ਨਾ ਕਰਨਯੋਗ। ਸੋ ਵਿਧਿਨਿਖੇਧ ਦਾ ਅਰਥ ਕਰਨ ਅਤੇ ਨਾ ਕਰਨਯੋਗ ਕੰਮ।

੫. ਪ੍ਰੋ. ਪੂਰਨ ਸਿੰਘ, *ਗੁਰ ਸ਼ਬਦ ਵਿਸਮਾਦ ਬੋਧ* (ਅਨੁ. ਕਿਰਪਾਲ ਸਿੰਘ ਕਸੇਲ), ਪੰਜਾਬੀ ਪਬਲੀਕੇਸ਼ਨ ਪਟਿਆਲਾ, ੨੦੦੩, ਪੰਨਾ-੨੨੫-੨੨੬

੬. *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੧੯੯੯, ਪੰਨਾ-੩੪੫ ; ਕੁੜੀਮਾਰ-ਪੁਰਾਣੇ ਜਮਾਨੇ ਵਿਚ ਲੋਕ ਪੁਤਰੀ ਨੂੰ ਮਾਰ ਦਿੰਦੇ ਸਨ ਤਾਂ ਕਿ ਉਹ ਖਰਚਾਂ ਤੋਂ ਬਚਣ ਅਤੇ ਕਿਸੇ ਨੂੰ ਆਪਣਾ ਦਮਾਦ ਨਾ ਬਣਾਉਣ।

੭. ਰਹਿਤਨਾਮਾ ਹਜੂਰੀ ਭਾਈ ਚਉਪਾ ਸਿੰਘ ਛਿੱਬਰ, *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੮੫

੮.ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, *ਰਹਿਤਨਾਮੇ,* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੬੬ ; ਰਹਿਤਨਾਮਾ ਹਜੂਰੀ ਭਾਈ ਚਉਪਾ ਸਿੰਘ ਛਿੱਬਰ, *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੭੯ ; 'ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ, ਲਏ ਜੋ ਇਨਕੇ ਹਾਥ ਕਾ ਜਨਮ ਗਵਾਵਹਿ ਬਾਦ।' ; 'ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲ ਨਾਤਾ ਨ ਕਰੈ। ਵਰਤਣ ਭੀ ਨ ਕਰੈ-ਪਹਿਲੈ ਮੀਣੈ, ਦੂਜੈ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭੱਦਣੀ, ਪੰਜਵੇਂ ਮਸੰਦ।

੯. ਰਹਿਤਨਾਮਾ ਹਜੂਰੀ ਭਾਈ ਚਉਪਾ ਸਿੰਘ ਛਿੱਬਰ, *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅਮ੍ਰਿਤਸਰ, ੨੦੦੦, ਪੰਨਾ-੯੬ ; ਜੋ ਕੰਨਿਆਂ ਮਾਰੇ ਸੋ ਖੂਨੀ ਤਨਖਾਹੀਆ।

੧੦. ਪ੍ਰਸਤਾਵਨਾ, *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੩੭; ਪਰਾਈ ਇਸਤਰੀ ਲਈ 'ਤੁਰਕਣੀ ਸੰਗ' ਜਾਂ 'ਮੁਸਲੀ ਯੁਧ' ਦੇ ਸੰਕੇਤ ਸਮੇਂ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ ਵਰਤੇ ਗਏ ਹਨ। ਇਕ ਤਾਂ ਇਹ ਕਿ ਜਿਸ ਸਮੇਂ ਖ਼ਾਲਸਾ ਪੰਥ ਦੀ ਸਿਰਜਣਾ ਹੋਈ ਉਸ ਸਮੇਂ ਵੇਸਵਾ ਪ੍ਰਣਾਲੀ ਆਮ ਸੀ ਅਤੇ ਵੇਸ਼ਵਾਵਾਂ ਵਧੇਰੇ ਮੁਸਲਮਾਨ ਔਰਤਾਂ ਹੀ ਹੁੰਦੀਆਂ ਸਨ। ਯੋਧੇ ਸਿਪਾਹੀ ਭੋਗ ਬਿਲਾਸ ਦਾ ਸ਼ਿਕਾਰ ਹੋ ਕੇ ਡਿਗ ਸਕਦੇ ਸਨ, ਇਸ ਕਰਕੇ ਇਸ ਦੀ ਉਚੇਚੀ ਮਨਾਹੀ ਸੀ। ਦੂਸਰਾ ਇਹ ਸੀ ਕਿ ਜਿਸ ਸਮੇਂ ਸਿੱਖਾਂ ਦਾ ਤੁਰਕਾਂ ਨਾਲ ਟਾਕਰਾ ਹੋ ਰਿਹਾ ਸੀ ਤਾਂ ਆਮ ਹੀ ਮੁਸਲਮਾਨ ਪਰਾਈਆਂ (ਹਿੰਦੂ) ਇਸਤਰੀਆਂ ਨੂੰ ਚੁੱਕ ਲਿਜਾਂਦੇ ਅਤੇ ਉਨ੍ਹਾਂ ਉੱਤੇ ਆਪਣਾ ਯੋਗ ਅਧਿਕਾਰ ਸਮਝਦੇ ਸਨ। ਸਿੱਖ ਇਸ ਨੂੰ ਲੈ ਕੇ ਰੋਹ ਵਿਚ ਸਨ। ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਜੇ ਸਾਨੂੰ ਵੀ ਆਗਿਆ ਹੋਵੇ ਅਸੀਂ ਵੀ ਬਦਲੇ ਵਿਚ ਮੁਸਲਿਮ ਇਸਤਰੀਆਂ ਚੁਕ

ਲਿਆਈਏ। ਗੁਰੂ ਸਾਹਿਬ ਨੇ ਸਿੱਖਾਂ ਨੂੰ ਅਜਿਹੀ ਅਨੁਚਿਤ ਕਾਰਵਾਈ ਤੋਂ ਵਰਜਿਆ ਅਤੇ ਕਿਹਾ 'ਅਸੀਂ ਸਿੱਖ ਪੰਥ ਉੱਚੇਰੇ ਆਦਰਸ਼ਾਂ ਲਈ ਸਾਜਿਆ ਹੈ, ਅਜਿਹਾ ਨਹੀਂ ਕਰਨਾ'।

੧੧. ਰਹਿਤਨਾਮਾ ਭਾਈ ਦੇਸਾ ਸਿੰਘ *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੧੨੮-੧੨੯

੧੨. ਰਹਿਤਨਾਮਾ ਭਾਈ ਦਯਾ ਸਿੰਘ, ਦੇਸਾ ਸਿੰਘ, *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੬੯, ੭੪-੭੫,੧੩੦ ;

ਪਾਂਚ ਕਰਮ ਨਾ ਕਰੈ : ਪਰਧਨ, ਪਰਇਸਤਰੀ, ਪਰਨਿੰਦਾ, ਜੂਆ, ਮਦਰਾ।;

ਸੁਰਮਾਦਿਕ ਸ਼ਿੰਗਾਰ ਨਹਿਂ, ਨਹਿਂ ਪਰ ਤਰੁਨੀ ਸੰਗਿ।

ਯਥਾਰਥ ਇਸਤ੍ਰੀ ਤਯਾਗ ਨਹਿਂ, ਗੁਰ ਕੋ ਧਯਾਨ ਅਭੰਗ।;

ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ। ਪਾਂਚ ਐਬ ਯੇ ਜਗਤ ਮੋ ਤਜੈ ਸੁ ਸਿੰਘ ਸੁਜਾਨ

੧੩. ਤਨਖਾਹਨਾਮਾ ਭਾਈ ਨੰਦ ਲਾਲ, *ਭਾਈ ਨੰਦ ਲਾਲ ਗ੍ਰੰਥਾਵਲੀ*, (ਸੰਪਾ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੯, ਪੰਨਾ-੧੯੦

੧੪. -ਉਹੀ-, ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤ ਸੁਧਾਕਰ*, ਭਾਸ਼ਾ ਵਿਭਾਗ, ਪੰਜਾਬ, ੧੯੮੮, ਪੰਨਾ-੨੫੬

੧੫. ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਅਮ੍ਰਿਤਸਰ, ੨੦੦੦, ਪੰਨਾ-੮੦

੧੬. ਜਗਜੀਤ ਸਿੰਘ, ਸਿੱਖ ਇਨਕਲਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੨, ਪੰਨਾ-੧੫੧-੧੫੨; ਗੁਰੂ ਨਾਨਕ ਦੇਵ ਜੀ ਦੁਆਰਾ ਦੁਆਰਾ ਸਥਾਪਿਤ ਮਨੁੱਖੀ ਬਰਾਬਰੀ ਦੇ ਸਿਧਾਂਤ ਨੂੰ ਜਾਰੀ ਰੱਖਦਿਆਂ ਗੁਰੂ-ਕਾਲ ਅਤੇ ਸਿੱਖ ਇਤਿਹਾਸ ਵਿਚ ਇਸਤਰੀ ਨੂੰ ਧਾਰਮਿਕ, ਰਾਜਨੀਤਿਕ ਆਦਿ ਖੇਤਰਾਂ ਵਿਚ ਸਨਮਾਨ ਮਿਲਦਾ ਰਿਹਾ। ਇਸਤਰੀ ਜਾਤੀ ਦੇ ਰੁਤਬੇ ਨੂੰ ਉੱਚਾ ਚੁੱਕਣ ਕਾਰਨ ਹੀ ਇਸਤਰੀਆਂ ਨੇ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਨਕਲਾਬੀ ਜਦੋ-ਜਹਿਦ ਵਿਚ ਹਿੱਸਾ ਲਿਆ।

੧੭. ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੧੦੫

੧੮. ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ ਰਹਿਤਨਾਮੇ (ਸੰਪਾ. ਪਿਆਰਾ ਸਿੰਘ ਪਦਮ), ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੦, ਪੰਨਾ-੧੦੭

੧੯. http://en.wikipedia.org/wiki/Feminism; ਇਹ ਨਾਰੀ (ਇਸਤਰੀ) ਲਈ ਸਮਾਨ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਅਧਿਕਾਰਾਂ ਨੂੰ ਪਰਿਭਾਸ਼ਿਤ ਕਰਨ, ਉਨ੍ਹਾਂ ਦੀ ਸਥਾਪਨਾ ਕਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਦੇ ਉਦੇਸ਼ ਨਾਲ ਹੋਂਦ ਵਿਚ ਆਇਆ ਅੰਦੋਲਨਾਂ ਅਤੇ ਵਿਚਾਰਧਾਰਾਵਾਂ ਦਾ ਸੰਗ੍ਰਹਿ ਹੈ। ਇਸ ਦੇ ਵਿਰੋਧ ਵਿਚ Anti-Feminism ਵਿਚਾਰਧਾਰਾ ਦਾ ਪੈਦਾ ਹੋਣਾ, ਇਸ ਵਿਚਾਰਧਾਰਾ ਦੀਆਂ ਸੀਮਾਵਾਂ ਅਤੇ ਖੜੋਤਾਂ ਦੀ ਲਖਾਇਕ ਹੈ। ■


## ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

# ਹਜ਼ੂਰ ਸਾਹਿਬ ’ਤੇ ਸਰਕਾਰੀ ਸ਼ਿਕੰਜਾ

*-ਸ. ਗੁਰਚਰਨਜੀਤ ਸਿੰਘ ਲਾਂਬਾ**

ਆਖਿਰ ਮਹਾਰਾਸ਼ਟਰਾ ਸਰਕਾਰ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ, ਨਾਂਦੇੜ ’ਤੇ ਸਿੱਧੇ ਤੌਰ ਉੱਪਰ ਕਬਜ਼ਾ ਕਰ ਹੀ ਲਿਆ। ਅਜ਼ਾਦੀ ਦੇ ਇਸ ਸਰਕਾਰੀ ‘ਅੰਮ੍ਰਿਤ ਕਾਲ’ ਵਿਚ ਇਹ ਬਹੁਤ ਵੱਡਾ ਹਮਲਾ ਹੈ। ਇਕ ਪਾਸੇ ਪੰਥ ੧੯੮੪ ਵਿਚ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਹਮਲੇ ਦੀ ੪੦ਵੀਂ ਯਾਦਗਾਰ ਮਨਾ ਰਿਹਾ ਹੈ। ਦੂਸਰੇ ਪਾਸੇ ਪਿਛਲੇ ਪੰਝੱਤਰ ਸਾਲਾਂ ਵਿਚ ਪੰਥ ਨਾਲ ਕੀਤੇ ਧ੍ਰੋਹ, ਧੋਖੇ, ਵਿਸਾਹਘਾਤਾਂ ਦੀ ਲਗਾਤਾਰ ਜਾਰੀ ਲੰਮੀ ਲੜੀ ਵਿਚ ਘੱਟੋ-ਘੱਟ ਪੰਝੱਤਰ ਐਸੇ ਮਸਲੇ ਹਨ ਜਿਨ੍ਹਾਂ ਦਾ ਕੋਈ ਹੱਲ ਤਾਂ ਕੀ ਲੱਭਣਾ ਸੀ ਬਲਕਿ ਨਿੱਤ ਚੜ੍ਹਦੇ ਸੂਰਜ ਪੰਥ ਲਈ ਨਵੀਆਂ ਉਲਝਣਾਂ ਖੜੀਆਂ ਕਰਨ ਦਾ ਸਿਲਸਿਲਾ ਜਾਰੀ ਹੈ। ਵਕਤੀ ਸਰਕਾਰਾਂ ਮੁਤਮਈਨ ਹਨ ਕਿ ਪੰਥ ਵਿਚ ‘ਪਹਾੜਾ ਸਿੰਘ’ ਮੌਜੂਦ ਹਨ ਜਿਨ੍ਹਾਂ ਨੂੰ ਵਕਤ ਸਿਰ ਰਾਗ ਦਰਬਾਰੀ ਗਾਉਣ ਵਿਚ ਮੁਹਾਰਤ ਹਾਸਲ ਹੈ।

ਹਜ਼ੂਰ ਸਾਹਿਬ ਕੋਈ ਆਮ ਗੁਰਦੁਆਰਾ ਸਾਹਿਬ ਵੀ ਨਹੀਂ। ਇਹ ਤਾਂ ਪੰਥ ਦੇ ਪੰਜਾਂ ਤਖ਼ਤਾਂ ਵਿਚ ਸ਼ਾਮਲ ਹੈ। ਇਸ ਪਾਵਨ ਅਸਥਾਨ ’ਤੇ ਹੀ ਗੁਰੂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਜੋਤਿ ਅਤੇ ਜੁਗਤਿ ਦੀ ਖੇਡ ਨੂੰ ਸੰਪੂਰਨਤਾ ਦਿੰਦਿਆਂ ਦਸਾਂ ਪਾਤਸ਼ਾਹੀਆਂ ਦੀ ਪਾਵਨ ਜੋਤਿ ਸਦੀਵ ਕਾਲ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਪਿਤ ਕੀਤੀ ਅਤੇ ਜੁਗਤਿ ਗੁਰੂ ਖ਼ਾਲਸੇ ਨੂੰ ਬਖ਼ਸ਼ ਕੇ ਦੇਹਧਾਰੀ ਗੁਰੂ ਦੇ ਸੰਕਲਪ ਨੂੰ ਹਮੇਸ਼ਾਂ ਹਮੇਸ਼ਾਂ ਲਈ ਸਮਾਪਤ ਕਰ ਦਿੱਤਾ। ਗੁਰੂ-ਕਾਲ ਤੋਂ ਇਸ ਪਾਵਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੇ ਹਜ਼ੂਰੀ ਅਸਤ੍ਰ ਸ਼ਸਤ੍ਰ, ਇਤਿਹਾਸ, ਮਰਯਾਦਾ ਅਤੇ ਪਰੰਪਰਾਵਾਂ ਨੂੰ ਹਜ਼ੂਰੀ ਸਿੱਖਾਂ ਰਾਹੀਂ ਸਾਂਭ ਕੇ ਰੱਖਿਆ ਹੈ।

“ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਪ੍ਰਾਪਤ ਹੋਏ।” ਇਹ ਕੇਵਲ ਅਰਦਾਸ ਹੀ ਨਹੀਂ ਬਲਕਿ ਪੰਥ ਦਾ ਮੂਲ ਸਿਧਾਂਤ ਹੈ ਜਿਸ ’ਤੇ ਕੋਈ ਸਮਝੌਤਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਅੱਜ ਤੋਂ ਸੌ ਸਾਲ ਪਹਿਲਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਅਹਿਮ ਪੜਾਅ ਜੈਤੋ ਦਾ ਮੋਰਚਾ ਲੱਗਾ ਸੀ। ਇਸ ਦੀ ਸੌ ਸਾਲਾ ਯਾਦ ਪੰਥ ਮਨਾ ਰਿਹਾ ਹੈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਸ਼ਹੀਦਾਂ ਨੂੰ ਪੰਥ ਸ਼ਰਧਾਂਜਲੀ ਦੇ ਰਿਹਾ ਹੈ। ਪਰ ਇਸ ਵਿਚ ਵਿਘਨ ਪਾਉਣ ਲਈ ਹੀ ਕੀ ਸਰਕਾਰ ਨੇ ਸਿੱਧੇ ਤੌਰ ’ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੂੰ ਆਪਣੇ ਪ੍ਰਬੰਧ ਹੇਠ ਲੈਣ ਦਾ ਐਲਾਨ ਕਰ ਦਿੱਤਾ ਹੈ। ਕੀ ਹੁਣ ਹਜ਼ੂਰ ਸਾਹਿਬ ਦੀ ਅਜ਼ਾਦੀ ਲਈ ਵੀ ਮੋਰਚਾ ਲਾਉਣਾ ਪਵੇਗਾ। ਮੌਜੂਦਾ ਮਸਲਾ ਕੇਵਲ

** New Jersey. USA. Mo: +1 9736990950 Email: santsipahi@gmail.com*

ਦੱਖਣੀ ਸਿੱਖਾਂ ਦਾ ਜਾਂ ਪੰਥ ਦੇ ਕਿਸੇ ਧੜੇ ਜਾਂ ਦਲ ਦਾ ਨਹੀਂ। ਇਹ ਸਮੁੱਚੇ ਖ਼ਾਲਸਾ ਪੰਥ ਨੂੰ ਇਕ ਚੁਣੌਤੀ ਹੈ।

ਇਸ ਦੇ ਨਾਲ ਹੀ ਇਕ ਥੋਥੀ ਜਿਹੀ ਦਲੀਲ ਦਿੱਤੀ ਜਾ ਰਹੀ ਹੈ ਕਿ ਸਰਕਾਰ ਵੱਲੋਂ ਨਾਮਜ਼ਦ ਸਾਰੇ ਮੈਂਬਰ ਸਿੱਖ ਹੀ ਹੋਣਗੇ। ਗੁਰਦੁਆਰਾ ਪ੍ਰਬੰਧ ਸਿੱਖ ਪੰਥ ਦੇ ਨੁਮਾਇੰਦਿਆਂ ਰਾਹੀਂ ਹੀ ਹੋ ਸਕਦਾ ਹੈ। ਕਿਸੇ ਹੋਰ ਧਿਰ ਨੂੰ ਇਸ ਵਿਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਅਜਿਹੀ ਕੋਸ਼ਿਸ਼ ਅੰਗਰੇਜ਼ਾਂ ਨੇ ਵੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਦੌਰਾਨ ਕੀਤੀ ਸੀ। ਐਪਰ ਪੰਥ ਨੇ ਪੂਰੀ ਦ੍ਰਿੜ੍ਹਤਾ ਨਾਲ ਇਸ ਨੂੰ ਰੱਦ ਕਰ ਦਿੱਤਾ ਸੀ ਅਤੇ ਇਹ ਸਿਰੇ ਨਾ ਚੜ੍ਹ ਸਕੀ। ਗੱਲ ਤਾਂ ਸਿੱਧੀ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਨੇ ਕਰਨਾ ਹੈ ਜਾਂ ਸਰਕਾਰੀ ਨੁਮਾਇੰਦਿਆਂ ਨੇ? ਅਲਾਮਾ ਇਕਬਾਲ ਨੇ ਆਪਣੇ ਕਲਾਮ ਜ਼ਰਬੇ ਕਲੀਮ ਵਿਚ ਇਸ ਬਾਰੇ ਕਿਹਾ ਸੀ,

*ਮੁੱਲਾ ਕੋ ਜੋ ਹੈ ਹਿੰਦ ਮੇਂ ਸਜਦੇ ਕੀ ਇਜਾਜ਼ਤ,*
*ਨਾਦਾਂ ਯੇ ਸਮਝਤਾ ਹੈ ਕਿ ਇਸਲਾਮ ਹੈ ਆਜ਼ਾਦ।*

ਮਹੰਤਾਂ ਤੋਂ ਪਾਵਨ ਗੁਰਧਾਮਾਂ ਨੂੰ ਅਜ਼ਾਦ ਕਰਵਾਉਣ ਲਈ ਜਦੋਂ ਪੰਥ ਨੇ ਅਥਾਹ ਕੁਰਬਾਨੀਆਂ ਦਿੱਤੀਆਂ, ਉਸ ਜਦੋ ਜਹਿਦ ਵਿਚ ਪੰਡਤ ਨਹਿਰੂ ਨੇ ਵੀ ਨਾਭੇ ਵਿਚ ਗ੍ਰਿਫ਼ਤਾਰੀ ਦਿੱਤੀ ਸੀ। ਨਾ ਕੇਵਲ ਕਾਂਗਰਸ ਬਲਕਿ ਦੂਸਰੀਆਂ ਰਾਜਨੀਤਕ ਪਾਰਟੀਆਂ ਅਤੇ ਧਰਮ ਨੂੰ ਮੰਨਣ ਵਾਲਿਆਂ ਨੇ ਵੀ ਇਸ ਵਿਚ ਸਿੱਖਾਂ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ। ਗੁਰੂ ਕਾ ਬਾਗ਼, ਗੰਗਸਰ ਜੈਤੋ, ਪੰਜਾ ਸਾਹਿਬ, ਨਨਕਾਣਾ ਸਾਹਿਬ, ਸਿਆਲਕੋਟ, ਤਰਨ ਤਾਰਨ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕੀਤੀਆਂ ਕੁਰਬਾਨੀਆਂ ਸਾਡੀ ਨਿਤਾਪ੍ਰਤਿ ਅਰਦਾਸ ਦਾ ਹਿੱਸਾ ਹਨ।

ਭਾਵੇਂ ਫ਼ਿਰੰਗੀ ਸਰਕਾਰ ਨੇ ਪੂਰਾ ਤਾਣ ਲਾ ਕੇ ਮਹੰਤਾਂ ਦੀ ਪਿੱਠ ਠੋਕੀ ਪਰ ਪੰਥਕ ਕੁਰਬਾਨੀ ਦੇ ਹੜ ਦੇ ਵੇਗ ਅੱਗੇ ਉਹ ਠਹਿਰ ਨਾ ਸਕੀ। ਇਸ ਦੌਰਾਨ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਲਈ ਇਕ ਕਮੇਟੀ ਬਣਾ ਕੇ ਉਸ ਵਿਚ ਆਪਣੀ ਤਰਫ਼ੋਂ ਮੈਂਬਰ ਨਾਮਜ਼ਦ ਕੀਤੇ ਪਰ ਪੰਥ ਨੇ ਇਕ ਦਮ ਨਾ-ਮਨਜ਼ੂਰ ਕਰ ਦਿੱਤੇ ਕਿ ਕਿਸੇ ਵੀ ਸਰਕਾਰੀ ਨੁਮਾਇੰਦੇ ਨੂੰ ਗੁਰਦੁਆਰਾ ਪ੍ਰਬੰਧ ਵਿਚ ਮਨਜ਼ੂਰ ਨਹੀਂ ਕੀਤਾ ਜਾਏਗਾ। ਇਸ ਦੌਰਾਨ ਮਹਾਤਮਾ ਗਾਂਧੀ ਨੇ ਆਪਣੀ ਰਾਏ ਦਿੱਤੀ ਕਿ ਪੰਥ ਨੂੰ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਇਹ ਮੋਰਚਾ ਰੋਕ ਕੇ ਕੇਵਲ ਮੁਲਕ ਦੀ ਅਜ਼ਾਦੀ ਦੀ ਲੜਾਈ ਲੜਨੀ ਚਾਹੀਦੀ ਹੈ। ਜਦੋਂ ਮੁਲਕ ਅਜ਼ਾਦ ਹੋ ਗਿਆ ਤਾਂ ਗੁਰਦੁਆਰੇ ਆਪਣੇ ਆਪ ਹੀ ਅਜ਼ਾਦ ਹੋ ਜਾਣਗੇ। ਪਰ ਗੁਰੂ ਕਿਰਪਾ ਸਦਕਾ ਸਿੱਖ ਇਸ ਜਾਲ ਵਿਚ ਨਾ ਫ਼ਸੇ। ਆਖ਼ਰ ਅੰਗਰੇਜ਼ਾਂ ਨੇ ੧੯੨੫ ਈ. ਵਿਚ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਹਵਾਲੇ ਕਰ ਕੇ ਇਸ ਵਿਚ ਦਖ਼ਲ-ਅੰਦਾਜ਼ੀ ਤੋਂ ਪੂਰੀ ਤਰ੍ਹਾਂ ਤੌਬਾ ਕਰ ਲਈ। ਇਹ ਸਹੀ ਹੈ ਕਿ ੧੯੨੫ ਤੋਂ ੧੯੪੭ ਈ. ਤਕ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਵਿਚ ਕੋਈ ਦਖ਼ਲ ਨਾ ਦਿੱਤਾ। ਪਰ ਦੇਸ਼ ਦੀ ਵੰਡ ਹੋਣ ਸਾਰ ਹੀ ਸਰਕਾਰ ਨੇ ਲਗਾਤਾਰ ਹਰ

ਹੀਲੇ ਅਤੇ ਢੰਗ ਤਰੀਕੇ ਵਰਤ ਕੇ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਦੀ ਨੀਤੀ ਅਤੇ ਕੋਸ਼ਿਸ਼ ਜਾਰੀ ਰੱਖੀ। ਇਸ ਦੌਰਾਨ ਨਹਿਰੂ-ਤਾਰਾ ਸਿੰਘ ਪੈਕਟ ਵੀ ਹੋਇਆ ਜਿਸ ਰਾਹੀਂ ਸਰਕਾਰ ਨੇ ਅੱਗੇ ਤੋਂ ਗੁਰਦੁਆਰਿਆਂ ਵਿਚ ਦਖ਼ਲ ਨਾ ਦੇਣ ਦਾ ਸਮਝੌਤਾ ਕੀਤਾ। ਪਰ ਬਾਅਦ ਵਿਚ ਕਦੀ ਗੁਰਦੁਆਰਾ ਐਕਟ ਵਿਚ ਤਰਮੀਮਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ 'ਤੇ ਕਬਜ਼ਾ, ਹਰਿਆਣਾ, ਦਿੱਲੀ ਆਦਿ ਥਾਵਾਂ 'ਤੇ ਗੁਰਦੁਆਰਿਆਂ ਵਿਚ ਦਖ਼ਲ-ਅੰਦਾਜ਼ੀ ਦੇ ਪ੍ਰੋਗਰਾਮ ਨੂੰ ਜਾਰੀ ਰੱਖਿਆ। ਹਾਲਾਂਕਿ ਭਾਰਤ ਦੇ ਸੰਵਿਧਾਨ ਦੀ ਧਾਰਾ ੨੬ ਸਪੱਸ਼ਟ ਤੌਰ 'ਤੇ ਹਰ ਧਰਮ ਨੂੰ ਪੂਰੀ ਤਰ੍ਹਾਂ ਆਪਣੇ ਧਾਰਮਿਕ ਅਦਾਰਿਆਂ ਦੇ ਪ੍ਰਬੰਧ ਦਾ ਸੰਵਿਧਾਨਕ ਅਧਿਕਾਰ ਦਿੰਦੀ ਹੈ। ਕੀ ਘੱਟ ਗਿਣਤੀਆਂ ਦੇ ਅਧਿਕਾਰ ਕਾਗਜ਼ਾਂ ਤਕ ਹੀ ਸੀਮਤ ਹਨ? ਕੀ ਦੇਸ਼ ਦੀ ਵੰਡ ਤੋਂ ਪਹਿਲਾਂ ਕੀਤੇ ਇਕਰਾਰ, ਵਾਅਦੇ ਅਤੇ ਅਹਿਦਨਾਮੇ ਕੇਵਲ ਇਕ ਚੋਗਾ ਹੀ ਸਨ? ਹਰ ਸਰਕਾਰ ਐਲਾਨੀਆ ਤੌਰ 'ਤੇ ਕਹਿੰਦੀ ਤਾਂ ਹੈ ਕਿ ਧਰਮ ਤੇ ਰਾਜਨੀਤੀ ਵੱਖ ਹੋਣੀ ਚਾਹੀਦੀ ਹੈ। ਪਰ ਅਮਲਨ ਤੌਰ 'ਤੇ ਰਾਜਨੀਤੀ ਧਰਮ ਵਿਚ ਦਖ਼ਲ ਦੇਣ ਦੀ ਲਾਲਸਾ ਨੂੰ ਰੋਕ ਨਹੀਂ ਸਕਦੀ ਅਤੇ ਧਾਰਮਿਕ ਵਿਅਕਤੀਆਂ ਵਿਚ ਵੀ ਰਾਜਨੀਤੀ ਦਾ ਵਾਇਰਸ ਕਈ ਵਾਰ ਕੁਰਬੁਲ ਕੁਰਬੁਲ ਕਰਦਾ ਰਹਿੰਦਾ ਹੈ। ਇਹ ਵਰਤਾਰਾ ਨਾ ਤਾਂ ਧਰਮ ਲਈ ਹੀ ਅਤੇ ਨਾ ਹੀ ਰਾਜਨੀਤੀ ਲਈ ਚੰਗਾ ਕਿਹਾ ਜਾ ਸਕਦਾ ਹੈ।

੧੩ ਫਰਵਰੀ, ੧੯੭੭ ਈ. ਨੂੰ ਪਟਨਾ ਸਾਹਿਬ ਵਿਚ ਹੋਈ ਅਹਿਮ ਪੰਥਕ ਕਨਵੈਨਸ਼ਨ ਵਿਚ ਇਹ ਸਪੱਸ਼ਟ ਤੌਰ 'ਤੇ ਗੁਰਮਤਾ ਪਾਸ ਕੀਤਾ ਗਿਆ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧ ਦਾ ਅਧਿਕਾਰ ਕੇਵਲ ਅਤੇ ਕੇਵਲ ਖ਼ਾਲਸਾ ਪੰਥ ਨੂੰ ਹੈ ਅਤੇ ਇਸ ਵਿਚ ਕਿਸੇ ਵੀ ਕਿਸਮ ਦਾ ਸਰਕਾਰੀ ਦਖ਼ਲ ਪ੍ਰਵਾਨ ਨਹੀਂ ਹੋ ਸਕਦਾ। ਇਸ ਕਨਵੈਨਸ਼ਨ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਸਾਧੂ ਸਿੰਘ ਜੀ ਭੌਰਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਾਨ ਸਿੰਘ ਜੀ, ਸੰਤ ਕਰਤਾਰ ਸਿੰਘ ਜੀ ਆਦਿ ਸ਼ਾਮਲ ਹੋਏ ਸਨ।

ਹੁਣ ਹਜ਼ੂਰ ਸਾਹਿਬ ਵਿਚ ਵਰਤੇ ਇਸ ਸਰਕਾਰੀ ਦਖ਼ਲ-ਅੰਦਾਜ਼ੀ ਨੂੰ ਇਰਾਦੇ ਦੀ ਦ੍ਰਿੜ੍ਹਤਾ ਅਤੇ ਪੰਥਕ ਸ਼ਕਤੀ ਨਾਲ ਹੀ ਹੋੜਿਆ ਜਾ ਸਕਦਾ ਹੈ। ਹੁਣ ਕੀਤੀ ਕੁਤਾਹੀ ਆਉਣ ਵਾਲੇ ਸਮੇਂ ਲਈ ਪੰਥ ਲਈ ਘਾਤਕ ਹੋ ਨਿਬੜੇਗੀ। ਇਸ ਦੇ ਨਾਲ ਹੀ ਜਿਹੜੇ ਸਰਕਾਰੀ ਨੁਮਾਇੰਦੇ ਸਰਕਾਰੀ ਕੁਹਾੜੇ ਦਾ ਦਸਤਾ ਬਣਦੇ ਹਨ ਉਨ੍ਹਾਂ ਨੂੰ ਵੀ ਸਿੱਖੀ ਫ਼ਰਜ਼ ਪ੍ਰਤੀ ਵਫ਼ਾਦਾਰੀ ਨੂੰ ਚੇਤੇ ਰੱਖਣ ਦੀ ਲੋੜ ਹੈ। ਦੂਸਰੇ ਪਾਸੇ ਜਿਹੜੇ ਇਹ ਆਸ ਕਰਦੇ ਹਨ ਕਿ ਜਿਹੜੀਆਂ ਸਰਕਾਰਾਂ ਗੁਰਦੁਆਰਿਆਂ ਵਿਚ ਦਖ਼ਲ ਕਰਦੀਆਂ ਹਨ ਉਨ੍ਹਾਂ ਦੀ ਮਿੰਨਤ ਮੁਥਾਜੀ ਕਰ ਕੇ ਕੁਝ ਹਾਸਲ ਕੀਤਾ ਜਾ ਸਕਦਾ ਹੈ, ਉਨ੍ਹਾਂ ਬਾਰੇ ਮੀਰ ਤਕੀ ਮੀਰ ਦਾ ਇਕ ਸ਼ੇਅਰ ਬੜਾ ਹੀ ਮਾਕੂਲ ਹੈ-*ਕਿਤਨੇ ਸਾਦਾ ਹੈਂ ਮੀਰ, ਬੀਮਾਰ ਹੁਏ ਜਿਸਕੇ ਸਬੱਬ, ਉਸੀ ਅੱਤਾਰ ਕੇ ਲੌਂਡੇ ਸੇ ਦਵਾ ਲੇਤੇ ਹੈਂ!*

■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਾਂ ਤੇ ਮੁਲਾਜ਼ਮਾਂ ਦੇ ਕਾਰਜਾਂ ਦੀ ਪੜਚੋਲ

*-ਸ. ਮਨਪ੍ਰੀਤ ਸਿੰਘ ਬਾਜ**

ਕਈ ਦਹਾਕਿਆਂ ਤੋਂ ਮਨੋਵਿਗਿਆਨਕ ਹਮਲਿਆਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਤੇ ਮੁਲਾਜ਼ਮਾਂ ਦੇ ਵਿਰੁੱਧ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਜੋ ਸਿੱਖ ਕੌਮ ਆਪਣੇ ਹੱਥੀਂ ਆਪਣੀ ਮਹਾਨ ਸੰਸਥਾ ਦਾ ਖ਼ਾਤਮਾ ਕਰ ਦੇਵੇ। ਕੁਝ ਕੁ ਮੁਲਾਜ਼ਮਾਂ ਦੀ ਗ਼ਲਤੀ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਤੇ ਸਮੁੱਚੇ ਮੁਲਾਜ਼ਮਾਂ ਖ਼ਿਲਾਫ ਵਿਰੋਧੀਆਂ ਵੱਲੋਂ ਫੈਲਾਏ ਜਾ ਰਹੇ ਭਰਮ-ਭੁਲੇਖਿਆਂ ਤੋਂ ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ। ਕਿਉਂਕਿ, ਇਹ ਸੰਸਥਾ ਸਿੱਖ ਕੌਮ ਦੀ ਧਾਰਮਿਕ ਨੁਮਾਇੰਦਗੀ ਕਰਦੀ ਹੈ ਅਤੇ ਇਸ ਸੰਸਥਾ ਰਾਹੀਂ ਸਿੱਖ ਕੌਮ ਅਜ਼ਾਦ ਰੂਪ ਵਿਚ ਆਪਣੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਕਰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਤੇ ਮੁਲਾਜ਼ਮਾਂ ਦੇ ਕਾਰਜ ਖੇਤਰਾਂ ਬਾਰੇ ਚਾਨਣਾ ਪਾਉਂਦੇ ਕੁਝ ਮੁੱਢਲੇ ਤੱਥ ਵਿਚਾਰਨਯੋਗ ਹਨ ਤਾਂ ਜੋ ਸਮੁੱਚੀ ਸਿੱਖ ਕੌਮ ਦੇ ਸਮੂਹਿਕ ਹਿਤਾਂ ਦੀ ਸਹੀ ਅਰਥਾਂ ਵਿਚ ਪੈਰਵਾਈ ਹੋ ਸਕੇ, ਜਿਹੜੇ ਕੌਮੀ ਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਵੀ ਆਧਾਰ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਈ ਦਹਾਕਿਆਂ ਤੋਂ ਜਿੱਥੇ ਮਹੀਨਾਵਾਰ ਹਿਸਾਬ-ਕਿਤਾਬ ਦੇ ਚਿੱਠੇ ਛਾਪੇ ਜਾਂਦੇ ਹਨ, ਉੱਥੇ ਹੀ ਸਾਲਾਨਾ ਬਜਟ ਵੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਜੋ ਇਸ ਗੱਲ ਦਾ ਸਬੂਤ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮਦਨ-ਖਰਚ ਵਿਚ ਪਾਰਦਰਸ਼ਤਾ ਹੈ। ਪਰੰਤੂ ਫਿਰ ਵੀ ਵਿਰੋਧੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਿਸਾਬ-ਕਿਤਾਬ ਵਿਰੁੱਧ ਇਹ ਭਰਮ ਫੈਲਾਇਆ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਬਜਟ ਦੇ ਬਰਾਬਰ ਹੁੰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕੁਝ ਪੜ੍ਹੇ-ਲਿਖੇ ਸਿੱਖ ਵੀ ਇਸ ਝੂਠ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਜਦਕਿ ਸੱਚ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲ ੨੦੨੩-੨੪ ਦਾ ਬਜਟ ਕਰੀਬ ੧,੧੩੮/- ਕਰੋੜ ਸੀ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਦਾ ਬਜਟ ਕਰੀਬ ੧,੯੬,੦੦੦/- ਕਰੋੜ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਆਮਦਨ ਦਾ ਸਰੋਤ ਬੈਂਕਾਂ ਦਾ ਵਿਆਜ, ਜ਼ਮੀਨਾਂ ਦੇ ਠੇਕੇ, ਕਿਰਾਏ, ਸੰਗਤ ਅਤੇ ਮੁਲਾਜ਼ਮਾਂ ਵੱਲੋਂ ਸਮਾਜ ਭਲਾਈ ਲਈ ਜਮ੍ਹਾਂ ਕਰਵਾਈ ਜਾਂਦੀ ਮਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ

*ਈ-ਮੇਲ ਪਤਾ: baaz332211@gmail.com ਮੋ.੯੫੩੦੭-੪੪੧੭੭*

ਕਾਰਜਾਂ ਲਈ ਨਿਯਮਾਂ ਅਨੁਸਾਰ ਗੁਰਦੁਆਰਾ ਸਾਹਿਬਾਨ ਦੀ ੨ ਸਾਲ ਪੁਰਾਣੀ ਨਿਰੋਲ/ਅਸਲ ਆਮਦਨ ਵਿੱਚੋਂ ਜਨਰਲ ਬੋਰਡ ਫੰਡ ਲਈ ਦਸਵੰਧ ਫੰਡ (੧੦%), ਵਿੱਦਿਆ ਫੰਡ ਲਈ (੫%) ਲਿਆ ਜਾਂਦਾ ਹੈ। ਵੱਖ-ਵੱਖ ਟਰੱਸਟ ਫੰਡਜ਼ ਲਈ ਨਿਯਮਾਂ ਅਨੁਸਾਰ ੮.੫੦% ਫੰਡਜ਼ ਲਏ ਜਾ ਸਕਦੇ ਹਨ ਪਰੰਤੂ ਗੁਰਦੁਆਰਾ ਸਾਹਿਬਾਨ ਦੀ ਆਮਦਨ ਅਨੁਸਾਰ ਕਰੀਬ ੪.੩੫% ਫੰਡ ਲਏ ਜਾ ਰਹੇ ਹਨ, ਜਿਸ ਵਿਚ- ਸਿੱਖ ਇਤਿਹਾਸ ਫੰਡ (੦.੧੫% ਤੋਂ ੦.੪੦% ਤਕ), ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ (੦.੨੦% ਤੋਂ ੦.੫੦% ਤਕ), ਧਰਮ ਅਰਥ ਫੰਡ (੦.੧੫% ਤੋਂ ੦.੪੦% ਤਕ), ਪੰਥਕ ਭਲਾਈ ਫੰਡ (੦.੦੫% ਤੋਂ ੦.੧੫% ਤਕ), ਭਾਈਚਾਰਕ ਸੁਧਾਰ ਫੰਡ (੦.੦੫% ਤੋਂ ੦.੧੫% ਤਕ), ਸ਼ਹੀਦੀ ਫੰਡ (ਲੋੜ ਅਨੁਸਾਰ ੦.੧੦% ਤੋਂ ੦.੨੫% ਤਕ), ਕੁਦਰਤੀ ਆਫਤਾਂ/ਕੈਂਸਰ ਰਿਲੀਫ ਫੰਡ (ਲੋੜ ਅਨੁਸਾਰ ੦.੧੦% ਤੋਂ ੦.੨੫% ਤਕ) ਲਿਆ ਜਾਂਦਾ ਹੈ। ਇਸਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਆਮਦਨ ਦਾ ਮੁੱਖ ਸਾਧਨ ਨਿਯਮਾਂ ਮੁਤਾਬਕ ਗੁਰਦੁਆਰਾ ਸਾਹਿਬਾਨ ਦੀ ਆਮਦਨ ਅਨੁਸਾਰ ਪ੍ਰਾਪਤ ਕੀਤਾ ਜਾਂਦਾ ੫% ਤੋਂ ੧੫% ਧਾਰਮਿਕ ਫੰਡ ਹੈ। ਇਸ ਤੋਂ ਇਲਾਵਾ ਬੈਂਕ ਖਾਤਿਆਂ ਦੇ ਵਿਆਜ ਦੀ ਆਮਦਨ ਅਤੇ ਨਾ-ਮਾਤਰ ਪ੍ਰਚਾਰ ਸਹਾਇਤਾ ਅਤੇ ਲਿਟਰੇਚਰ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਹੈ। ਬਾਕੀ ਦੀ ਰਕਮ ਗੁਰਦੁਆਰਾ ਸਾਹਿਬਾਨ ਦੇ ਆਪਣੇ ਵੱਖ-ਵੱਖ ਕਾਰਜਾਂ ਜਿਵੇਂ ਲੰਗਰਾਂ, ਬਿਜਲੀ ਬਿੱਲਾਂ, ਗੁਰਮਤਿ ਸਮਾਗਮਾਂ, ਮੇਲੇ-ਗੁਰਪੁਰਬਾਂ, ਸਰਾਵਾਂ ਤੇ ਇਮਾਰਤਾਂ ਦੇ ਨਵ-ਨਿਰਮਾਣ/ਮੁਰੰਮਤਾਂ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਆਦਿ ਪੁਰ ਖਰਚ ਕੀਤੀ ਜਾਂਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਪਾਸੋਂ ਲਏ ਗਏ ਫੰਡਾਂ ਰਾਹੀਂ ਤੇ ਸੰਗਤ ਦੇ ਸਹਿਯੋਗ ਨਾਲ ਅਜੋਕੇ ਸਮੇਂ ਕਰੀਬ ੪੮ ਸਕੂਲ, ੩੨ ਕਾਲਜ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਆਦਿ ਵਿੱਦਿਅਕ ਅਦਾਰੇ ਕਾਰਜਸ਼ੀਲ ਹਨ ਅਤੇ ਇਨ੍ਹਾਂ ਅਦਾਰਿਆਂ ਦੇ ਗ਼ਰੀਬ, ਲੋੜਵੰਦ, ਅਨਾਥ, ਵਿਸ਼ੇਸ਼ ਪ੍ਰਾਪਤੀ ਕਰਨ ਵਾਲੇ ਅਤੇ ਚੰਗੇ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਫੀਸਾਂ ਵਿਚ ਛੋਟ/ਮੁਆਫੀ ਦਿੱਤੀ ਜਾਂਦੀ ਹੈ, ਇਨ੍ਹਾਂ ਅਦਾਰਿਆਂ ਦਾ ਖਰਚਾ ਕਰੋੜਾਂ ਰੁਪਏ ਵਿਚ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਵਜ਼ੀਫੇ ਤੇ ਫੀਸਾਂ ਵਿਚ ਛੋਟ/ਮੁਆਫੀ ਦੇਣ ਕਾਰਨ ਅਤੇ ਹੋਰਨਾਂ ਅਦਾਰਿਆਂ ਦੇ ਮੁਕਾਬਲੇ ਨਾ-ਮਾਤਰ ਜਾਂ ਕਾਫੀ ਘੱਟ ਫੀਸਾਂ ਰੱਖਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਿਆਦਾਤਰ ਸਕੂਲ/ਕਾਲਜ ਘਾਟੇ ਵਿਚ ਹਨ, ਜਿਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਕਰੋੜਾਂ ਰੁਪਏ ਦਿੱਤੇ ਜਾਂਦੇ ਹਨ ਤਾਂ ਜੋ ਇਹ ਵਿੱਦਿਅਕ ਅਦਾਰੇ ਸਮਾਜ ਅੰਦਰ ਕਿਫਾਇਤੀ ਦਰਾਂ 'ਤੇ ਸਿੱਖਿਆ ਪ੍ਰਦਾਨ ਕਰਦੇ ਰਹਿਣ। ਇਹ ਵੀ ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਗ੍ਰਾਂਟ-ਇਨ-ਏਡ ਵਿੱਦਿਅਕ ਅਦਾਰਿਆਂ ਦੀਆਂ ਏਡਿਡ ਪੋਸਟਾਂ ਲਈ ਭਰਤੀ ਪੁਰ ਰੋਕ ਲੱਗੀ ਹੋਣ ਕਾਰਨ ਪਿਛਲੇ ਲੰਮੇ

ਸਮੇਂ ਤੋਂ ਇਨ੍ਹਾਂ ਪੋਸਟਾਂ ਲਈ ਪ੍ਰਬੰਧ ਕਰਨ ਦਾ ਖਰਚਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਝੱਲਣਾ ਪੈ ਰਿਹਾ ਹੈ।

ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਵੱਖ-ਵੱਖ ਟਰੱਸਟਾਂ ਰਾਹੀਂ ੨ ਕਾਲਜ ਤੇ ੧੧ ਸਕੂਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਸਾਇੰਸ ਯੂਨੀਵਰਸਿਟੀ, ੧ ਨਰਸਿੰਗ ਕਾਲਜ, ੧ ਡੈਂਟਲ ਕਾਲਜ ਤੇ ੨ ਹਸਪਤਾਲ, ਤਰਨ ਤਾਰਨ ਸਾਹਿਬ ਵਿਖੇ ੧ ਹਸਪਤਾਲ ਅਤੇ ਹਰਿਆਣਾ ਵਿਖੇ ੧ ਮੈਡੀਕਲ ਕਾਲਜ ਤੇ ੧ ਹਸਪਤਾਲ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਵੱਖ-ਵੱਖ ਥਾਈਂ ੨੧ ਡਿਸਪੈਂਸਰੀਆਂ ਵਿਚ ਮੁਫਤ ਮੈਡੀਕਲ ਸੇਵਾਵਾਂ ਜਾਰੀ ਹਨ।

ਗੁਰਮਤਿ ਸਾਹਿਤ ਪ੍ਰਕਾਸ਼ਿਤ ਕਰਨ ਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ, ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ (ਅੰਬਾਲਾ) ਚਲਾਏ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਪ੍ਰੈਸਾਂ ਰਾਹੀਂ ਧਾਰਮਿਕ ਸਾਹਿਤ ਛਾਪ ਕੇ ਬਹੁਤ ਹੀ ਘੱਟ ਕੀਮਤਾਂ 'ਤੇ ਸੰਗਤਾਂ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਨਾਲ ਹੀ ਵੱਡੀ ਗਿਣਤੀ ਵਿਚ ਭੇਟਾ ਰਹਿਤ ਸਾਹਿਤ ਛਾਪ ਕੇ ਵੰਡਿਆ ਜਾਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਵਿਸ਼ਾਲ ਪੰਥਕ ਕਾਰਜ ਕੀਤੇ ਜਾਂਦੇ ਹਨ ਜਿਵੇਂ ਕਿ- ਧਾਰਮਿਕ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ ਬਹਾਦਰਗੜ੍ਹ (ਪਟਿਆਲਾ) ਤੇ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ (ਬਠਿੰਡਾ) ਸਮੇਤ ਵੱਖ-ਵੱਖ ਸ਼ਹਿਰਾਂ ਵਿਚ ੫ ਸਿੱਖ ਮਿਸ਼ਨਰੀ ਕਾਲਜ, ੭ ਗੁਰਮਤਿ ਵਿਦਿਆਲੇ, ੩ ਗੁਰਮਤਿ ਸੰਗੀਤ ਅਕੈਡਮੀਆਂ ਅਤੇ ਪੰਜਾਬ ਤੋਂ ਬਾਹਰ ੧੨ ਸਿੱਖ ਮਿਸ਼ਨ ਚਲਾਏ ਜਾ ਰਹੇ ਹਨ। ਇਸਦੇ ਨਾਲ ਹੀ ਗੂੰਗੇ-ਬੋਲੇ ਬੱਚਿਆਂ ਲਈ ਭਾਈ ਨਗਾਹੀਆ ਜੀ ਖਾਲਸਾ ਪਬਲਿਕ ਸਕੂਲ (ਲੁਧਿਆਣਾ) ਵੀ ਸਥਾਪਤ ਕੀਤਾ ਹੈ। ਇਸ ਤੋਂ ਇਲਾਵਾ ਪਿੰਡ-ਪਿੰਡ ਪਹੁੰਚ ਕੇ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਅਤੇ ਭੋਲੇ-ਭਾਲੇ ਗਰੀਬ ਸਿੱਖਾਂ ਨੂੰ ਲਾਲਚ ਦੇ ਕੇ ਉਨ੍ਹਾਂ ਦੇ ਕੀਤੇ ਜਾ ਰਹੇ ਧਰਮ ਪਰਿਵਰਤਨਾਂ ਨੂੰ ਠੱਲ੍ਹ ਪਾਉਣ ਲਈ ਧਰਮ ਪ੍ਰਚਾਰ ਕਮੇਟੀ ਦੇ ਸੈਂਕੜੇ ਪ੍ਰਚਾਰਕ, ਕਵੀਸ਼ਰ ਅਤੇ ਢਾਡੀ ਸਾਹਿਬਾਨ ਵੀ ਕਾਰਜਸ਼ੀਲ਼ ਹਨ।

ਇਸਦੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫੇ, ਸਿਕਲੀਗਰ ਵਣਜਾਰੇ ਸਿੱਖ ਵਿਦਿਆਰਥੀਆਂ ਲਈ ਵਜ਼ੀਫੇ, ਐਮ.ਏ. ਧਰਮ ਅਧਿਐਨ ਲਈ ਸਕਾਲਰਸ਼ਿਪ, ਬੇਬੇ ਨਾਨਕੀ ਫ੍ਰੀ-ਵਿੱਦਿਆ ਯੋਜਨਾ ਤਹਿਤ ਅੰਮ੍ਰਿਤਧਾਰੀ ਬੱਚੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਅਤੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਮੁਫਤ ਵਿਦਿਆ, ਬੱਚਿਆਂ ਲਈ ਗੁਰਮਤਿ ਸਿਖਲਾਈ ਕੈਂਪ, ਧਾਰਮਿਕ ਪ੍ਰੀਖਿਆ, ਧਾਰਮਿਕ ਮੁਕਾਬਲੇ, ਪੱਤਰ-ਵਿਹਾਰ ਕੋਰਸ,

ਅੰਮ੍ਰਿਤ-ਸੰਚਾਰ ਤੇ ਭੇਟਾ-ਰਹਿਤ ਕਕਾਰ, ਭੇਟਾ-ਰਹਿਤ ਧਾਰਮਿਕ ਲਿਟਰੇਚਰ, ਭੇਟਾ ਰਹਿਤ ਕੀਰਤਨੀ ਸਾਜ਼, ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਤੇ 'ਗੁਰਮਤਿ ਗਿਆਨ', ਧਰਮ ਪ੍ਰਚਾਰ ਲਹਿਰ ਤਹਿਤ ਗੁਰਮਤਿ ਸਮਾਗਮ, ਧਾਰਮਿਕ ਦੀਵਾਨ, ਮੇਲੇ, ਸ਼ਤਾਬਦੀਆਂ, ਇਤਿਹਾਸਿਕ ਗੁਰਦੁਆਰਾ ਸਾਹਿਬਾਨ ਤੇ ਸਮਾਜ-ਸੇਵੀ ਸੰਸਥਾਵਾਂ ਨੂੰ ਵੱਖ-ਵੱਖ ਰੂਪ ਵਿਚ ਸਹਾਇਤਾ ਆਦਿ ਦੇ ਵਿਸ਼ਾਲ ਕਾਰਜ ਕੀਤੇ ਜਾਂਦੇ ਹਨ। ਨਿਰੰਤਰ ਜਾਰੀ ਰਹਿਣ ਵਾਲੇ ਇਨ੍ਹਾਂ ਵਿਸ਼ਾਲ ਕਾਰਜਾਂ ਦਾ ਖਰਚਾ ਕਰੋੜਾਂ ਰੁਪਏ ਵਿਚ ਹੈ।

ਉਕਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਈ ਰੂਪ ਵਿਚ ਚੱਲਣ ਵਾਲੇ ਮੁੱਖ ਕਾਰਜਾਂ ਦਾ ਮੋਟਾ-ਮੋਟਾ ਵੇਰਵਾ ਹੈ ਪਰੰਤੂ ਇਨ੍ਹਾਂ ਤੋਂ ਇਲਾਵਾ ਸਮੇਂ-ਸਮੇਂ ਸਾਹਮਣੇ ਆਉਣ ਵਾਲੇ ਹੋਰ ਵੀ ਅਨੇਕਾਂ ਕਾਰਜਾਂ-ਸਮਾਗਮਾਂ ਉਪਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਡੇ ਖਰਚੇ ਕਰਨੇ ਪੈਂਦੇ ਹਨ। ਇਸਦੇ ਨਾਲ ਹੀ ਜਿੱਥੇ ਕੁਦਰਤੀ ਆਫਤਾਂ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ, ਦਵਾਈਆਂ ਤੇ ਕੱਪੜੇ ਆਦਿ ਪੀੜ੍ਹਤ ਲੋਕਾਂ ਤੀਕ ਪਹੁੰਚਾਏ ਜਾਂਦੇ ਹਨ, ਉੱਥੇ ਹੀ ਪ੍ਰਭਾਵਿਤ ਲੋਕਾਂ ਲਈ ਆਵਾਜਾਈ ਦੇ ਸਾਧਨਾਂ ਦਾ ਪ੍ਰਬੰਧ ਅਤੇ ਮੁੜ-ਵਸੇਬਾ ਕਰਨ ਆਦਿ ਲਈ ਸਹਾਇਤਾ ਵੀ ਭੇਜੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਕਾਰਜਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਲਾਜ਼ਮ ਖ਼ੁਦ ਪਹੁੰਚ ਕੇ ਹੱਥੀਂ-ਸੇਵਾਵਾਂ ਨਿਭਾਉਂਦੇ ਹਨ ਅਤੇ ਆਪਣੀਆਂ ਤਨਖਾਹਾਂ ਵਿੱਚੋਂ ਵੀ ਯੋਗਦਾਨ ਪਾਉਂਦੇ ਹਨ।

ਉਕਤ ਵਿਸਥਾਰ ਦੇਣ ਤੋਂ ਭਾਵ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਵਪਾਰਕ ਕਾਰਜ ਨਹੀਂ ਕਰਦੀ, ਬਲਕਿ ਜੋ ਵਿਸ਼ਾਲ ਧਾਰਮਿਕ ਤੇ ਲੋਕ ਭਲਾਈ ਦੇ ਕਾਰਜ ਪਿਛਲੇ ਕਈ ਦਹਾਕਿਆਂ ਤੋਂ ਲਗਾਤਾਰ ਕੀਤੇ ਜਾ ਰਹੇ ਹਨ ਉਹ ਮੁੱਖ ਰੂਪ ਵਿਚ ਗੁਰਦੁਆਰਾ ਸਾਹਿਬਾਨ ਵੱਲੋਂ ਦਿੱਤੇ ਜਾਂਦੇ ਨੀਯਤ ਫੰਡਾਂ ਰਾਹੀਂ ਸੰਗਤ ਦੇ ਸਹਿਯੋਗ ਨਾਲ ਚੱਲ ਰਹੇ ਹਨ। ਪਰੰਤੂ ਫਿਰ ਵੀ ਕੁਝ ਵਿਰੋਧੀਆਂ ਵੱਲੋਂ ਭੰਡੀ ਪ੍ਰਚਾਰ ਤਹਿਤ ਗੁਰਦੁਆਰਾ ਸਾਹਿਬਾਨ ਅੰਦਰ ਗੋਲਕ/ਦਸਵੰਧ ਦੀ ਵਿਵਸਥਾ ਵਿਰੁੱਧ ਕੂੜ-ਪ੍ਰਚਾਰ ਕਰ ਕੇ ਸਿੱਖੀ ਸਿਧਾਂਤਾਂ ਉੱਪਰ ਗਹਿਰਾ ਹਮਲਾ ਕੀਤਾ ਜਾਂਦਾ ਹੈ, ਜਿਸ ਤੋਂ ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ।

ਇੱਕ ਵਾਰ ਜ਼ਿਹਨ ਵਿਚ ਲਿਆ ਕੇ ਦੇਖੋ ਕਿ ਜੇਕਰ ਗੁਰਦੁਆਰਾ ਸਾਹਿਬਾਨ ਵਿੱਚੋਂ ਗੋਲਕ/ਦਸਵੰਧ ਦੀ ਵਿਵਸਥਾ ਖਤਮ ਕਰ ਦਿੱਤੀ ਜਾਵੇ ਅਤੇ ਨਤੀਜੇ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾਂਦੇ ਸਿੱਖਾਂ ਲਈ ਉਕਤ ਮੁੱਢਲੇ ਤੇ ਵਿਸ਼ਾਲ ਧਾਰਮਿਕ ਤੇ ਲੋਕ ਭਲਾਈ ਕਾਰਜ ਬੰਦ ਹੋ ਜਾਣ, ਤਾਂ ਫਿਰ ਲੱਖਾਂ ਦੀ ਗਿਣਤੀ ਵਿਚ ਸੰਗਤ ਦੇ ਪ੍ਰਭਾਵਿਤ ਹੋ ਜਾਣ ਨਾਲ ਪੈਦਾ ਹੋਣ ਵਾਲੇ ਹਾਲਾਤਾਂ ਤੋਂ ਸਿੱਖ ਕੌਮ ਕਿਵੇਂ ਉੱਭਰ ਸਕੇਗੀ? ਕੀ ਕੋਈ ਹੋਰ ਸੰਸਥਾ ਜਾਂ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਖਾਲੀ ਥਾਂ ਭਰ ਸਕਦੀ ਹੈ? ਜਾਂ ਸਿੱਖ ਕੌਮ ਦੇ ਇੰਨੇ ਵਿਸ਼ਾਲ ਕਾਰਜਾਂ ਦੀ ਜ਼ਿੰਮੇਵਾਰੀ ਚੁੱਕ ਸਕਦੀ ਹੈ? ਸੁਹਿਰਦਤਾ ਨਾਲ ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ 'ਤੇ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਹਿਮੀਅਤ ਸਮਝ ਆ ਸਕਦੀ ਹੈ।

ਦੂਜੇ ਸ਼ਬਦਾਂ ਵਿਚ ਇਹ ਵੀ ਕਹਿਣਾ ਅਤਿ-ਕਥਨੀ ਨਹੀਂ ਹੋਵੇਗਾ ਕਿ ਜੋ ਲੋਕ-ਭਲਾਈ ਦੇ ਕਾਰਜ ਕਰਨੇ ਕੇਵਲ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ, ਅਜਿਹੇ ਜ਼ਿਕਰਯੋਗ ਕਾਰਜਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤੀ ਸੇਵਾਵਾਂ ਵਜੋਂ ਨਿਭਾਅ ਰਹੀ ਹੈ। ਫਿਰ ਵੀ ਕੁਝ ਰਾਜਨੀਤਕ ਲੋਕਾਂ ਵੱਲੋਂ ਦਸਵੰਧ/ਗੋਲਕ ਦੀ ਵਿਵਸਥਾ ਉਪਰ ਕਿੰਤੂ ਕਰਨਾ ਲੋਕ ਭਲਾਈ ਸੋਚ ਤੋਂ ਹਟ ਕੇ ਨਿਰੋਲ ਰਾਜਨੀਤਕ ਤੇ ਨਿੱਜੀ ਸੁਆਰਥਾਂ ਦੀ ਉਪਜ ਹੈ। ਜਦਕਿ ਚਾਹੀਦਾ ਤਾਂ ਇਹ ਸੀ ਕਿ ਵਿਸ਼ਾਲ ਲੋਕ-ਭਲਾਈ ਕਾਰਜਾਂ ਬਦਲੇ ਸਰਕਾਰਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ ਜਾਂਦੀ ਅਤੇ ਵੱਧ-ਚੜ੍ਹ ਕੇ ਸਹਿਯੋਗ ਕੀਤਾ ਜਾਂਦਾ, ਪਰੰਤੂ ਹੁੰਦਾ ਇਸਦੇ ਉਲਟ ਹੈ। ਸੋ ਇਸਨੂੰ ਰਾਜਨੀਤੀ ਦੀ ਗੰਦੀ ਖੇਡ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਵੇ? ਉਦਾਹਰਨ ਵਜੋਂ ਕੋਵਿਡ ਮਹਾਮਾਰੀ ਅਤੇ ਹੋਰ ਮੁਸੀਬਤਾਂ ਸਮੇਂ ਜਦੋਂ ਬਾਹਰਲੇ ਮੁਲਕਾਂ ਵਿਚ ਸਿੱਖ ਗੁਰਦੁਆਰਾ ਸਾਹਿਬਾਨ ਰਾਹੀਂ ਸਿੱਖਾਂ ਨੇ ਲੰਗਰ ਤੇ ਹੋਰ ਮੁੱਢਲੀ ਸਹਾਇਤਾ ਲਈ ਸੇਵਾਵਾਂ ਨਿਭਾਈਆਂ ਤਾਂ ਉਥੋਂ ਦੀਆਂ ਸਰਕਾਰਾਂ ਅਤੇ ਜਨਤਾ ਨੇ ਸਿੱਖ ਕੌਮ ਦਾ ਸਨਮਾਨ ਤੇ ਸ਼ਲਾਘਾ ਕੀਤੀ ਸੀ ਅਤੇ ਸਮੇਂ-ਸਮੇਂ ਸੇਵਾਵਾਂ ਦੀ ਸ਼ਲਾਘਾ ਕਰਦੇ ਰਹਿੰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਦੀ ਇਹ ਕਮਜ਼ੋਰੀ ਸੀ ਕਿ ਉਹ ਉਕਤ ਧਾਰਮਿਕ ਤੇ ਲੋਕ ਭਲਾਈ ਕਾਰਜਾਂ ਲਈ ਕਰੋੜਾਂ-ਅਰਬਾਂ ਰੁਪਏ ਖਰਚ ਕਰ ਕੇ ਵੀ ਕੇਵਲ ਮਸ਼ਹੂਰੀਆਂ ਉੱਪਰ ਜ਼ਿਆਦਾ ਪੈਸੇ ਨਹੀਂ ਖਰਚ ਸਕੇ। ਇਸ ਪਿੱਛੇ ਵੱਡਾ ਕਾਰਨ ਇਹ ਸੀ ਕਿ ਪ੍ਰਬੰਧਕਾਂ ਵੱਲੋਂ ਕਾਰਜਾਂ ਦੀਆਂ ਮਸ਼ਹੂਰੀਆਂ ਉੱਪਰ ਮਾਇਆ ਖਰਚਣ ਦੀ ਬਜਾਇ ਕੇਵਲ ਕੌਮੀ ਕਾਰਜਾਂ ਲਈ ਖਰਚਾ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਸੀ। ਪ੍ਰਬੰਧਕਾਂ ਦੀ ਸੋਚ ਭਾਵੇਂ ਸਹੀ ਸੀ, ਪਰੰਤੂ ਵਿਰੋਧੀਆਂ ਨੇ ਇਸਦਾ ਵੱਡਾ ਲਾਭ ਉਠਾਇਆ ਅਤੇ ਇਹ ਭੰਡੀ-ਪ੍ਰਚਾਰ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋਕ ਭਲਾਈ ਦੇ ਕਾਰਜ ਆਪਣੀ ਸਮਰੱਥਾ ਤੋਂ ਘੱਟ ਕੀਤੇ ਜਾਂਦੇ ਹਨ, ਜਿਸਦੇ ਪ੍ਰਭਾਵ ਅਧੀਨ ਕੁਝ ਪੜ੍ਹੇ-ਲਿਖੇ ਸਿੱਖ ਵੀ ਪ੍ਰਭਾਵਿਤ ਹੋਣ ਲੱਗ ਗਏ। ਜਿਸ ਨਾਲ ਸਿੱਖ ਸਮਾਜ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸਦੇ ਮੁਲਾਜ਼ਮਾਂ ਪ੍ਰਤੀ ਬਹੁਤ ਵੱਡੇ ਭਰਮ-ਭੁਲੇਖਿਆਂ ਦਾ ਪਸਾਰਾ ਹੋਣ ਲੱਗ ਪਿਆ। ਸਮੇਂ ਦੀ ਮੰਗ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਕਾਰਜਾਂ ਦਾ ਪ੍ਰਚਾਰ ਕਰਨ ਲਈ ਸੰਨ ੨੦੨੦ ਵਿਚ ਆਈ.ਟੀ. ਵਿੰਗ ਵਿਭਾਗ ਲਈ ਮੁਲਾਜ਼ਮ ਭਰਤੀ ਕਰਨੇ ਪਏ, ਭਾਵ ਲੱਖਾਂ ਰੁਪਏ ਖਰਚ ਕਰਨੇ ਪਏ, ਤਾਂ ਜੋ ਸੋਸ਼ਲ ਮੀਡੀਆ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਤੋਂ ਸਮੂਹ ਸੰਗਤ ਨੂੰ ਜਾਣੂੰ ਕਰਵਾਇਆ ਜਾ ਸਕੇ।

ਅਕਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਹੋਣ ਦੀਆਂ ਗੱਲਾਂ ਨਾਲ ਵਿਰੋਧੀਆਂ ਵੱਲੋਂ ਧਾਰਮਿਕ ਭਾਵਨਾਵਾਂ ਦੀ ਸਿਆਸਤ ਖੇਡਣ

ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਸ ਬਾਰੇ ਸਮਝਣਾ ਬੇਹੱਦ ਜ਼ਰੂਰੀ ਹੈ ਤਾਂ ਜੋ ਸਿੱਖਾਂ ਅੰਦਰ ਪੈਦਾ ਕੀਤੀ ਗਈ ਉਲਝਣ ਨੂੰ ਸੁਲਝਾਇਆ ਜਾ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਭਾਰਤ ਸਰਕਾਰ ਵੱਲੋਂ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਚੋਣਾਂ ਵਿਚ ਵੋਟ ਪਾਉਣ ਦਾ ਅਧਿਕਾਰ ਕੇਵਲ ਅੰਮ੍ਰਿਤਧਾਰੀ ਅਤੇ ਸਾਬਤ-ਸੂਰਤ ਸਿੱਖ (ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ) ਨੂੰ ਹੁੰਦਾ ਹੈ। ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਕੇਵਲ ਸਿੱਖਾਂ ਵੱਲੋਂ ਵੋਟਾਂ ਪਾਈਆਂ ਜਾਂਦੀਆਂ ਹਨ, ਨਾ ਕਿ ਕਿਸੇ ਹੋਰ ਧਰਮ ਦੇ ਲੋਕਾਂ ਵੱਲੋਂ। ਪਿਛਲੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਟਿਕਟ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤੇ ਹੋਏ ਬਹੁਮਤ ਵਾਲੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਚਲਾ ਰਹੇ ਹਨ। ਸਿੱਖ ਸੰਗਤ ਵੱਲੋਂ ਚੁਣੇ ਗਏ ਇਹ ਮੈਂਬਰ, ਸ਼੍ਰੋਮਣੀ ਅਕਾਲੀ ਦਲ ਪਾਰਟੀ ਨਾਲ ਸੰਬੰਧਿਤ ਹੋਣ ਕਾਰਨ ਇਨ੍ਹਾਂ ਮੈਂਬਰਾਂ ਵੱਲੋਂ ਸਾਂਝੀ ਰਾਇ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਪ੍ਰਧਾਨ ਐਲਾਨਣ ਦੇ ਅਧਿਕਾਰ ਦੇ ਦਿੱਤੇ ਜਾਂਦੇ ਹਨ, ਤਾਂ ਜੋ ਚਲੰਤ ਹਾਲਾਤਾਂ ਦੇ ਮੱਦੇਨਜ਼ਰ ਕਿਸੇ ਯੋਗ ਮੈਂਬਰ ਨੂੰ ਪ੍ਰਧਾਨਗੀ ਦੀ ਸੇਵਾ ਕਰਨ ਦਾ ਮੌਕਾ ਮਿਲੇ ਅਤੇ ਪ੍ਰਧਾਨਗੀ ਪਦ ਲਈ ਕਿਸੇ ਤਰ੍ਹਾਂ ਦਾ ਝਗੜਾ ਪੈਦਾ ਨਾ ਹੋ ਸਕੇ ਅਤੇ ਅਨੁਸ਼ਾਸਨ ਕਾਇਮ ਰੱਖਿਆ ਜਾ ਸਕੇ। ਇਹ ਕੋਈ ਗ਼ੈਰ-ਕਾਨੂੰਨੀ ਕਾਰਵਾਈ ਨਹੀਂ ਹੈ। ਏਨੀ ਸਪੱਸ਼ਟ ਪ੍ਰਕਿਰਿਆ ਨੂੰ ਸਾਜ਼ਿਸ਼ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਕਬਜ਼ਾ ਕਰਨ ਨਾਲ ਜੋੜ ਦਿੱਤਾ ਗਿਆ ਤਾਂ ਜੋ ਸਿੱਖਾਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਨਫਰਤ ਫੈਲਾਈ ਜਾ ਸਕੇ। ਵਿਚਾਰਨਯੋਗ ਹੈ ਕਿ ਜੇਕਰ ਵੋਟਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਕੋਈ ਵੀ ਧਿਰ ਪ੍ਰਾਪਤ ਕਰ ਸਕਦੀ ਹੈ ਤਾਂ ਸਿੱਖਾਂ ਨੂੰ ਭਰਾ-ਮਾਰੂ ਜੰਗ ਲਈ ਕਿਸ ਸਾਜ਼ਿਸ਼ ਤਹਿਤ ਉਕਸਾਇਆ ਜਾਂਦਾ ਹੈ? ਇਹ ਗੱਲ ਵੀ ਕਹੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਾਵਾਂ ਵਿਚ ਆਮ ਸੰਗਤ ਨੂੰ ਕਮਰਾ ਨਹੀਂ ਮਿਲਦਾ ਬਲਕਿ ਫ਼ੋਨਾਂ ਰਾਹੀਂ ਕਮਰੇ ਦਿੱਤੇ ਜਾਂਦੇ ਹਨ। ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਲਈ ਕੁਝ ਸਰਾਵਾਂ ਦੀ ਬੁਕਿੰਗ ਆਨਲਾਈਨ ਕੀਤੀ ਜਾ ਚੁੱਕੀ ਹੈ। ਪਰੰਤੂ ਕੁਝ ਗੱਲਾਂ ਵਿਚਾਰਨਯੋਗ ਹਨ ਜਿਵੇਂ ਕਿ-

ਪਹਿਲਾ, ਕਿਸੇ ਵੀ ਸੰਸਥਾ ਲਈ ਪ੍ਰਮੁੱਖ ਧਾਰਮਿਕ ਸ਼ਖ਼ਸੀਅਤਾਂ, ਸਮਾਜਿਕ, ਰਾਜਨੀਤਕ ਜਾਂ ਪ੍ਰਸ਼ਾਸਨਿਕ ਲੋਕਾਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ ਲਾਜ਼ਮੀ ਹੁੰਦਾ ਹੈ। ਜੋ ਹੋਰਨਾਂ ਬਾਕੀ ਸੰਸਥਾਵਾਂ ਜੋ ਸਰਾਵਾਂ ਚਲਾ ਰਹੀਆਂ ਹਨ, ਵੱਲੋਂ ਵੀ ਕੀਤਾ ਜਾਂਦਾ ਹੈ, ਪ੍ਰੰਤੂ ਸਵਾਲ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਪਰ ਖੜ੍ਹੇ ਕੀਤੇ ਜਾਂਦੇ ਹਨ।

ਦੂਜਾ, ਜਿਹੜੇ ਕਿਸੇ ਸਿਫਾਰਿਸ਼ ਦੇ ਅਧਾਰਪੁਰ ਕਮਰੇ ਲੈਂਦੇ ਹਨ ਉਹ ਵੀ ਦੂਰ-ਦੁਰਾਡੇ ਤੋਂ ਆਈ ਸੰਗਤ ਹੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਾਂ ਅਕਾਲੀ ਆਗੂ ਨੂੰ ਆਪਣੇ ਇਲਾਕੇ ਤੋਂ ਪੁੱਜੀ ਸੰਗਤ ਦੀ ਰਿਹਾਇਸ਼ ਲਈ ਪ੍ਰਬੰਧ ਕਰਨੇ ਪੈਂਦੇ ਹਨ

ਕਿਉਂ ਜੋ ਕਈ ਸੰਗਤਾਂ ਵੱਲੋਂ ਇਲਾਕੇ ਵਿਚ ਧਾਰਮਿਕ ਅਤੇ ਸਮਾਜਿਕ ਸਰਗਰਮੀਆਂ ਵਿਚ ਸਹਿਯੋਗ ਕਰਨ ਬਦਲੇ ਵਾਸਤੇ ਪਾਏ ਜਾਂਦੇ ਹਨ। ਅਜਿਹੇ ਵਾਸਤੇ ਭਾਵਨਾਤਮਕ ਤੌਰ 'ਤੇ ਕਿਸੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਾਂ ਅਕਾਲੀ ਆਗੂ ਨੂੰ ਰਿਹਾਇਸ਼ ਦਾ ਪ੍ਰਬੰਧ ਕਰਵਾਉਣ ਲਈ ਮਜ਼ਬੂਰ ਕਰ ਸਕਦੇ ਹਨ।

ਚੰਗੇ ਅਤੇ ਮਾੜੇ ਤੱਤ ਹਰ ਧਰਮ, ਸਮਾਜ, ਸੰਸਥਾ, ਦੇਸ਼ ਅਤੇ ਪਰਵਾਰਾਂ ਵਿਚ ਵੀ ਹੁੰਦੇ ਹਨ। ਸਦੀਆਂ ਤੋਂ ਚੰਗਿਆਈ ਅਤੇ ਬੁਰਿਆਈ ਸਮਾਜ ਵਿਚ ਸਮਾਨਾਂਤਰ ਚੱਲਦੀ ਆ ਰਹੀ ਹੈ। ਚੰਗੇ ਅਤੇ ਮਾੜੇ ਦਾ ਨਿਖੇੜਾ ਧਰਮ ਕਰਦਾ ਹੈ, ਤਾਂ ਜੋ ਸਮਾਜਿਕ ਸੁਰੱਖਿਆ ਲਈ ਨਿਯਮ ਬਣਾਏ ਜਾ ਸਕਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਚੰਗੇ ਤੇ ਮਾੜੇ ਮੁਲਾਜ਼ਮਾਂ ਦਾ ਨਿਖੇੜਾ ਕਰਨ ਲਈ ਫਲਾਇੰਗ ਵਿਭਾਗ ਤੇ ਇੰਸਪੈਕਸ਼ਨ ਵਿਭਾਗ ਬਣੇ ਹੋਏ ਹਨ ਜੋ ਨਿਯਮਾਂ ਅਨੁਸਾਰ ਕਾਰਜਸ਼ੀਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਭਰਤੀ ਹੋਏ ਮੁਲਾਜ਼ਮ ਵੀ ਆਮ ਸਿੱਖ ਸੰਗਤ ਦੇ ਘਰਾਂ ਵਿੱਚੋਂ ਹੀ ਆਏ ਹੁੰਦੇ ਹਨ, ਜਿਨ੍ਹਾਂ ਕੋਲੋਂ ਅੰਮ੍ਰਿਤ ਛਕਣ ਦਾ ਸਰਟੀਫਿਕੇਟ ਲੈਣ ਉਪਰੰਤ ਭਰਤੀ ਕੀਤਾ ਜਾਂਦਾ ਹੈ ਅਤੇ ਪੱਕਾ ਕਰਨ ਸਮੇਂ ਗੁਰਬਾਣੀ ਟੈਸਟ ਲਿਆ ਜਾਂਦਾ ਹੈ। ਇਸ ਤਰ੍ਹਾਂ ਭਰਤੀ ਕੀਤੇ ਗਏ ਅੰਮ੍ਰਿਤਧਾਰੀ ਸਿੱਖਾਂ ਵਿੱਚੋਂ ਮੁੱਢਲੀ ਜਾਂਚ ਵਿਚ ਤਾਂ ਸਹੀ ਅਤੇ ਗ਼ਲਤ ਮਨੁੱਖ ਦੀ ਪਛਾਣ ਕਰਨਾ ਕਦਾਚਿਤ ਸੰਭਵ ਨਹੀਂ ਹੋ ਸਕਦਾ। ਉਦਾਹਰਨ ਵਜੋਂ, ਪੁਲਿਸ ਅਤੇ ਫੌਜ ਦੀ ਨੌਕਰੀ ਵਿਚ ਬਹੁਤ ਜ਼ਿਆਦਾ ਡੂੰਘਾਈ ਨਾਲ ਜਾਂਚ-ਪੜਤਾਲ ਕਰਨ ਪਿੱਛੋਂ ਮੁਲਾਜ਼ਮ ਭਰਤੀ ਕੀਤੇ ਜਾਂਦੇ ਹਨ, ਪਰੰਤੂ ਸਮੇਂ-ਸਮੇਂ ਇਨ੍ਹਾਂ ਮਹਿਕਮਿਆਂ ਵਿਚ ਵੀ ਗ਼ਲਤੀਆਂ ਕਰਦੇ ਮੁਲਾਜ਼ਮ ਫੜੇ ਜਾਂਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਗ਼ਲਤੀ ਕਰਨ ਵਾਲੇ ਕੁਝ ਕੁ ਮੁਲਾਜ਼ਮਾਂ ਕਾਰਨ ਸਿੱਖਾਂ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੁੱਚੇ ਪ੍ਰਬੰਧਾਂ ਅਤੇ ਸਮੁੱਚੇ ਮੁਲਾਜ਼ਮਾਂ ਨੂੰ ਗ਼ਲਤ ਕਹਿਣਾ ਕਿਵੇਂ ਜਾਇਜ਼ ਹੋਇਆ?

ਜਦੋਂ ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਮੁਲਾਜ਼ਮ ਗ਼ਲਤੀ ਕਰਦਾ ਹੈ ਤਾਂ ਵਿਰੋਧੀਆਂ ਵੱਲੋਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰੰਤੂ ਸਾਡੇ ਕੁਝ ਸਿੱਖ ਵੀ ਵਿਰੋਧੀਆਂ ਦੇ ਭੰਡੀ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਆਪਣੀ ਮਹਾਨ ਸੰਸਥਾ ਪ੍ਰਤੀ ਗ਼ਲਤ ਤੇ ਅਰਥਹੀਣ ਟਿੱਪਣੀਆਂ ਕਰਨ ਲੱਗ ਜਾਂਦੇ ਹਨ। ਯਾਦ ਰਹੇ ਕਿ ਕੋਈ ਮੁਲਾਜ਼ਮ ਗ਼ਲਤ ਹੋ ਸਕਦਾ ਹੈ ਪਰੰਤੂ ਸਿੱਖਾਂ ਦੀ ਇਹ ਸਿਰਮੌਰ ਸੰਸਥਾ ਗ਼ਲਤ ਨਹੀਂ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਤੀ ਦਾ ਉਦੇਸ਼ ਧਾਰਮਿਕ ਤੌਰ 'ਤੇ ਬਹੁਤ ਮਹਾਨ ਤੇ ਪਵਿੱਤਰ ਹੈ। ਇੱਥੇ ਇਹ ਨੁਕਤਾ ਸਮਝਣ ਦੀ ਲੋੜ ਹੈ ਕਿ- ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਮੁਲਾਜ਼ਮ ਵੱਲੋਂ ਕੀਤੀ ਜਾਂਦੀ ਹੈ ਤਾਂ ਦੋਸ਼ੀ ਮੁਲਾਜ਼ਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਫਲਾਇੰਗ ਵਿਭਾਗ ਅਤੇ ਇੰਸਪੈਕਸ਼ਨ ਵਿਭਾਗਾਂ ਵੱਲੋਂ ਫੜਿਆ ਜਾਂਦਾ ਹੈ, ਨਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਹਰੋਂ ਆ ਕੇ ਕੋਈ ਵਿਅਕਤੀ ਕਿਸੇ ਦੋਸ਼ੀ ਮੁਲਾਜ਼ਮ ਨੂੰ ਫੜਦਾ ਹੈ। ਦੋਸ਼ੀ ਮੁਲਾਜ਼ਮਾਂ ਨੂੰ ਜ਼ੁਰਮਾਨੇ ਵੀ ਪਾਏ

ਜਾਂਦੇ ਹਨ, ਸਸਪੈਂਡ ਵੀ ਕੀਤਾ ਜਾਂਦਾ ਹੈ ਅਤੇ ਕਈਆਂ ਨੂੰ ਨੌਕਰੀ ਤੋਂ ਵੀ ਵਿਹਲੇ ਕਰ ਦਿੱਤਾ ਜਾਂਦਾ ਹੈ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੁੱਚੇ ਮੁਲਾਜ਼ਮ ਹੀ ਬੇਈਮਾਨ ਹਨ ਤਾਂ ਫਿਰ ਫਲਾਇੰਗ ਵਿਭਾਗ ਅਤੇ ਇੰਸਪੈਕਸ਼ਨ ਵਿਭਾਗ ਦੋਸ਼ੀ ਮੁਲਾਜ਼ਮਾਂ ਨੂੰ ਕਿਉਂ ਫੜਦੇ ਹਨ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਆਦੇਸ਼ਾਂ ਅਨੁਸਾਰ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹੇ ਦੋਸ਼ੀ ਮੁਲਾਜ਼ਮਾਂ ਨੂੰ ਜ਼ੁਰਮਾਨੇ, ਸਸਪੈਂਡ ਅਤੇ ਵਿਹਲੇ ਕਿਉਂ ਕਰਦਾ ਹੈ?

ਇੱਥੇ ਇਹ ਮੰਥਨ ਵੀ ਕਰਨਾ ਪਵੇਗਾ ਕਿ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਸੇ ਮੁਲਾਜ਼ਮ ਨੂੰ ਜਾਂਚ/ਪੜਤਾਲ ਉਪਰੰਤ ਦੋਸ਼ੀ ਠਹਿਰਾ ਕੇ ਸਸਪੈਂਡ ਜਾਂ ਵਿਹਲਾ ਕੀਤਾ ਜਾਂਦਾ ਹੈ ਤਾਂ ਉਸ ਦੋਸ਼ੀ ਮੁਲਾਜ਼ਮ ਵੱਲੋਂ ਕਹੀਆਂ ਗੱਲਾਂ ਨੂੰ ਸੋਸ਼ਲ ਮੀਡੀਆ ਜਾਂ ਮੀਡੀਆ ਰਾਹੀਂ ਪ੍ਰਚਾਰਿਆ ਕਿਉਂ ਜਾਂਦਾ ਹੈ? ਕਿਉਂ ਉਸ ਦੋਸ਼ੀ ਨੂੰ ਸੱਚਾ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ? ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਲਈ ਅਜਿਹਾ ਵਰਤਾਰਾ ਸਿਰਜਿਆ ਜਾ ਰਿਹਾ ਹੈ ਕਿ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਦੋਸ਼ੀ ਮੁਲਾਜ਼ਮ ਖ਼ਿਲਾਫ਼ ਕਾਰਵਾਈ ਕਰੇ ਤਾਂ ਵੀ ਸੰਸਥਾ ਦਾ ਵਿਰੋਧ ਕੀਤਾ ਜਾਵੇ ਅਤੇ ਜੇਕਰ ਕਾਰਵਾਈ ਨਾ ਕਰੇ ਤਾਂ ਵੀ ਸੰਸਥਾ ਦਾ ਵਿਰੋਧ ਕੀਤਾ ਜਾਵੇ, ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ-ਹਾਲ ਵਿਰੋਧ ਕਰਨ/ਕਰਵਾਉਣ ਲਈ ਸਿੱਖ-ਵਿਰੋਧੀ ਤਾਕਤਾਂ ਤੱਤਪਰ ਰਹਿੰਦੀਆਂ ਹਨ। ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਕੁਝ ਸਿੱਖ ਅਜਿਹੀਆਂ ਖ਼ਤਰਨਾਕ ਸ਼ਕਤੀਆਂ ਦੇ ਪ੍ਰਭਾਵ ਹੇਠ ਆ ਕੇ ਸਾਜ਼ਿਸ਼ਾਂ ਨੂੰ ਸਮਝਣ ਤੋਂ ਅਸਮਰੱਥ ਕਿਉਂ ਹੋ ਜਾਂਦੇ ਹਨ?

ਸੰਗਤ ਕਦਾਚਿਤ ਇਹ ਨਾ ਸਮਝੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੁੱਚੇ ਮੁਲਾਜ਼ਮਾਂ ਨੂੰ ਇਸ ਮਹਾਨ ਸੰਸਥਾ ਅੰਦਰ ਕੋਈ ਮਾੜੀ ਘਟਨਾ ਵਾਪਰਨ ਕਾਰਨ ਦੁੱਖ ਨਹੀਂ ਪੁੱਜਦਾ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਚਹੁੰ-ਤਰਫੀ ਹਮਲਿਆਂ ਦੇ ਬਾਵਜੂਦ ਵੀ ਇਹ ਸੰਸਥਾ ਜੇਕਰ ਅਜੇ ਤੀਕ ਕਾਇਮ ਹੈ ਤਾਂ ਇਸਦਾ ਕਾਰਨ ਇਸ ਵਿਚ ਸੇਵਾਵਾਂ ਨਿਭਾਅ ਚੁੱਕੇ ਅਤੇ ਨਿਭਾਅ ਰਹੇ ਇਮਾਨਦਾਰ ਗੁਰਸਿੱਖ ਮੁਲਾਜ਼ਮ ਹਨ। ਜਿੰਨੀ ਵੱਡੀ ਗਿਣਤੀ ਵਿਚ ਵਿਰੋਧੀ ਇਸ ਮਹਾਨ ਸੰਸਥਾ ਨੂੰ ਘੇਰੀ ਬੈਠੇ ਹਨ ਜੇਕਰ ਗੁਰਸਿੱਖ ਮੁਲਾਜ਼ਮ ਇੱਥੇ ਨਾ ਹੋਣ ਤਾਂ ਇਸ ਸੰਸਥਾ ਦਾ ਬਹੁਤ ਸਮਾਂ ਪਹਿਲਾਂ ਹੀ ਪਤਨ ਹੋ ਜਾਣਾ ਸੀ ਜਾਂ ਫਿਰ ਸਰਕਾਰੀ ਬੋਰਡ ਬਣ ਚੁੱਕਾ ਹੋਣਾ ਸੀ। ਆਪਣੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਜਾਨਾਂ ਵਾਰਨ ਦੀ ਸੋਚ ਰੱਖਣ ਵਾਲੇ ਮੁਲਾਜ਼ਮਾਂ ਅੰਦਰ ਦੋਸ਼ੀ ਮੁਲਾਜ਼ਮ ਕਾਰਨ ਦੁੱਖ, ਨਿਰਾਸ਼ਾ ਤੇ ਕਰੋਧ ਪੈਦਾ ਹੁੰਦਾ ਹੈ, ਦੋਸ਼ੀ ਮੁਲਾਜ਼ਮ ਨੂੰ ਸੁਹਿਰਦ ਮੁਲਾਜ਼ਮਾਂ ਵੱਲੋਂ ਚੰਗਾ ਨਹੀਂ ਸਮਝਿਆ ਜਾਂਦਾ। ਬਿਨਾਂ ਸ਼ੱਕ ਸਮੁੱਚੀ ਸਿੱਖ ਕੌਮ ਨੂੰ ਦੁੱਖ ਮਹਿਸੂਸ ਹੁੰਦਾ ਹੈ, ਕਿਉਂਕਿ ਕੋਈ ਵੀ ਸੱਚਾ ਸਿੱਖ ਆਪਣੇ ਗੁਰਦੁਆਰਾ ਪ੍ਰਬੰਧਾਂ ਅੰਦਰ ਬੇਈਮਾਨ ਜਾਂ ਧੋਖੇਬਾਜ਼ ਮੁਲਾਜ਼ਮ ਨੂੰ ਬਰਦਾਸ਼ਤ ਨਹੀਂ ਕਰ ਸਕਦਾ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਜੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਕੁਤਾਹੀ ਕਰਨ ਵਾਲੇ ਮੁਲਾਜ਼ਮਾਂ ਵਿਰੁੱਧ ਪਹਿਲਾਂ ਹੀ ਹਮਲਾਵਰ ਰੁਖ਼ ਅਪਣਾਇਆ ਹੋਇਆ ਹੈ, ਜਿਸ ਤਹਿਤ ਜਾਂਚ/ਪੜਤਾਲ ਤੋਂ ਬਾਅਦ ਦੋਸ਼ੀ ਪਾਏ ਜਾਣ ਵਾਲੇ ਮੁਲਾਜ਼ਮ ਨੂੰ ਤੁਰੰਤ ਸਸਪੈਂਡ ਕਰਨ ਅਤੇ ਦੋਸ਼ਾਂ ਅਨੁਸਾਰ ਨੌਕਰੀ ਤੋਂ ਵਿਹਲਾ ਕਰਨ ਦੇ ਸਖ਼ਤ ਆਦੇਸ਼ ਜਾਰੀ ਕੀਤੇ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪਹਿਲਾਂ ਹੀ ਸੀ.ਸੀ.ਟੀ.ਵੀ. ਕੈਮਰੇ ਲਗਾਏ ਹੋਏ ਹਨ ਅਤੇ ਜ਼ਿਆਦਾਤਰ ਦਫਤਰੀ ਕੰਮ-ਕਾਜ ਦਾ ਕੰਪਿਊਟਰੀਕਰਨ ਕੀਤਾ ਹੋਇਆ ਹੈ। ਭਾਵ ਆਧੁਨਿਕ ਤਕਨੀਕਾਂ ਰਾਹੀਂ ਪ੍ਰਬੰਧਾਂ ਵਿਚ ਇਮਾਨਦਾਰੀ ਨੂੰ ਯਕੀਨੀ ਬਣਾਇਆ ਜਾਂਦਾ ਹੈ।

ਪਰੰਤੂ ਫਿਰ ਵੀ, ਦੋਸ਼ੀ ਮੁਲਾਜ਼ਮਾਂ ਦੇ ਕਾਰਨ ਜਿੱਥੇ, ਹੋਰਨਾਂ ਗੁਰੂ-ਸੇਵਕ ਮੁਲਾਜ਼ਮਾਂ ਦੇ ਹਿਰਦਿਆਂ ਨੂੰ ਦੁੱਖ ਪੁੱਜਦਾ ਹੈ ਅਤੇ ਨਮੋਸ਼ੀ ਝੱਲਣੀ ਪੈਂਦੀ ਹੈ, ਉੱਥੇ ਹੀ ਸਿੱਖਾਂ ਦੀ ਮਹਾਨ ਸੰਸਥਾ ਦੇ ਅਕਸ ਨੂੰ ਵੀ ਸੱਟ ਵੱਜਦੀ ਹੈ, ਜੋ ਸੰਗਤਾਂ ਅੰਦਰ ਸ਼ੰਕੇ ਪੈਦਾ ਹੋਣ ਦਾ ਕਾਰਨ ਵੀ 'ਤੇ ਬਣਦਾ ਹੈ।

ਵਿਚਾਰਨਯੋਗ ਹੈ ਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਪੇਸ਼ੇ ਵਜੋਂ ਇੱਕ ਵਕੀਲ ਹਨ। ਉਨ੍ਹਾਂ ਨੇ ਅਨੇਕਾਂ ਬੇਕਸੂਰ ਸਿੱਖਾਂ ਦੇ ਕੇਸਾਂ ਦੀ ਪੈਰਵਾਈ ਸੰਗਰੂਰ, ਨਾਭਾ ਤੇ ਹੋਰ ਜੇਲਾਂ ਵਿਚ ਜਾ ਕੇ ਬਿਨਾਂ ਫੀਸ ਲਏ ਕੀਤੀ ਸੀ ਅਤੇ ਸੰਨ ੧੯੯੧ ਵਿਚ ਪੁਲਿਸ ਵੱਲੋਂ ਉਨ੍ਹਾਂ ਦਾ ਨਾਮ ਹਿਟ ਲਿਸਟ ਵਿਚ ਬਤੌਰ ਵਕੀਲ ਜਾਰੀ ਕੀਤਾ ਗਿਆ, ਜੋ ਉਨ੍ਹਾਂ ਦੀ ਪੰਥ-ਪ੍ਰਸਤੀ ਦਾ ਦੁੱਧ-ਚਿੱਟਾ ਸਬੂਤ ਹੈ। ਪੰਥਕ ਸੇਵਾਵਾਂ ਦੇ ਮੱਦੇਨਜ਼ਰ ਖ਼ਾਲਸਾ ਪੰਥ ਨੇ ਸ. ਧਾਮੀ ਨੂੰ ੧੯੯੬ ਈ. ਤੋਂ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਹੋਇਆ ਹੈ ਅਤੇ ਹੁਣ ਪ੍ਰਧਾਨ ਬਣਾ ਕੇ ਸਨਮਾਨਿਆ ਹੈ। ਸ. ਧਾਮੀ ਜਦੋਂ ਵੀ ਕਿਸੇ ਪੰਥਕ ਮਸਲੇ ਬਾਰੇ ਬੋਲਦੇ ਹਨ ਤਾਂ ਉਨ੍ਹਾਂ ਦੇ ਬੋਲਾਂ ਵਿੱਚੋਂ ਪੰਥ ਦਰਦ, ਕੌਮੀ ਪੀੜਾ ਤੇ ਕੌਮ ਦੀ ਭਵਿੱਖੀ-ਚਿੰਤਾ ਸਪੱਸ਼ਟ ਝਲਕਦੀ ਹੈ। ਪੰਥਕ ਜਜ਼ਬੇ ਨਾਲ ਲਬਰੇਜ਼ ਸ. ਧਾਮੀ ਦੀਆਂ ਸੇਵਾਵਾਂ ਬੇਦਾਗ਼ ਹਨ। ਇਸ ਲਈ, ਚਾਹੀਦਾ ਤਾਂ ਇਹ ਸੀ ਕਿ ਸਿੱਖ ਮਸਲਿਆਂ ਦੇ ਹੱਲ ਲਈ ਸਮੁੱਚੀ ਸਿੱਖ ਕੌਮ ਸ. ਧਾਮੀ ਦਾ ਸਾਥ ਦਿੰਦਿਆਂ ਇੱਕਜੁਟਤਾ ਦਾ ਪ੍ਰਗਟਾਵਾ ਕਰਦੀ ਅਤੇ ਕੌਮੀ ਮਸਲਿਆਂ ਦੇ ਹੱਲ ਲਈ ਕਾਰਜਸ਼ੀਲ ਹੁੰਦੀ। ਪਰੰਤੂ, ਕੂੜ ਪ੍ਰਚਾਰ ਦੇ ਪ੍ਰਭਾਵ ਹੇਠ ਕਈ ਸਿੱਖਾਂ ਨੂੰ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਸਮਝ ਨਹੀਂ ਆ ਰਹੀਆਂ, ਜਿਸ ਕਾਰਨ ਕੌਮ ਦੇ ਸਮੂਹਿਕ ਹਿੱਤਾਂ ਦਾ ਨੁਕਸਾਨ ਹੋ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਅਦਾਰਿਆਂ ਵਿਚ ਹਜ਼ਾਰਾਂ ਮੁਲਾਜ਼ਮ ਕੰਮ ਕਰਦੇ ਹਨ। ਇਨ੍ਹਾਂ ਵਿਚ ਅਨੇਕਾਂ ਮੁਲਾਜ਼ਮ ਧਰਮੀ ਫੌਜੀ ਅਤੇ ਉਨ੍ਹਾਂ ਦੇ ਬੱਚੇ, ਜੋਧਪੁਰੀ ਤੇ ਉਨ੍ਹਾਂ ਦੇ ਬੱਚੇ, ਕੁਝ ੧੯੮੪ ਸਿੱਖ ਨਸਲਕੁਸ਼ੀ ਦੇ ਪੀੜ੍ਹਤ ਪਰਵਾਰਾਂ ਦੇ ਵਾਰਸ ਅਤੇ ਹੋਰ ਅਜਿਹੇ ਪਰਵਾਰਾਂ ਦੇ ਵਾਰਸ ਕੰਮ ਕਰਦੇ ਹਨ ਜਿਨ੍ਹਾਂ ਨੇ ਕੌਮ ਲਈ ਜਾਨਾਂ ਵਾਰੀਆਂ ਸਨ ਜਾਂ

ਕੌਮੀ ਕਾਰਜਾਂ ਵਿਚ ਜ਼ੁਲਮ ਝੱਲੇ ਸਨ। ਅਨੇਕਾਂ ਅਜਿਹੇ ਮੁਲਾਜ਼ਮ ਵੀ ਸੇਵਾਵਾਂ ਨਿਭਾਅ ਰਹੇ ਹਨ ਜਿਨ੍ਹਾਂ ਨੂੰ ਤਰਸ ਦੇ ਆਧਾਰਪੁਰ ਗ਼ਰੀਬ ਸਿੱਖ ਹੋਣ ਕਾਰਨ ਭਰਤੀ ਕੀਤਾ ਗਿਆ। ਇਸ ਦੇ ਨਾਲ ਹੀ ਬਹੁਤ ਸਾਰੇ ਅਜਿਹੇ ਗੁਰਸਿੱਖ ਮੁਲਾਜ਼ਮ ਵੀ ਸੇਵਾਵਾਂ ਨਿਭਾਅ ਰਹੇ ਹਨ, ਜੋ ਆਪਣੇ ਸੀਨਿਆਂ ਵਿਚ ਪੰਥ ਦਰਦ ਸਾਂਭੀ ਬੈਠੇ ਹਨ। ਜ਼ਿਕਰਯੋਗ ਹੈ ਕਿ ਅਨੇਕਾਂ ਮੁਲਾਜ਼ਮਾਂ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਭਰਤੀ ਹੋਣ ਤੋਂ ਬਾਅਦ ਕੌਮੀ ਦਰਦ ਜਾਗਿਆ ਹੈ, ਜੋ ਇਸ ਮਹਾਨ ਸੰਸਥਾ ਦੀ ਸਥਾਪਤੀ ਲਈ ਪੰਥਕ ਸੋਚ ਵਾਲੇ ਸਿੱਖਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਦਾ ਅਧਿਆਤਮਕ ਅਸਰ ਹੈ। ਅਨੇਕਾਂ ਮੁਲਾਜ਼ਮ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਨਿੱਜੀ ਤੌਰ 'ਤੇ ਧਰਮ ਪ੍ਰਚਾਰ ਕਰਦੇ ਹਨ ਅਤੇ ਧਾਰਮਿਕ ਸਮਾਗਮ ਕਰਵਾਉਂਦੇ ਰਹਿੰਦੇ ਹਨ। ਕਈ ਮੁਲਾਜ਼ਮਾਂ ਵੱਲੋਂ ਨਿੱਜੀ ਤੌਰ 'ਤੇ ਵੱਖ-ਵੱਖ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਕਾਰਜਾਂ ਵਿਚ ਬਣਦਾ ਯੋਗਦਾਨ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਕੁਦਰਤੀ ਆਫਤਾਂ ਸਮੇਂ ਅਤੇ ਹੋਰ ਪੰਥਕ ਕਾਰਜਾਂ ਲਈ ਆਪਣੀਆਂ ਤਨਖਾਹਾਂ ਵਿੱਚੋਂ ਤੇ ਹੋਰ ਵਸੀਲਿਆਂ ਨਾਲ ਯੋਗਦਾਨ ਪਾਇਆ ਜਾਂਦਾ ਹੈ।

ਸਵਾਲ ਇਹ ਹੈ ਕਿ-ਕੀ ਸਮੁੱਚੇ ਮੁਲਾਜ਼ਮਾਂ ਪ੍ਰਤੀ ਗ਼ਲਤ ਸ਼ਬਦ ਵਰਤਣੇ ਸਹੀ ਹੈ? ਜੇਕਰ ਜਵਾਬ ਨਹੀਂ ਹੈ, ਤਾਂ ਇਹ ਸਮਝਣਾ ਪਵੇਗਾ ਕਿ ਸਿੱਖ ਸਮਾਜ ਅੰਦਰ ਮਨੋਵਿਗਿਆਨਕ ਹਮਲੇ ਰਾਹੀਂ ਆਪਣੀ ਇਸ ਮਹਾਨ ਸੰਸਥਾ ਦੇ ਵਿਰੁੱਧ ਮਾਹੌਲ ਕਿਵੇਂ ਸਿਰਜਿਆ ਜਾ ਰਿਹਾ ਹੈ? ਤਾਂ ਜੋ ਇਸ ਮਨੋਵਿਗਿਆਨਕ ਹਮਲੇ ਨੂੰ ਅਸਫਲ ਕਰਨ ਲਈ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਜੇਕਰ ਜਵਾਬ ਹਾਂ ਹੈ, ਤਾਂ ਇਹ ਸਮਝਣਾ ਪਵੇਗਾ ਕਿ ਸਮੁੱਚੇ ਮੁਲਾਜ਼ਮਾਂ ਦਾ ਵਿਰੋਧ ਕਰ ਰਹੇ ਸਿੱਖਾਂ ਦੀ ਬੌਧਿਕ ਅਵਸਥਾ ਪ੍ਰਤੱਖ ਨੂੰ ਸਮਝਣ ਵਿਚ ਏਨੀ ਅਸਮਰੱਥ ਕਿਵੇਂ ਹੋ ਗਈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਮਦਨ ਸੀਮਤ ਹੋਣ ਦੇ ਬਾਵਜੂਦ ਵੀ ਗਰੀਬ ਸਿੱਖਾਂ ਦੀ ਵੱਖ-ਵੱਖ ਯੋਜਨਾਵਾਂ ਰਾਹੀਂ ਮਦਦ ਕੀਤੀ ਜਾਂਦੀ ਹੈ। ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਵੱਡੇ ਗੁਰਦੁਆਰਾ ਸਾਹਿਬਾਨ ਅੰਦਰ ਨਿਰੰਤਰ ਲੰਗਰ ਵਰਤਾਉਣ ਲਈ ਪੁਖਤਾ ਪ੍ਰਬੰਧ ਕੀਤੇ ਹੋਏ ਹਨ, ਜਿੱਥੇ ਵੱਡੀ ਗਿਣਤੀ ਵਿਚ ਲੋੜਵੰਦ ਤੇ ਗਰੀਬ ਲੋਕ ਰੋਜ਼ਾਨਾ ਪਰਸ਼ਾਦਾ ਛਕਦੇ ਹਨ, ਪਰੰਤੂ ਇਸਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਸ਼ਾਨੇ ਉੱਪਰ ਲੈ ਲਿਆ ਜਾਂਦਾ ਹੈ। ਸੋ ਮਜ਼ਬੂਰੀ-ਵੱਸ ਇਹ ਕਹਿਣਾ ਪਵੇਗਾ ਕਿ ਕਦੇ-ਕਦੇ ਲੰਗਰ ਲਗਾਉਣ ਵਾਲੇ ਲੋਕ ਤਾਂ ਸਮਾਜ ਵਿਚ ਮਸ਼ਹੂਰ ਕਰ ਦਿੱਤੇ ਜਾਂਦੇ ਹਨ, ਪਰੰਤੂ ਅਨੇਕਾਂ ਗੁਰਦੁਆਰਿਆਂ ਵਿਚ ਲੰਗਰਾਂ ਨੂੰ ਨਿਰੰਤਰ ਜਾਰੀ ਰੱਖਣ ਵਾਲੀ ਆਪਣੀ ਹੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਤਿਕਾਰ ਨੂੰ ਕੁਝ ਸਿੱਖਾਂ ਵੱਲੋਂ ਜਾਣਬੁੱਝ ਕੇ ਘਟਾਉਣ ਦੀ ਕੋਝੀ ਕੋਸ਼ਿਸ਼ ਕੀਤੀ ਜਾਂਦੀ ਹੈ। ਇੱਥੇ ਸਵਾਲ ਖੜ੍ਹਾ ਹੁੰਦਾ ਹੈ ਕਿ- ਸ਼੍ਰੋਮਣੀ ਕਗੁਰਦੁਆਰਾ ਪ੍ਰਬੰਧਕ ਮੇਟੀ ਦੇ ਅਜਿਹੇ ਜੱਗ-ਜਾਹਿਰ ਪ੍ਰਬੰਧਾਂ

ਅਤੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਅਜਿਹੇ ਸਿੱਖ ਕਿਉਂ ਨਹੀਂ ਦੇਖ ਪਾ ਰਹੇ?

ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆਮਦਨ ਦੇ ਇੰਨੇ ਸਾਧਨ ਮੌਜੂਦ ਨਹੀਂ ਜਿਨ੍ਹਾਂ ਨਾਲ ਗਰੀਬ ਸਿੱਖਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਸਵਾਰੀ ਜਾ ਸਕੇ। ਇੱਥੇ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ- ਕੀ ਸਮੁੱਚੀ ਸਿੱਖ ਕੌਮ ਦਾ ਸਾਰੇ ਦਾ ਸਾਰਾ ਦਸਵੰਧ/ਦਾਨ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆ ਰਿਹਾ ਹੈ? ਜਵਾਬ ਹੈ ਨਹੀਂ। ਇਸ ਵਿਚ ਕੋਈ ਸ਼ੰਕਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਮਦਨ ਤੇ ਖਰਚ ਪਹਿਲਾਂ ਹੀ ਜਨਤਕ ਹੈ। ਜਿੱਥੋਂ ਤੀਕ ਸਮੁੱਚੇ ਗ਼ਰੀਬ ਸਿੱਖਾਂ ਦੀ ਆਰਥਿਕ ਤੇ ਸਮਾਜਿਕ ਦਸ਼ਾ ਸੁਧਾਰਨ ਦਾ ਮਾਮਲਾ ਹੈ ਤਾਂ ਇਹ ਕਾਰਜ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਸੀਮਤ ਸਾਧਨਾਂ ਵਿੱਚੋਂ ਨਹੀਂ ਕਰ ਸਕਦੀ। ਇਸ ਕਾਰਜ ਲਈ ਪੰਜਾਬ ਖਾਸਕਰ ਸਿੱਖਾਂ ਨਾਲ ਸਬੰਧਤ ਸਮੁੱਚੀਆਂ ਸਿੱਖ ਜਥੇਬੰਦੀਆਂ, ਗੁਰਦੁਆਰਾ ਸਾਹਿਬਾਨ, ਸੰਸਥਾਵਾਂ, ਡੇਰਿਆਂ, ਸੁਸਾਇਟੀਆਂ ਤੇ ਖਾਸਕਰ ਸਾਰੀਆਂ ਐਨ.ਜੀ.ਓ. (ਗ਼ੈਰ-ਸਰਕਾਰੀ ਸੰਸਥਾਵਾਂ) ਨੂੰ ਸਾਂਝੇ ਰੂਪ ਵਿਚ ਯੋਜਨਾ ਬਣਾ ਕੇ ਕਾਰਜਸ਼ੀਲ ਹੋਣਾ ਪਵੇਗਾ, ਕਿਉਂਕਿ ਇਨ੍ਹਾਂ ਨੂੰ ਵੀ ਕਰੋੜਾਂ-ਅਰਬਾਂ ਰੁਪਏ ਦਾ ਦਾਨ ਪ੍ਰਾਪਤ ਹੁੰਦਾ ਹੈ। ਇਸ ਕਾਰਜ ਤਹਿਤ ਗ਼ਰੀਬ ਸਿੱਖਾਂ ਦੀ ਜ਼ਿਲ੍ਹੇਵਾਰ ਨਿਸ਼ਾਨਦੇਹੀ ਕਰਵਾ ਕੇ ਵੇਰਵੇ ਤਿਆਰ ਕੀਤੇ ਜਾਣੇ ਚਾਹੀਦੇ ਹਨ ਅਤੇ ਪਹਿਲ ਦੇ ਅਧਾਰ 'ਤੇ ਉਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣਾ ਚਾਹੀਦਾ ਹੈ, ਉਪਰੰਤ ਵਿਉਂਤਬੰਦੀ ਤਹਿਤ ਹੋਰ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

ਉਕਤ ਵਿਸਥਾਰ ਰਾਹੀਂ ਦੱਸਿਆ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਧਾਰਮਿਕ ਤੇ ਲੋਕ ਭਲਾਈ ਕਾਰਜ ਕਈ ਦਹਾਕਿਆਂ ਤੋਂ ਕੀਤੇ ਜਾ ਰਹੇ ਹਨ ਅਤੇ ਜਿਨ੍ਹਾਂ ਦਾ ਦਾਇਰਾ ਸਮੇਂ ਦੇ ਨਾਲ-ਨਾਲ ਵੱਧਦਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੋਕ-ਭਲਾਈ ਕਾਰਜਾਂ ਦਾ ਖੇਤਰ ਸਥਾਈ ਹੈ ਭਾਵ ਇਹ ਕਾਰਜ ਬਿਨਾਂ ਰੁਕੇ ਨਿਰੰਤਰ ਜਾਰੀ ਰਹਿੰਦੇ ਹਨ, ਜੋ ਆਪਣੇ-ਆਪ ਵਿਚ ਮਹਾਨ ਕੀਰਤੀਮਾਨ (ਰੀਕਾਰਡ) ਹੈ। ਜਿਸ ਉਪਰ ਹਰੇਕ ਸਿੱਖ ਨੂੰ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਇਨ੍ਹਾਂ ਕਾਰਜਾਂ ਰਾਹੀਂ ਜਿੱਥੇ, ਲੱਖਾਂ ਸਿੱਖਾਂ ਨੂੰ ਲਾਭ ਪਹੁੰਚ ਰਿਹਾ ਹੈ, ਉਥੇ ਹੀ ਹੋਰਨਾਂ ਧਰਮਾਂ ਦੇ ਲੋਕ ਵੀ ਲਾਭ ਪ੍ਰਾਪਤ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਹਿਸਾਬ-ਕਿਤਾਬ ਤੇ ਬਜਟ ਜਨਤਕ ਕੀਤਾ ਜਾਂਦਾ ਹੈ ਜੋ ਸਿੱਖ ਧਰਮ ਦੇ ਮੂਲ ਪ੍ਰਬੰਧਾਂ ਉੱਪਰ ਕੀਤੇ ਗਏ ਖਰਚਿਆਂ ਦਾ ਵੇਰਵਾ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਮੇਸ਼ਾ ਉਹ ਫੈਸਲੇ ਲਏ ਹਨ ਜੋ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਹਨ। ਜਿਹੜੇ ਕੋਈ ਇੱਕਾ-ਦੁੱਕਾ ਫੈਸਲੇ ਸੰਗਤਾਂ ਨੇ ਪ੍ਰਵਾਨ ਨਹੀਂ ਕੀਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਪਸ ਵੀ ਲਏ ਗਏ, ਜੋ ਇਸ ਗੱਲ ਦਾ ਸਬੂਤ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਕੋਈ ਫੈਸਲਾ ਨਹੀਂ ਕਰਦੀ।

ਇਹ ਠੀਕ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਕੁਝ ਅਜਿਹੇ ਮਾਮਲੇ ਸਾਹਮਣੇ ਆਏ ਜੋ ਧਾਰਮਿਕ ਸੰਸਥਾ ਅੰਦਰ ਨਹੀਂ ਹੋਣੇ ਚਾਹੀਦੇ, ਪਰੰਤੂ ਇਸਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਸਿੱਖ ਆਪਣੀ ਇਸ ਮਹਾਨ ਸੰਸਥਾ ਨੂੰ ਖ਼ਤਮ ਕਰ ਦੇਣ, ਜੋ ਸਿੱਖ-ਵਿਰੋਧੀਆਂ ਦਾ ਨਿਸ਼ਾਨਾ ਹੈ। ਗ਼ਲਤ ਕੰਮ ਦਾ ਵਿਰੋਧ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਪਰੰਤੂ ਸੁਹਿਰਦ ਭਾਸ਼ਾ ਅਤੇ ਦਲੀਲਾਂ ਨਾਲ ਗੱਲ ਰੱਖਣੀ ਚਾਹੀਦੀ ਹੈ, ਤਾਂ ਜੋ ਕਿਸੇ ਮਸਲੇ ਦੇ ਹੱਲ ਲਈ ਯਤਨ ਹੋ ਸਕੇ। ਵਿਰੋਧ ਅਜਿਹੇ ਢੰਗ ਨਾਲ ਨਹੀਂ ਹੋਣਾ ਚਾਹੀਦਾ ਕਿ ਆਪਣੀ ਇਸ ਮਹਾਨ ਸੰਸਥਾ ਦੀ ਹੋਂਦ ਲਈ ਸਿੱਖ ਆਪ ਹੀ ਖ਼ਤਰਾ ਬਣ ਜਾਣ। ਆਪਣੀ ਕੌਮੀ ਸੰਸਥਾ ਨੂੰ ਖਤਮ ਕਰਨ ਜਾਂ ਕੇਵਲ ਭੰਡਣ ਦੀ ਮਾਨਸਿਕਤਾ ਦਾ ਤਿਆਗ ਕਰਨਾ ਜ਼ਰੂਰੀ ਹੈ ਤਾਂ ਜੋ ਸਿੱਖਾਂ ਅੰਦਰ ਫੈਲ ਰਹੇ ਆਪਸੀ-ਖਲਾਅ ਨੂੰ ਰੋਕਿਆ ਜਾ ਸਕੇ। ਇਸ ਲੇਖ ਦਾ ਮਨੋਰਥ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਸਦੇ ਮੁਲਾਜ਼ਮਾਂ ਦੇ ਕਾਰਜਾਂ ਦਾ ਸੱਚ ਪੇਸ਼ ਕਰਨਾ ਹੈ, ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਪਿਛਲੇ ਪੰਥਕ ਨਿਸ਼ਾਨੇ ਦੀ ਪ੍ਰਾਪਤੀ ਲਈ ਸਿੱਖ ਕੌਮ ਅੰਦਰ ਇੱਕਜੁਟਤਾ ਦੀ ਭਾਵਨਾ ਪੈਦਾ ਕਰਨ ਲਈ ਯਤਨ ਕਰਨਾ ਹੈ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੈ ਤਾਂ ਕਿਸੇ ਵੀ ਹੋਰ ਸੁਧਾਰ ਲਈ ਸੰਭਾਵਨਾ ਬਣੀ ਰਹੇਗੀ ਅਤੇ ਯਤਨ ਕੀਤਾ ਜਾ ਸਕੇਗਾ, ਪਰੰਤੂ ਜੇਕਰ ਇਹ ਸੰਸਥਾ ਹੀ ਨਾ ਰਹੀ ਜਾਂ ਸਰਕਾਰੀ ਬੋਰਡ ਬਣ ਗਿਆ ਤਾਂ ਸਿੱਖ ਸੰਗਤਾਂ ਆਪਣੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੰਭਾਲਣ ਦੇ ਅਧਿਕਾਰ ਤੋਂ ਵਾਂਝੀਆਂ ਹੋ ਜਾਣਗੀਆਂ, ਜੋ ਸਮੁੱਚੀ ਸਿੱਖ ਕੌਮ ਦੇ ਭਵਿੱਖ ਲਈ ਖਤਰਨਾਕ ਸਾਬਤ ਹੋਵੇਗਾ।

ਸਮੁੱਚੀ ਸਿੱਖ ਸੰਗਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਜੋ "ਸਿੱਖਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਹੱਤਤਾ" ਬਾਰੇ ਜਾਣਿਆ ਜਾ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਿਤ ਕਰਨ ਹਿਤ ਕੁਰਬਾਨੀਆਂ ਦੇਣ ਵਾਲੇ ਉੱਚੇ-ਸੁੱਚੇ ਸਿੱਖਾਂ ਦੇ ਸਦਕਾ ਇਸ ਸੰਸਥਾ ਦੇ ਅੰਦਰ ਪ੍ਰਵੇਸ਼ ਕਰਦਿਆਂ ਜਾਂ ਇਸਨੂੰ ਆਪਣੇ ਚੇਤੇ ਵਿਚ ਲਿਆਉਂਦਿਆਂ ਹੀ ਮਨ ਅੰਦਰ ਪੰਥ-ਪ੍ਰਸਤੀ ਦੀ ਭਾਵਨਾ ਦਾ ਪ੍ਰਸਾਰ ਮਹਿਸੂਸ ਹੁੰਦਾ ਹੈ। ਇਹ ਮਹਾਨ ਸੰਸਥਾ ਬਿਖਰੀ ਹੋਈ ਸਿੱਖ ਸ਼ਕਤੀ ਦਾ ਪੁਨਰ-ਸੰਗਠਿਤ ਰੂਪ ਹੈ ਅਤੇ ਸਿੱਖ ਸੰਗਤ ਦੇ ਘਰਾਂ ਵਿੱਚੋਂ ਭਰਤੀ ਹੋਏ ਮੁਲਾਜ਼ਮ ਹੀ ਇਸ ਸੰਸਥਾ ਦੇ ਵੱਡੇ ਕਾਰਜ ਗੁਰੂ ਦੀ ਭੈਅ-ਭਾਵਨੀ ਵਿਚ ਰਹਿ ਕੇ ਨਿਭਾਅ ਰਹੇ ਹਨ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮੁਲਾਜ਼ਮਾਂ ਦੀ ਕਾਰਗੁਜ਼ਾਰੀ ਨੂੰ ਸਮੁੱਚੇ ਰੂਪ ਵਿਚ ਹੀ ਗ਼ਲਤ ਪੇਸ਼ ਕਰਨ ਵਾਲੇ ਭਰਮ-ਭੁਲੇਖਿਆਂ ਤੋਂ ਸਿੱਖ ਕੌਮ ਨੂੰ ਸੁਚੇਤ ਹੋਣਾ ਚਾਹੀਦਾ ਹੈ ਅਤੇ ਇਸ ਸੰਸਥਾ ਦੀ ਬੇਹਤਰੀ ਲਈ ਸਮੂਹਿਕ ਰੂਪ ਵਿਚ ਇੱਕਜੁਟਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।

# ਦਾਸਤਾਨ-ਏ-ਅੰਡੇਮਾਨ
## (ਅਜ਼ਾਦੀ ਘੁਲਾਟੀਆਂ ਦੇ ਦੇਸ਼ ਅੰਦਰ)

*-ਸ. ਨਵਜੋਤ ਸਿੰਘ**

'ਗੁਰਮਤਿ ਪ੍ਰਕਾਸ਼' ਦੇ ਅੰਕ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਜੀ ਦਾ ਲੇਖ 'ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਦੇ ਜਾਂਬਾਜ਼ ਸਿਰਲੱਥ ਸ਼ਹੀਦ ਯੋਧੇ' ਜਦ ਅਸੀਂ ਪੜ੍ਹਿਆ ਤਾਂ ਮੈਂ ਯਾਦਾਂ ਦੇ ਸਫ਼ਰ ਵਿਚ ਚਲਾ ਗਿਆ।

ਇਹ ਸੰਨ ੧੯੮੨-੮੩ ਦੀ ਗੱਲ ਹੈ। ਉਦੋਂ ਮੈਂ ਚੰਡੀਗੜ੍ਹ ਵਿਖੇ ਸ਼ਿਵਾਲਿਕ ਸਕੂਲ ਵਿਚ ਪੜ੍ਹਦਾ ਸੀ ਅਤੇ ਗਰਮੀ ਦੀ ਛੁੱਟੀਆਂ ਵਿਚ ਕਿਧਰੇ ਨਾ ਕਿਧਰੇ ਸੈਰ-ਸਪਾਟੇ ਲਈ ਜਾਂਦੇ ਸੀ, ਕਦੀ ਸਕੂਲ ਦੇ ਟੂਰ ਨਾਲ ਕਦੀ ਘਰਦਿਆਂ ਨਾਲ। ਇਸ ਵਾਰ ਵੀ ਜਾਣ ਦਾ ਮਨ ਬਣਾਇਆ, ਪਰ ਕਿੱਥੇ? ਇਸ ਵਾਰ ਕੋਈ ਨਵੀਂ ਜਗ੍ਹਾ ਦੀ ਤਲਾਸ਼ ਸੀ। ਹਿਮਾਚਲ, ਮਸੂਰੀ ਬਹੁਤ ਵਾਰੀ ਗਏ ਸੀ। ਦੇਸ਼ ਦਾ ਨਕਸ਼ਾ ਕੱਢ ਕੇ ਮੈਂ ਬੈਠ ਗਿਆ ਅਤੇ ਨਿਗਾਹ ਪਈ ਬੰਗਾਲ ਦੀ ਖਾੜੀ ਵਿਚ ਅੰਡੇਮਾਨ-ਨਿਕੋਬਾਰ ਦੇ ਟਾਪੂਆਂ 'ਤੇ। ਪਰ ਮਨ ਨਹੀਂ ਮਨਿਆ ਕਿਉਂਕਿ ਇਹ ਜਗ੍ਹਾ ਚੰਡੀਗੜ੍ਹ ਤੋਂ ਬਹੁਤ ਦੂਰ ਸੀ। ਖਰਚੇ ਦਾ ਧਿਆਨ ਰੱਖਣਾ ਸੀ। ਮਾਤਾ-ਪਿਤਾ ਜੀ ਨਾਲ ਗੱਲ ਕੀਤੀ, ਤਾਂ ਪਿਤਾ ਜੀ ਕਹਿਣ ਲੱਗੇ ਸਫ਼ਰ ਖਰਚ ਅਤੇ ਠਹਿਰਣ ਦਾ ਖਰਚ ਐਲ.ਟੀ.ਸੀ ਦੇ ਅਧੀਨ ਬੈਂਕ ਵੱਲੋਂ ਮਿਲ ਜਾਵੇਗਾ ਅਤੇ ਜਿਸ ਜਗ੍ਹਾ ਰੇਲ ਗੱਡੀ ਜਾਂ ਬੱਸ ਨਹੀਂ ਜਾਂਦੀ ਉੱਥੇ ਹਵਾਈ ਖਰਚ ਵੀ ਮਿਲ ਜਾਵੇਗਾ, ਮੈਂ ਨਕਸ਼ਾ ਲਿਆ ਕੇ ਘਰਦਿਆਂ ਦੇ ਅੱਗੇ ਰੱਖ ਦਿੱਤਾ ਅਤੇ ਅੰਡੇਮਾਨ 'ਤੇ ਨਿਸ਼ਾਨ ਲਗਾ ਦਿੱਤਾ। ਘਰਦਿਆਂ ਦੀ ਸਹਿਮਤੀ ਤੋਂ ਬਾਅਦ ਅਸੀਂ ਤਿਆਰੀ ਅਰੰਭ ਕਰ ਦਿੱਤੀ, ਪਿਤਾ ਜੀ ਟਿਕਟਾਂ ਦੇ ਇੰਤਜ਼ਾਮ ਵਿਚ ਲੱਗ ਗਏ। ਛੁੱਟੀਆਂ ਸ਼ੁਰੂ ਹੋਣ ਸਾਰ ਅਸੀਂ ਅੰਡੇਮਾਨ ਵੱਲ ਚਾਲੇ ਪਾ ਦਿੱਤੇ। ਅੰਬਾਲਾ ਤੋਂ ਰੇਲ ਗੱਡੀ ਰਾਹੀਂ ਅਸੀਂ ਕਲਕੱਤੇ ਪੁੱਜੇ। ਰਸਤੇ ਵਿਚ ਬਿਹਾਰ ਦੇ ਇਲਾਕੇ ਵਿਚ ਕੁਝ ਬਦਮਾਸ਼ਾਂ ਨੇ ਪਹਿਲੇ ਦਰਜੇ ਦੇ ਸਲੀਪਰ ਅੰਦਰ ਵੜਨ ਦੀ ਕੋਸ਼ਿਸ਼ ਕੀਤੀ, ਅਸੀਂ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਰੇਲਵੇ ਪੁਲਿਸ ਨੂੰ ਸੂਚਨਾ ਦਿੱਤੀ, ਜਿਸ ਕਰਕੇ ਦੋ ਪੁਲਿਸ ਮੁਲਾਜ਼ਮ ਰੇਲ ਦੇ ਡੱਬੇ ਵਿਚ ਪਹਿਰੇ 'ਤੇ ਲਗਾ ਦਿੱਤੇ ਗਏ। ਕਲਕੱਤੇ ਪਹੁੰਚ ਕੇ ਅਸੀਂ ਬਹੁਤ ਗ਼ਰੀਬ ਲੋਕ ਦੇਖੇ ਜੋ ਲੋਕਾਂ ਦਾ ਜੂਠ ਖਾ ਰਹੇ ਸਨ। ਅਜ਼ਾਦ ਦੇਸ਼ ਵਿਚ ਇਸ ਤਰ੍ਹਾਂ ਦੇ ਹਾਲਾਤ ਦੇਖ ਕੇ ਮੇਰੀ ਰੂਹ ਕੰਬ ਉਠੀ। ਅਸੀਂ ਕਲਕੱਤੇ ਵਿਚ ਦੋ ਦਿਨ ਰਹੇ ਅਤੇ 'ਦੀ ਟੈਲੀਗਰਾਫ' ਅਖ਼ਬਾਰ ਦੇ ਦਫ਼ਤਰ ਵੀ ਗਏ, ਉੱਥੋਂ ਦੇ ਸਟਾਫ਼ ਨੇ ਸਾਡੀ ਬਹੁਤ ਆਉ-ਭਗਤ ਕੀਤੀ। ਜਦ ਉਨ੍ਹਾਂ ਨੂੰ ਪਤਾ ਲੱਗਾ ਅਸੀਂ ਅੰਡੇਮਾਨ ਜਾ ਰਹੇ ਹਾਂ ਤਾਂ ਉਨ੍ਹਾਂ ਨੇ ਕਿਹਾ ਕਿ ਸੈਲੂਲਰ ਜੇਲ੍ਹ

** ਸੁਪਰਵਾਈਜ਼ਰ, ਗੁਰਦੁਆਰਾ ਅੰਬ ਸਾਹਿਬ, ਮੋਹਾਲੀ-੧੬੦੦੬੨। ਮੋ. ੯੮੮੮੯੮੭੭੬੦*

ਜ਼ਰੂਰ ਦੇਖਣ ਜਾਣਾ। ਕਲਕੱਤੇ ਦੇ ਦਮਦਮ ਏਅਰਪੋਰਟ ਤੋਂ ਅਸੀਂ ਸਵੇਰੇ ੮:੦੦ ਵਜੇ ਆਪਣੀ ਹਵਾਈ ਯਾਤਰਾ ਅਰੰਭ ਕੀਤੀ। (ਅੰਡੇਮਾਨ ਜਾਣ ਲਈ ਜਾਂ ਤਾਂ ਹਵਾਈ ਸਫ਼ਰ ਕਰਨਾ ਪੈਂਦਾ ਹੈ, ਜੋ ਦੋ ਘੰਟੇ ਦਾ ਹੈ ਜਾਂ ਫਿਰ ਸਮੁੰਦਰੀ ਯਾਤਰਾ ਜੋ ਕਿ ਛੇ-ਸੱਤ ਦਿਨ ਵਿਚ ਮੁਕੰਮਲ ਹੁੰਦੀ ਹੈ)। ਹਵਾਈ ਜਹਾਜ਼ ਤੋਂ ਮੈਂ ਹੇਠਾਂ ਦੇਖਿਆ ਤਾਂ ਹਰ ਪਾਸੇ ਪਾਣੀ ਸੀ ਅਤੇ ਕੁਝ ਸਮੁੰਦਰੀ ਜਹਾਜ਼ ਵੀ ਦੇਖੇ।੧੦.੩੦ ਵਜੇ ਦੇ ਕਰੀਬ ਅਸੀਂ ਪੋਰਟ ਬਲੇਅਰ ਪਹੁੰਚ ਗਏ, ਜਦੋਂ ਜਹਾਜ਼ ਲੈਂਡ ਕਰਨ ਲੱਗਾ ਤਾਂ ਇੱਕ ਦਮ ਮੌਸਮ ਖ਼ਰਾਬ ਹੋ ਗਿਆ, ਪਰ ਦਸ ਕੁ ਮਿੰਟਾਂ ਬਾਅਦ ਜਹਾਜ਼ ਲੈਂਡ ਕਰ ਗਿਆ।

ਹੋਟਲ ਪਹੁੰਚ ਕੇ ਅਸੀਂ ਕੁਝ ਚਿਰ ਆਰਾਮ ਕੀਤਾ ਅਤੇ ਫਿਰ ਟੈਕਸੀ ਲੈ ਕੇ ਘੁੰਮਣ ਚਲੇ ਗਏ। ਸ਼ਹਿਰ ਬਹੁਤ ਸਾਫ-ਸੁਥਰਾ ਸੀ, ਸੜਕਾਂ ਵੀ ਠੀਕ ਸਨ ਅਤੇ ਹਰਿਆਲੀ ਬਹੁਤ ਸੀ। ਮੌਸਮ ਇੱਕਦਮ ਬਦਲ ਜਾਂਦਾ ਸੀ, ਕਦੇ ਮੀਂਹ ਵਰ੍ਹਣ ਲੱਗ ਪੈਂਦਾ ਸੀ ਅਤੇ ਕਦੇ ਧੁੱਪ ਨਿਕਲ ਆਉਂਦੀ ਸੀ। ਅਗਲੇ ਦਿਨ ਨਾਸ਼ਤਾ ਕਰ ਕੇ ਅਸੀਂ ਗੁਰਦੁਆਰਾ ਸ਼ਹੀਦ ਦੀਵਾਨ ਸਿੰਘ ਕਾਲੇਪਾਣੀ ਵਿਖੇ ਨਤਮਸਤਕ ਹੋਏ। ਦਰਸ਼ਨ ਕਰਨ ਤੋਂ ਬਾਅਦ ਅਸੀਂ ਸੈਲੂਲਰ ਜੇਲ੍ਹ ਦੇਖਣ ਗਏ ਜੋ ਕਿ ਅੰਗਰੇਜ਼ਾਂ ਵੱਲੋਂ ਲਿਆਂਦੇ ਗਏ ਅਜ਼ਾਦੀ ਘੁਲਾਟੀਆਂ ਕੋਲੋਂ ਬਣਵਾਈ ਗਈ ਸੀ। ਇਸ ਜੇਲ੍ਹ ਦੀਆਂ ਸੱਤ ਬਾਹੀਆਂ (ਵਿੰਗ) ਸਨ, ਦੂਜੀ ਵਿਸ਼ਵ ਜੰਗ ਦੌਰਾਨ ਤਿੰਨ ਬਾਹੀਆਂ ਜਪਾਨੀਆਂ ਦੇ ਹਵਾਈ ਹਮਲੇ ਵਿਚ ਤਬਾਹ ਹੋ ਗਈਆਂ ਸਨ। ਇਕ ਹਿੱਸਾ ਜੇਲ੍ਹ ਦਾ ਸੈਲਾਨੀਆਂ ਵਾਸਤੇ ਅਤੇ ਬਾਕੀ ਹਿੱਸੇ ਵਿਚ ਸਥਾਨਕ ਕੈਦੀ ਅਤੇ ਦਿਮਾਗੀ ਪਰੇਸ਼ਾਨ ਮਰੀਜ਼ਾਂ ਨੂੰ ਰੱਖਿਆ ਗਿਆ ਸੀ। ਅਸੀਂ ਉਹ ਜਗ੍ਹਾ ਵੀ ਦੇਖੀ ਜਿੱਥੇ ਕੈਦੀਆਂ ਨੂੰ ਤਸੀਹੇ ਦਿੱਤੇ ਜਾਂਦੇ ਸਨ ਅਤੇ ਫਾਂਸੀ ਘਰ ਵੀ ਦੇਖਿਆ। ਉੱਥੇ ਇਕ ਸਮਾਰਕ ਬਣਿਆ ਸੀ ਜਿਸ 'ਤੇ ਅਜ਼ਾਦੀ ਘੁਲਾਟੀਆਂ ਦੇ ਨਾਮ ਲਿਖੇ ਸਨ। ਤਕਰੀਬਨ ੨੨੦੦-੨੪੦੦ ਨਾਮ ਸਨ। ਇਨ੍ਹਾਂ ਵਿਚ ਪੰਜਾਬ ਦੇ ਤਕਰੀਬਨ ੧੯੦੦ ਨਾਮ ਸਨ, ਬਾਕੀ ਬੰਗਾਲ ਦੇ ਅਤੇ ਹੋਰ ਸਟੇਟਾਂ ਦੇ ਲੋਕਾਂ ਦੇ ਨਾਮ ਸਨ। ਜਿਹੜੇ ਹੋਰ ਸਾਡੇ ਨਾਲ ਸੈਲਾਨੀ ਸਨ ਉਨ੍ਹਾਂ ਨੇ ਸਾਨੂੰ ਕਿਹਾ 'ਆਪ ਕੇ ਪੰਜਾਬ ਕੇ ਬਹੁਤ ਲੋਗੋਂ ਨੇ ਕੁਰਬਾਨੀ ਕੀ ਹੈ'। ਪ੍ਰੋ. ਕਿਰਪਾਲ ਸਿੰਘ ਬਡੂੰਗਰ ਜੀ ਦੇ ਇਕ ਲੇਖ ਵਿਚ ੧੦੨ ਅਜ਼ਾਦੀ ਘੁਲਾਟੀਆਂ ਦੇ ਨਾਮ ਹਨ, ਇਸ ਬਾਰੇ ਹੋਰ ਖੋਜ ਹੋ ਸਕਦੀ ਹੈ। ਜੇਲ੍ਹ ਦੇ ਬਾਹਰ ਹੀ ਸਾਨੂੰ ਇਕ ਅਜ਼ਾਦੀ ਘੁਲਾਟੀਏ ਦੇ ਦਰਸ਼ਨ ਹੋਏ, ਉਨ੍ਹਾਂ ਦਾ ਨਾਮ ਸ਼ਾਇਦ ਸੌਦਾਗਰ ਸਿੰਘ ਜਾਂ ਸਿਕੰਦਰ ਸਿੰਘ ਸੀ, ਉਮਰ ੯੦ ਸਾਲ ਅਤੇ ਉਹ ਪੰਜਾਬ ਤੋਂ ਸਨ। ਅਜ਼ਾਦੀ ਤੋਂ ਬਾਅਦ ਉੱਥੇ ਹੀ ਰਹਿਣ ਲੱਗੇ ਅਤੇ ਚਾਹ ਦੀ ਦੁਕਾਨ ਖੋਲ੍ਹ ਲਈ ਸੀ। ਸੈਲਾਨੀਆਂ ਨੂੰ ਉਹ ਅੰਡੇਮਾਨ ਦਾ ਇਤਿਹਾਸ ਵੀ ਦੱਸਦੇ ਸਨ।

ਇਹ ਬਹੁਤ ਵੱਡੀ ਤ੍ਰਾਸਦੀ ਜਾਂ ਮੰਦਭਾਗੀ ਘਟਨਾ ਹੈ ਕਿ ਜੋ ਸੂਚੀ ਅਸੀਂ ਸੰਨ ੧੯੯੨-੯੩ ਵਿਚ ਦੇਖੀ ਸੀ ਉਹ ਹੁਣ ਸਮੇਂ ਦੀਆਂ ਸਰਕਾਰਾਂ ਅਤੇ ਏਜੰਸੀਆਂ ਨੇ ਖੁਰਦ-ਬੁਰਦ ਕਰ ਦਿੱਤੀ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਚਾਈ ਅਤੇ ਇਤਿਹਾਸ ਤੋਂ ਦੂਰ

ਰੱਖਿਆ ਜਾਵੇ। ਕਾਰਗਿਲ ਯੁੱਧ (੧੯੯੯ ਈ.) ਸਮੇਂ ਵੀ ਸਿੱਖ ਸੈਨਿਕਾਂ ਦੀ ਬਹਾਦਰੀ ਨੂੰ ਅਣਗੌਲਿਆ ਕੀਤਾ ਗਿਆ ਸੀ। ਇਨ੍ਹਾਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਭਾਰਤ ਸਰਕਾਰ ਸਿੱਖ ਜਾਂ ਪੰਜਾਬ ਹਿਤੈਸ਼ੀ ਨਹੀਂ ਹੈ।

ਛੁੱਟੀਆਂ ਖਤਮ ਹੋਣ ਤੋਂ ਬਾਅਦ ਕਲਾਸ ਵਿਚ ਸਾਰੇ ਬੱਚਿਆਂ ਤੋਂ ਪੁੱਛਿਆ ਗਿਆ ਕਿ ਉਹ ਕਿੱਥੇ ਘੁੰਮਣ ਗਏ, ਜਦ ਮੈਂ ਉਨ੍ਹਾਂ ਨੂੰ ਦਾਸਤਾਨ-ਏ-ਅੰਡੇਮਾਨ (ਆਪਣੀ ਯਾਤਰਾ) ਬਾਰੇ ਦੱਸਿਆ ਤਾਂ ਕਲਾਸ ਵਿਚ ਖਾਮੋਸ਼ੀ ਛਾ ਗਈ ਅਤੇ ਕੁਝ ਬੱਚਿਆਂ ਦੇ ਅੱਖਾਂ ਵਿਚ ਅੱਥਰੂ ਸਨ। ■

# ਮਾਰਚ ਅਤੇ ਅਪ੍ਰੈਲ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ ੫੫੬ | ੦੧ ਚੇਤ ੧੪ ਮਾਰਚ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫਤਿਹ | ੦੨ ਚੇਤ ੧੫ ਮਾਰਚ |
| ਸ਼ਹੀਦੀ ਸ.ਭਗਤ ਸਿੰਘ | ੧੦ ਚੇਤ ੨੩ ਮਾਰਚ |
| ਸ਼ਹੀਦੀ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ ਜੀ | ੧੨ ਚੇਤ ੨੫ ਮਾਰਚ |
| ਹੋਲਾ ਮਹੱਲਾ | ੧੩ ਚੇਤ ੨੬ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੨੫ ਚੇਤ ੦੭ ਅਪ੍ਰੈਲ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਜੀ | ੨੭ ਚੇਤ ੦੯ ਅਪ੍ਰੈਲ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | ੨੭ ਚੇਤ ੦੯ ਅਪ੍ਰੈਲ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | ੩੦ ਚੇਤ ੧੨ ਅਪ੍ਰੈਲ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੦੧ ਵੈਸਾਖ ੧੩ ਅਪ੍ਰੈਲ |
| ਖਾਲਸਾ ਸਾਜਣਾ ਦਿਵਸ (ਵੈਸਾਖੀ) | ੦੧ ਵੈਸਾਖ ੧੩ ਅਪ੍ਰੈਲ |
| ਜਨਮ ਦਿਹਾੜਾ ਭਗਤ ਧੰਨਾ ਜੀ | ੦੮ ਵੈਸਾਖ ੨੦ ਅਪ੍ਰੈਲ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ | ੧੦ ਵੈਸਾਖ ੨੨ ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੧੦ ਵੈਸਾਖ ੨੨ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਜੀ | ੧੭ ਵੈਸਾਖ ੨੯ ਅਪ੍ਰੈਲ |
| **ਸੰਗਰਾਂਦ** | ੦੧ ਚੇਤ ੧੪ ਮਾਰਚ |
| **ਪੂਰਨਮਾਸੀ** | ੧੨ ਚੇਤ ੨੫ ਮਾਰਚ |
| **ਮੱਸਿਆ** | ੨੬ ਚੇਤ ੦੮ ਅਪ੍ਰੈਲ |
| **ਸੰਗਰਾਂਦ** | ੦੧ ਵੈਸਾਖ ੧੩ ਅਪ੍ਰੈਲ |
| **ਪੂਰਨਮਾਸੀ** | ੧੧ ਵੈਸਾਖ ੨੩ ਅਪ੍ਰੈਲ |

■

# ਙ- ਅੱਖਰ ਰਾਹੀਂ ਗੁਰ ਉਪਦੇਸ਼

*-ਡਾ. ਇੰਦਰਜੀਤ ਸਿੰਘ ਗੋਗੋਆਣੀ**

'ਙ' ਅੱਖਰ ਗੁਰਮੁਖੀ ਵਰਣਮਾਲਾ ਦਾ ੧੦ ਵਾਂ ਅੱਖਰ ਤੇ ਸਤਵਾਂ ਵਿਅੰਜਨ ਹੈ। ਕ ਅੱਖਰ ਤੋਂ ਵਰਗ ਦੀ ਅਰੰਭਤਾ 'ਕਵਰਗ' ਅਨੁਸਾਰ, ਇਹ ਕਵਰਗ ਦਾ ਪੰਜਵਾਂ ਅੱਖਰ ਹੈ। ਇਸ ਦਾ ਉਚਾਰਨ ਕੰਠ ਅਤੇ ਨਾਸਿਕਾ ਤੋਂ ਹੁੰਦਾ ਹੈ। ਅੱਜ ਸਾਡੀ ਪੰਜਾਬੀ ਭਾਸ਼ਾ ਵਿਚ ਕੋਈ ਵੀ ਸ਼ਬਦ ਙੰਙਾ ਅੱਖਰ ਤੋਂ ਸ਼ੁਰੂ ਨਹੀਂ ਹੁੰਦਾ। ਇਸ ਲਈ ਜਦ ਵਿਦਿਆਰਥੀਆਂ ਨੂੰ ਪੈਂਤੀ ਅੱਖਰੀ ਪੜ੍ਹਾਈ ਜਾਂਦੀ ਹੈ ਤਾਂ 'ਙ' ਅੱਖਰ ਖਾਲੀ ਬੋਲਿਆ ਜਾਂਦਾ ਹੈ। ਅਜੋਕੀ ਪੰਜਾਬੀ ਨਿਯਮਾਵਲੀ ਵਿਚ ਙ,ਞ,ਣ,ੜ ਖਾਲੀ ਹਨ ਪਰ ਗੁਰਬਾਣੀ ਵਿਚ ਇਨ੍ਹਾਂ ਅੱਖਰਾਂ ਤੋਂ ਸ਼ਬਦ ਸਿਰਜੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਅਨੁਸਾਰ "ਆਮ ਤੌਰ 'ਤੇ ਕੋਈ ਪਦ 'ਙੰਙੇ ਅੱਖਰ' ਨਾਲ ਅਰੰਭ ਨਹੀਂ ਹੁੰਦਾ। ਪਰ ਕਈ ਵੇਰ ਦੇਸ਼ ਭੇਦ ਕਰਕੇ ਅਰ ਕਈ ਪੁਰਾਤਨ ਉਚਾਰਣਾਂ ਵਿਚ ਜੋ ਹੁਣ ਮਤਰੂਕ (ਤਿਆਗੇ ਜਾਂ ਛੱਡੇ ਹੋਏ) ਹੋ ਗਏ ਹਨ, ਙੰਙਾ ਅੱਖਰ ਲਗਪਗ ਗੱਗੇ ਦੀ ਥਾਂ ਕਈ ਪਦਾਂ ਦੇ ਅਰੰਭ ਵਿਚ ਵਰਤੀਂਦਾ ਸੀ, ਐਸੇ ਪਦ ਗੁਰੂ ਜੀ ਨੇ ਙੰਙੇ ਨਾਲ ਹੀ ਲਿਖੇ ਹਨ।"

ਉਦਾਹਰਣ ਦੇ ਤੌਰ 'ਤੇ ਗੁਰਬਾਣੀ ਵਿਚ ਨਿਮਨਲਿਖਤ ਸ਼ਬਦ ਹੋਰ ਸਪੱਸ਼ਟਤਾ ਦਿੰਦੇ ਹਨ। ਵਿਸ਼ੇਸ਼ ਕਰਕੇ 'ਗਉੜੀ ਬਾਵਨ ਅਖਰੀ ਮਹਲਾ ੫' ਬਾਣੀ ਦੇ ੨੫੩ 'ਤੇ ੨੫੪ ਅੰਗ ਉੱਪਰ ਬੇਅੰਤ ਸ਼ਬਦ 'ਙ' ਅੱਖਰ ਤੋਂ ਹਨ।

੧. ਙਣਤੀ- ਗਣਨਾ, ਹਿਸਾਬ= ਙਣਤੀ ਙਣੀ ਨਹੀ ਕੋਊ ਛੂਟੈ॥
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੪)*

੨. ਙਨਿ- ਗਣਨਾ ਕਰਕੇ, ਗਿਣਕੇ= ਙਨਿ ਘਾਲੇ ਸਭ ਦਿਵਸ ਸਾਸ...॥
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੪)*

੩. ਙਿਆਤਾ- ਗਯਾਤਾ, ਜਾਣਨ ਵਾਲਾ= ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੩)*

੪. ਙਿਆਨ- ਗਯਾਨ, ਇਲਮ= ਅਨਿਕ ਭੇਖ ਅਰੁ ਙਿਆਨ ਧਿਆਨ...॥
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੧)*

੫. ਙਿਆਨੀ- ਗਿਆਨੀ= ਭਗਤ ਙਿਆਨੀ ਸੋਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੧)*

੬. ਙ੍ਰਾਸ-ਬੁਰਕੀ= ਙੰਙਾ ਙ੍ਰਾਸੈ ਕਾਲੁ ਤਿਹ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੪)*

** ਪ੍ਰਿੰਸੀਪਲ, ਖਾਲਸਾ ਕਾਲਜ ਸੀਨੀ: ਸੈਕੰ: ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੫੯੮੫੫੫੯*

ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਪਟੀ ਬਾਣੀ ਵਿਚ ਞ ਅੱਖਰ ਰਾਹੀਂ ਇਉਂ ਉਪਦੇਸ਼ ਬਖਸ਼ਿਸ਼ ਕੀਤਾ ਹੈ:

*ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥*
*ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੨)*

ਭਾਵ ਹੇ ਮਨੁੱਖ! ਙੰਙੈ ਅੱਖਰ ਰਾਹੀਂ ਸਮਝ ਕਿ ਉਹੀ ਇਨਸਾਨ ਪੜ੍ਹਿਆ ਹੋਇਆ ਤੇ ਉਹੀ ਪੰਡਿਤ ਹੈ ਜੋ ਇਸ ਗਿਆਨ (ਙਿਆਨੁ) ਨੂੰ ਬੁੱਝ ਲਵੇ ਕਿ ਪ੍ਰਭੂ ਸਭ ਵਿਚ ਵੱਸਦਾ ਹੈ ਤਾਂ ਫਿਰ ਉਸ ਵਿਚ ਮੈਂ ਮੇਰੀ ਦਾ ਹੰਕਾਰ ਨਹੀਂ ਰਹੇਗਾ ਤੇ ਸਭ ਜੀਆਂ ਵਿਚ ਇੱਕੋ ਜੋਤ ਦੇਖੇਗਾ। ਭਾਈ ਵੀਰ ਸਿੰਘ ਜੀ ਇਸ ਨੂੰ ਹੋਰ ਗਹਿਰਾਈ ਵਿਚ ਲੈ ਜਾਂਦੇ ਹਨ ਕਿ ਪੋਥੀਆਂ ਦੇ ਪੜ੍ਹੇ ਗਿਆਨ ਨਾਲ ਅਹੰਕਾਰ ਵੱਧ ਜਾਂਦਾ ਹੈ, ਜਿਸ ਨੂੰ ਅਭੇਦ ਬੁੱਧ ਦੀ ਬੂਝ ਪੈਦਾ ਹੁੰਦੀ ਹੈ, ਉਹ ਗਿਆਨੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ 'ਰਾਮਕਲੀ ਮਹਲਾ ੧ ਦਖਣੀ ਓਅੰਕਾਰ' ਸਿਰਲੇਖ ਵਾਲੀ ਬਾਣੀ ਵਿਚ ਵੀ 'ਞ'. ਅੱਖਰ ਰਾਹੀਂ ਫੁਰਮਾਉਂਦੇ ਹਨ:

*ਙਿਆਨ ਗਵਾਇਆ ਦੂਜਾ ਭਾਇਆ*
*ਗਰਬਿ ਗਲੇ ਬਿਖੁ ਖਾਇਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੦)*

ਭਾਵ: ਜੇ ਮਨੁੱਖ ਸਤਿਗੁਰੂ ਦਾ ਗਿਆਨ (ਙਿਆਨੁ) ਵਿਸਾਰ ਦਿੰਦਾ ਹੈ ਜਾਂ ਗਵਾ ਲੈਂਦਾ ਹੈ ਤੇ ਕਿਸੇ ਦੂਜੇ ਦੀ ਓਟ ਤਕਦਾ ਹੈ, ਉਹ ਫਿਰ ਹੰਕਾਰ (ਗਰਬਿ) ਵਿਚ ਹੀ ਨਿਘਰਿਆ ਹੋਇਆ ਜ਼ਹਿਰ (ਬਿਖੁ) ਖਾਂਦਾ ਹੈ। ਅਜਿਹੇ ਮਨੁੱਖ ਨੂੰ ਗੁਰੂ ਬਚਨ ਨਹੀਂ ਭਾਉਂਦੇ ਹਨ।

'ਞ' ਅੱਖਰ ਰਾਹੀਂ ਹੀ ਪੰਚਮ ਪਾਤਸ਼ਾਹ ਜੀ ਗਉੜੀ ਬਾਵਨ ਅਖਰੀ ਵਿਚ ਇਉਂ ਉਪਦੇਸ਼ ਬਖਸ਼ਿਸ਼ ਕਰਦੇ ਹਨ:

*ਙੰਙਾ ਙਿਆਨੁ ਨਹੀ ਮੁਖ ਬਾਤਉ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ॥*
*ਙਿਆਨੀ ਸੋਇ ਜਾ ਕੈ ਦ੍ਰਿੜ ਸੋਊ॥ ਕਰਤ ਸੁਨਤ ਕਛੁ ਜੋਗ ਨ ਹੋਊ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੧)*

ਭਾਵ- ਹੇ ਮਨੁੱਖ, ਙੰਙਾ ਅੱਖਰ ਰਾਹੀਂ ਸਮਝ ਕਿ ਕੇਵਲ ਮੂੰਹ ਦੀਆਂ ਬਾਤਾਂ ਨਾਲ ਤੇ ਸ਼ਾਸਤਰਾਂ ਦੀਆਂ ਅਨੇਕਾਂ ਜੁਗਤੀਆਂ ਵਰਤਿਆਂ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ। ਗਿਆਨੀ {ਙਿਆਨੀ} ਉਹੀ ਹੈ, ਜਿਸਦੇ ਹਿਰਦੇ ਵਿਚ ਪ੍ਰਭੂ ਦਾ ਦ੍ਰਿੜ੍ਹ ਭਰੋਸਾ ਹੋਵੇ ਅਤੇ ਕੇਵਲ ਕਹਿਣ-ਸੁਣਨ ਨਾਲ ਪ੍ਰਭੂ ਮਿਲਾਪ ਨਹੀਂ ਹੁੰਦਾ।

ਇਸੇ ਪ੍ਰਕਾਰ 'ਬਾਵਨ ਅਖਰੀ ਕਬੀਰ ਜੀਉ ਕੀ' ਬਾਣੀ ਵਿਚ 'ਞ ਅੱਖਰ' ਰਾਹੀਂ ਇਉਂ ਉਪਦੇਸ਼ ਹੈ:

*ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ॥*

*ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੦)*

ਭਾਵ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕੋ ਤੇ ਪ੍ਰਭੂ ਨਾਲ ਪਿਆਰ ਬਣਾ ਕੇ ਸੰਸੇ ਦੂਰ ਕਰੋ। ਭਾਈ ਵੀਰ ਸਿੰਘ ਜੀ ਅਨੁਸਾਰ "ਜੇ ਇਕਦਮ ਕਾਮਯਾਬੀ ਨਹੀਂ ਹੁੰਦੀ ਤਾਂ ਮਨ ਨਾਂਹ ਨਾਂਹ ਕਰਦਾ ਹੈ, ਫਿਰ ਨੱਸੀਏ ਨਾ- ਇਕ ਦਿਨ ਪ੍ਰਾਪਤੀ ਹੋਵੇਗੀ, ਇਹ ਪੂਰੀ ਸਿਆਣਪ ਹੈ।"

ਙੰਙਾ ਅੱਖਰ ਰਾਹੀਂ ਬਖ਼ਸ਼ਿਸ਼ ਉਪਦੇਸ਼ ਦਾ ਤੱਤਸਾਰ ਹੈ ਕਿ ਭਾਵੇਂ ਗਿਆਨ ਹੋਣਾ ਜਾਂ ਜਾਣਕਾਰੀ ਹੋਣਾ ਬਹੁਤ ਵੱਡੀ ਗੱਲ ਹੈ, ਪਰ ਗਿਆਨ ਤੋਂ ਵੱਡਾ ਪ੍ਰਭੂ ਵਿਸ਼ਵਾਸ 'ਤੇ ਭਰੋਸਾ ਹੈ। ਉਪਰੋਕਤ ਸ਼ਬਦਾਂ ਵਿਚ ਸਿਮਰਨ ਅਭਿਆਸ ਤੇ ਪ੍ਰਭੂ ਭਰੋਸਾ ਵਾਰ-ਵਾਰ ਦ੍ਰਿੜ੍ਹਾਇਆ ਗਿਆ ਹੈ। ਕੇਵਲ ਚੁੰਚ ਗਿਆਨ ਅੱਜ ਵੱਡੇ ਵਰਗ ਨੂੰ ਨਿੱਤਨੇਮ ਤੋਂ ਵੀ ਤੋੜ ਰਿਹਾ ਹੈ। ਭਗਤ ਕਬੀਰ ਜੀ ਨੇ ਬਾਵਨ ਅਖਰੀ ਬਾਣੀ ਦੇ ਅੰਤ ਵਿਚ ਅਜਿਹਾ ਤੱਤ ਗਿਆਨ ਬਖਸ਼ਿਆ ਹੈ:

*ਬਾਵਨ ਅਖਰ ਜੋਰੇ ਆਨਿ॥*
*ਸਕਿਆ ਨ ਅਖਰੁ ਏਕੁ ਪਛਾਨਿ॥*
*ਸਤ ਕਾ ਸਬਦੁ ਕਬੀਰਾ ਕਹੈ॥*
*ਪੰਡਿਤ ਹੋਇ ਸੁ ਅਨਭੈ ਰਹੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੩)*

ਭਾਵ ਕਈਆਂ ਨੇ ਬਵਿੰਜਾ ਅੱਖਰ ਹੋਰ ਹੋਰ ਭਾਗਾਂ ਅਨੁਸਾਰ ਜੋੜੇ ਹਨ ਪਰ ਇਕ ਨਾ ਨਾਸ਼ ਹੋਣ ਵਾਲੇ ਪ੍ਰਭੂ ਨੂੰ ਪਛਾਣ ਨਹੀਂ ਸਕੇ। ਇਹ ਵਾਕ ਭਗਤ ਕਬੀਰ ਜੀ ਸੱਚ ਸੱਚ ਕਹਿ ਰਹੇ ਹਨ ਕਿ ਜੋ ਪੰਡਿਤ-ਗਿਆਨੀ ਹੋਵੇਗਾ, ਉਹ ਅਨੁਭਵੀ ਗਿਆਨ ਵਿਚ ਰਹੇਗਾ। ਇਸ ਵਿਚ ਸਮੁੱਚੀ ਮਾਨਵਤਾ ਨੂੰ ਇਕ ਪ੍ਰਭੂ ਦੀ ਸ਼ਕਤੀ, ਸਿਮਰਨ ਤੇ ਭਰੋਸੇ ਦਾ ਗਿਆਨ ਬਖਸ਼ਿਆ ਹੈ।

■


## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

ਕਵਿਤਾ

# ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ

-ਸ. ਕੁਲਦੀਪ ਸਿੰਘ ਲਾਂਬਾ

*ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ*
*ਤੈਨੂੰ ਹੋਸ਼ ਕਦੋਂ ਤਕ ਆਵੇਗੀ?*
*ਕੀ ਉਦੋਂ? ਜਦ ਮੌਤ ਨਗਾਰਾ ਵੱਜੇਗਾ*
*ਜਮਦੂਤ ਤੇਰੇ ਵੱਲ ਭੱਜੇਗਾ*
*ਤੇਰੇ ਗੱਲ ਵਿਚ ਘੁੰਘਰੂ ਵੱਜੇਗਾ*
*ਰੂਹ ਆਕਾਸ਼ਾਂ ਵੱਲ ਨੂੰ ਭੱਜੇਗਾ*
*ਤੇਰੇ ਭੈਣ ਭਾਈ ਸਭ ਰੋਵਣਗੇ*
*ਤੂੰ ਬਿਟ ਬਿਟ ਸਭ ਵਲ ਤੱਕੇਂਗਾ*
*ਸਭ ਮਨ ਦੀਆਂ ਮਨ ਵਿਚ ਰਹਿ ਜਾਸਣ*
*ਕੁਝ ਮੂੰਹ ਤੋਂ ਬੋਲ ਨਾ ਸਕੇਂਗਾ*
*ਜਦ ਹੋਸ਼ ਠਿਕਾਣੇ ਆਵਣਗੇ*
*ਤੇ ਗਿੜ ਗਿੜ ਤਰਲੇ ਪਾਵੇਂਗਾ*
*ਜੋ ਪੰਥ ਧਰੋਹੀ ਕੀਤੀ, ਉਦੇ 'ਤੇ ਪਛਤਾਵੇਂਗਾ।*
*ਫਿਰ ਪ੍ਰੀਤਮ ਬਾਝੋਂ ਕਿਹੜਾ ਏ*
*ਜੋ ਟੁੱਟੀਆਂ ਗੰਢਾਂ ਜੋੜ ਦਵੇ*
*ਡੁਬਦੇ ਨੂੰ ਪਾਰ ਲੰਘਾ ਦੇਵੇ*
*ਸਾਹ ਜਾਂਦੇ ਤਾਈਂ ਮੋੜ ਲਵੇ*
*ਤੂੰ ਗਹਿਰੀ ਨੀਂਦਰ ਸੌਂ ਗਿਐਂ*
*ਕੁਝ ਹੋਸ਼ ਨਹੀਂ ਹੈ ਅੱਗੇ ਦਾ*
*ਕਿਸ ਮਸਤੀ ਵਿਚ ਮਦਹੋਸ਼ ਪਿਐਂ*
*ਕੁਝ ਫਿਕਰ ਨਹੀਂ ਹੈ ਅੱਗੇ ਦਾ*
*ਤੇਰੇ ਨਾਲ ਦੇ ਸਾਥੀ ਲੰਘ ਗਏ*
*ਉਹ ਕਈ ਮੰਜ਼ਿਲਾ ਪਾਰ ਗਏ*
*ਕੀ ਹੋਸ਼ ਉਦੋਂ ਹੀ ਆਵੇਗੀ,*
*ਜਦ ਪਾਣੀ ਸਿਰ ਤੋਂ ਲੰਘ ਗਿਆ?*
*ਤੂੰ ਜਿਸ 'ਤੇ ਏਡਾ ਮਾਣ ਕਰੇਂ*
*ਉਹ ਕਈ ਵਾਰੀ ਅਜ਼ਮਾਏ ਨੇ*
*ਕਈ ਵਾਰੀ ਠੋਕ ਵਜਾ ਵੇਖੇ*
*ਤੇ ਸਦਾ ਹੀ ਉਲਟੇ ਪਾਏ ਨੇ।*
*ਜਦ ਮਤਲਬ ਪੂਰਾ ਹੋ ਗਿਆ*
*ਤੇਰੇ ਭੇਖੀ ਮਿੱਤਰ ਨੱਸਣਗੇ*
*ਤੇਰੀ ਨਾਦਾਨੀ 'ਤੇ ਹੱਸਣਗੇ*
*ਫਿਰ ਤੜਫੇਂਗਾ ਕੁਰਲਾਵੇਂਗਾ*
*ਜਦ ਸਮਾਂ ਸੁਹਾਨਾ ਬੀਤ ਗਿਆ*
*ਫਿਰ ਪਛਤਾਇਆਂ ਕੀ ਹੋਣੈ*
*ਜਦ ਚਿੜੀਆਂ ਨੇ ਚੁਗ ਖੇਤ ਲਿਆ*
*ਉਠ ਸੂਰਜ ਕਾਫੀ ਚੜ੍ਹ ਗਿਐ*
*ਤੇ ਰਾਤ ਝਾਤੀਆਂ ਪਾਵੇਗੀ*
*ਮੱਥੇ 'ਤੇ ਹੱਥ ਰੱਖ ਰੋਵੇਂਗਾ*
*ਤੈਨੂੰ ਹੋਸ਼ ਕਦੋਂ ਤਕ ਆਵੇਗੀ*
*ਜਦ ਰੂਪ ਤੇਰਾ ਬਣਾਇਆ ਸੀ*
*ਜੈ ਜੈ ਕਾਰ ਹੋਈ ਆਕਸ਼ਾਂ 'ਤੇ*
*ਤੇਰੀ ਨੀਂਹ ਰੱਖੀ ਸੀ ਪ੍ਰੀਤਮ ਨੇ*
*ਮਾਸੂਮਾਂ ਦੀਆਂ ਲਾਸ਼ਾਂ 'ਤੇ*
*ਜੰਗਲਾਂ ਵਿਚ ਰੁਲਦਾ ਫਿਰਦਾ ਸੀ*
*ਕੰਡਿਆਂ 'ਤੇ ਉਹ ਸੌਂਦਾ ਸੀ*
*ਬਲੀਦਾਨ* ਪਿਤਾ ਦਾ ਦਿੱਤਾ ਸੀ*
*ਤੇਰੀ ਕਰਨ ਪੂਰੀਆਂ ਖਾਹਿਸ਼ਾਂ ਤੇ*
*ਪਰ ਅਫਸੋਸ ਕਿ ਬੇਕਦਰਾ, ਕਦਰ ਨਾ ਪਾਈ ਤੂੰ*
*ਭਾਈ ਮਤੀ ਦਾਸ ਦੇ ਆਰੇ ਦੀ*
*ਐਸ਼ਾਂ ਵਿਚ ਰੰਗ ਰਲੀਆਂ ਮਾਣੇ ਤੂੰ*
*ਰੂਹ ਕੀ ਆਖੇਗੀ ਉਸ ਗੁਰੂ ਦੁਲਾਰੇ ਦੀ,*
*ਕਿੱਧਰ ਗਈ ਉਹ ਅਣਖ ਤੇਰੀ*
*ਦੂਜੇ ਤਾਈਂ ਢਾਲਾਂ ਬਣਦਾ ਸੈਂ*
*ਮਜ਼ਲੂਮਾਂ ਤੇ ਦੁਖੀਆਂ ਖਾਤਰ,*
*ਅੱਗੇ ਹੋ ਹੋ ਮਰਦਾ ਸੈਂ*
*ਅੱਜ ਆਪਣੀ ਤੈਨੂੰ ਹੋਸ਼ ਨਹੀਂ*
*ਦੂਜੇ ਦੀ ਕੀ ਬਣਾਵੇਂਗਾ?*
*ਤੇਰੀ ਆਪਣੀ ਇੱਜ਼ਤ ਲੁੱਟ ਗਈ*
*ਦੂਜੇ ਦੀ ਕੀ ਬਚਾਵੇਂਗਾ*
*ਜੇ ਜਗ ਵਿਚ ਜਿਊਣਾ ਚਾਹੁਨੈ ਸਿੰਘਾ*
*ਜੇ ਅਣਖੀਲਾ ਜੀਵਨ ਚਾਹੁਨੈਂ ਸਿੰਘਾ*
*ਛੱਡ ਗਿੱਦੜਾਂ ਵਾਲਾ ਜੀਵਨ ਤੂੰ*
*ਪ੍ਰੀਤਮ ਦੀ ਫੁਲਵਾੜੀ ਦੇ ਸੁੱਤੇ ਭਾਗ ਜਗਾ ਸਿੰਘਾ!*

*ਸ਼ਹੀਦੀ

ਕਵਿਤਾ

# ਸਬਦ ਸੁਹਾਇਆ

*-ਭਾਈ ਹਰਪ੍ਰੀਤ ਸਿੰਘ**

*ਪ੍ਰਭ ਹਰਿਮੰਦਰ ਜੋਤ ਇਲਾਹੀ*
*ਗੁਰ-ਸਬਦ ਗੁਰੂ ਰੁਸ਼ਨਾਈ,*
*ਧੰਨ ਸ੍ਰੀ ਗੁਰੂ ਰਾਮਦਾਸ ਤੋਂ*
*ਸ੍ਰੀ ਗੁਰੂ ਅਰਜਨ ਇਹ ਬਿਧ ਆਈ।*
*ਤੀਜੇ ਪਹਿਰੇ ਸੰਤ ਜਨਾ ਸੰਗ*
*ਹਰਿ ਹਰਿ ਹਰਿ ਧੁਨ ਗਾਈ,*
*ਰਾਗੁ ਮਲਾਰ ਜਿਉਂ ਸਾਵਣ ਵਰਖਾ*
*ਅੰਮ੍ਰਿਤ ਧਾਰ ਵਰਸਾਈ।*
*ਚਉਥੇ ਪਹਿਰ 'ਚ ਆਸਾ ਚਿਤ ਲੈ*
*ਦਰਸ਼ਨ ਤਾਈਂ ਪ੍ਰਗਟਾਈ ਹੈ,*
*ਸੋਭ ਸਿੰਘਾਸਨ ਸਤਿਗੁਰ ਬਾਣੀ*
*ਜੀ ਧੁਰ ਦਰਗਾਹੋਂ ਆਈ ਹੈ।*
*ਪ੍ਰਭਾਤ ਚੜ੍ਹੀ ਬਹੁ ਖੁਸ਼ੀਆਂ ਲੈ ਕੇ*
*ਜੋ ਨਾਦ ਬਿਲਾਵਲੁ ਗਾਇਆ,*
*ਭੈਰਉ, ਪ੍ਰਭਾਤੀ, ਰਾਮਕਲੀ ਵਿਚ*
*ਸਬਦ ਇਲਾਹੀ ਆਇਆ।*
*ਦੂਜੇ ਪਹਿਰੇ ਜਿਉਂ ਮਉਲੀ ਰੁੱਤੇ*
*ਓਹ ਚੇਤ ਬਸੰਤੁ ਚਿਤ ਪਾਇਆ,*
*ਦੇਵਗੰਧਾਰੀ, ਗੌਂਡ, ਗੂਜਰੀ*
*ਟੋਡੀ, ਸੂਹੀ ਮਿਲ ਗਾਇਆ।*
*ਚਾਨਣ ਹੋਇਆ ਤੀਜੇ ਪਹਿਰੇ*
*ਸਾਰਗ, ਸਾ-ਰੰਗ ਪਾਇਆ,*
*ਰਾਗੁ ਤਿਲੰਗ, ਵਡਹੰਸੁ, ਧਨਾਸਰੀ*
*ਮਾਰੂ ਸੰਗ ਰੁਸ਼ਨਾਇਆ।*
*ਚਉਥੇ ਪਹਿਰ 'ਚ ਮਾਲੀਗਉੜਾ*
*ਬੈਰਾੜੀ ਨਾਦ ਮਿਲਾਇਆ,*
*ਰਾਗੁ ਤੁਖਾਰੀ ਸੰਗ ਜੈਤਸਰੀ*
*ਗਉੜੀ ਹਰਿ ਗੁਣ ਗਾਇਆ।*
*ਫਿਰ ਸਾਂਝ ਪਈ ਉਸ ਸੱਚੇ ਤਾਂਈਂ*
*ਜਿਉਂ ਰਾਗ ਸੁਰੰਗੜਾ ਆਇਆ,*
*ਸਿਰੀ ਰਾਗੁ ਰਾਗਨ ਮੇਂ ਰਾਜਾ*
*ਮਿਲ ਮਾਝ ਵੀ ਹਰਿ ਰੰਗ ਰਾਇਆ।*
*ਦਰ, ਸੋਦਰ ਦੀ ਅਕਥ ਕਥਾ ਸੁਣ*
*ਸਭ ਨਾਨਕੁ ਨਾਮ ਧਿਆਇਆ,*
*ਛੇੜ ਰਬਾਬ ਜਿਉਂ ਅਨਹਤ ਨਾਦੋਂ*
*ਭਾਈ ਮਰਦਾਨੇ ਨਾਦ ਵਜਾਇਆ।*
*ਰਾਤ ਦੇ ਪਹਿਰੇ ਲੋਅ ਸਬਦ ਦੀ*
*ਕੇਦਾਰਾ, ਕਲਿਆਨ ਜਗਾਇਆ,*
*ਨਟ ਨਾਰਾਇਨ, ਜੈਜਾਵੰਤੀ*
*ਮਿਲ ਸਾਚਾ ਸਬਦ ਸੁਹਾਇਆ।*
*ਦੂਜੇ ਪਹਿਰੇ ਅੱਧੀ ਰਾਤੀ*
*ਸੋਰਠਿ ਪ੍ਰੀਤ ਚਿਤ ਲਾਇਆ*
*ਰਾਗੁ ਕਾਨੜਾ, ਬਿਹਾਗੜਾ ਸੰਗੇ*
*ਸੱਚਖੰਡ ਨਾਦ ਸਮਾਇਆ।*
*ਜਿਉਂ ਦੇਵਪੁਰੀ ਗਗਨੰਤਰ ਮਹਿ*
*ਇੱਕ ਸਾਚਾ ਸਬਦ ਸੁਹਾਇਆ ।*

■

** ਹਜ਼ੂਰੀ ਦਿਲਰੁਬਾ ਵਾਦਕ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।*
*ਮੋ. ੯੮੫੫੭੦੦੮੮੦*

ਖ਼ਬਰਨਾਮਾ

# ਭਗਵੰਤ ਮਾਨ ਸਰਕਾਰ ਵੱਲੋਂ ਸਿੱਖ ਭਾਵਨਾਵਾਂ ਨੂੰ ਸੱਟ ਮਾਰਨੀ ਦੁੱਖਦਾਈ- ਐਡ. ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੪ ਫ਼ਰਵਰੀ- ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਵਾਰ-ਵਾਰ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੀ ਕਾਰਵਾਈ ਦੁੱਖਦਾਈ ਹੈ, ਜਿਸ ਨਾਲ ਪੂਰੇ ਸਿੱਖ ਜਗਤ ਅੰਦਰ ਭਾਰੀ ਰੋਸ ਪੈਦਾ ਹੋਇਆ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਨਸਾ ਜ਼ਿਲ੍ਹੇ ਦੇ ਕਸਬਾ ਬੋਹਾ ਅੰਦਰ ਗੁਰਦੁਆਰਾ ਸਾਹਿਬ ਵਿਚ ਪੁਲਿਸ ਵੱਲੋਂ ਰਾਤ ਦੇ ਸਮੇਂ ਜਬਰੀ ਦਾਖ਼ਲ ਹੋ ਕੇ ਸੇਵਾਦਾਰਾਂ ਦੀ ਕੁੱਟਮਾਰ ਕਰਨ ਅਤੇ ਮਰਯਾਦਾ ਦਾ ਉਲੰਘਣ ਕਰਨ ਦੀ ਨਖੇਧੀ ਕਰਦਿਆਂ ਕੀਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਜਿਸ ਤਰ੍ਹਾਂ ਸਿੱਖ ਭਾਵਨਾਵਾਂ ਅਤੇ ਗੁਰ-ਮਰਯਾਦਾ ਦੇ ਵਿਰੁੱਧ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸ ਨਾਲ ਆਮ ਆਦਮੀ ਪਾਰਟੀ ਦਾ ਸਿੱਖ ਵਿਰੋਧੀ ਚਿਹਰਾ ਲੋਕਾਂ ਦੇ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪੰਜਾਬ ਪੁਲਿਸ ਵੱਲੋਂ ਗੋਲੀਬਾਰੀ ਦੀ ਘਟਨਾ ਨੇ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ ਅਤੇ ਹੁਣ ਮਾਨਸਾ ਅੰਦਰ ਗੁਰਦੁਆਰਾ ਸਾਹਿਬ ਦੀ ਮਾਣ-ਮਰਯਾਦਾ ਅਤੇ ਪਵਿੱਤਰਤਾ ਨੂੰ ਦਰਕਿਨਾਰ ਕਰ ਕੇ ਪੁਲਿਸ ਵੱਲੋਂ ਸਿੱਖ ਭਾਵਨਾਵਾਂ ਤਾਰ-ਤਾਰ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮਾਨਸਾ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਵਿਚ ਬਿਲਕੁਲ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਕਿਵੇਂ ਪੁਲਿਸ ਦੇ ਕੁਝ ਅਧਿਕਾਰੀ ਗੁਰਦੁਆਰਾ ਸਾਹਿਬ ਅੰਦਰ ਕੰਧ ਟੱਪ ਕੇ ਦਾਖ਼ਲ ਹੁੰਦੇ ਹਨ ਅਤੇ ਸੇਵਾਦਾਰਾਂ ਨੂੰ ਕੁੱਟਣਾ ਮਾਰਨਾ ਸ਼ੁਰੂ ਕਰ ਦਿੰਦੇ ਹਨ। ਇਹ ਤਸਵੀਰ ਪੰਜਾਬ ਸਰਕਾਰ ਦਾ ਅਸਲ ਚਿਹਰਾ ਇੱਕ ਵਾਰ ਫਿਰ ਲੋਕਾਂ ਸਾਹਮਣੇ ਲਿਆਉਣ ਵਾਲੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਦੀ ਗੰਭੀਰ ਜਾਂਚ ਹੋਣੀ ਚਾਹੀਦੀ ਅਤੇ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰ ਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਮਹਾਰਾਸ਼ਟਰ ਸਰਕਾਰ ਦਾ ਸਪੱਸ਼ਟੀਕਰਨ ਗੁੰਮਰਾਹਕੁੰਨ -ਐਡ. ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧੦ ਫ਼ਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿਚ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਦੇ ਮਾਮਲੇ ਵਿਚ ਮਹਾਰਾਸ਼ਟਰ ਸਰਕਾਰ ਦੀ ਅੜੀ ਨੂੰ ਸਿੱਖ ਭਾਵਨਾਵਾਂ ਦੀ ਅਣਦੇਖੀ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਹੁਣ ਇਹ ਕਹਿਣਾ ਕਿ ਬੋਰਡ ਵਿਚ ਕੇਵਲ ਸਿੱਖ ਮੈਂਬਰ ਹੀ ਲਏ ਜਾਣਗੇ, ਕਿਸੇ ਤਰ੍ਹਾਂ ਤਰਕਸੰਗਤ ਨਹੀਂ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਸਵਾਲ ਕੀਤਾ ਕਿ ਜਿਹੜੀਆਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਕਟੌਤੀ ਕੀਤੀ ਜਾ ਰਹੀ ਹੈ, ਕੀ ਉਨ੍ਹਾਂ ਵੱਲੋਂ ਨਾਮਜ਼ਦ ਮੈਂਬਰ ਸਿੱਖ ਨਹੀਂ ਸਨ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਦਾ ਸਪੱਸ਼ਟੀਕਰਨ ਕੇਵਲ ਗੁੰਮਰਾਹ ਕਰਨ ਵਾਲਾ ਹੈ, ਜਦਕਿ ਸਚਾਈ ਇਹ ਹੈ ਕਿ ਸਰਕਾਰ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ 'ਚ ਲੈਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਸਿੱਖ ਮਾਮਲਿਆਂ 'ਚ ਇਸ ਤਰ੍ਹਾਂ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ, ਬਲਕਿ ਸਿੱਖਾਂ ਦੇ ਮਸਲੇ ਸਿੱਖਾਂ 'ਤੇ ਹੀ ਛੱਡ ਦੇਣੇ ਚਾਹੀਦੇ ਹਨ। ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਨਾਲ ਦੇਸ਼ ਅੰਦਰ ਇਕ ਵਿਰੋਧੀ ਮਾਹੌਲ ਦੀ ਧਾਰਾ ਪੈਦਾ ਹੁੰਦੀ ਹੈ, ਜੋ ਦੇਸ਼ ਹਿੱਤ 'ਚ ਨਹੀਂ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸਿੱਖ ਸੰਗਤ ਦਾ ਵੱਡਾ ਸਮੂਹ ਸਰਕਾਰ ਦੇ ਫੈਸਲੇ ਵਿਰੁੱਧ ਆਪਣੀ ਭਾਵਨਾ ਪ੍ਰਗਟ ਕਰ ਚੁੱਕਾ ਹੈ, ਜਿਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਮਹਾਰਾਸ਼ਟਰ ਸਰਕਾਰ ਇਸ 'ਤੇ ਮੰਥਨ ਕਰੇ ਅਤੇ ਪ੍ਰਤੀਨਿਧ ਸਿੱਖ ਸੰਸਥਾਵਾਂ ਨਾਲ ਬੈਠਕ ਕਰ ਕੇ ਉਨ੍ਹਾਂ ਦੇ ਵਿਚਾਰ ਅਨੁਸਾਰ ਹੀ ਫੈਸਲਾ ਕਰੇ। ਐਡਵੋਕੇਟ ਧਾਮੀ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦੇ ਸਤਿਕਾਰਤ ਤਖ਼ਤਾਂ ਵਿੱਚੋਂ ਇਕ ਹੈ, ਜਿੱਥੋਂ ਦੇ ਪ੍ਰਬੰਧ ਅਤੇ ਸੇਵਾ-ਸੰਭਾਲ ਲਈ ੧੯੫੬ ਈ. ਵਿਚ ਬਣਾਏ ਗਏ ਐਕਟ ਨੂੰ ਖੰਡਤ ਕਰਨ ਅਤੇ ਤੋੜਨ ਦੀ ਕਿਸੇ ਤਰ੍ਹਾਂ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਹ ਹਰ ਪੱਖ ਤੋਂ ਸੋਚ ਵਿਚਾਰ ਕੇ ਹੀ ਕਾਇਮ ਕੀਤਾ ਗਿਆ ਸੀ। ਇਸ ਵਿਚ ਸਥਾਨਕ ਸਿੱਖਾਂ, ਨੁਮਾਇੰਦਾ ਸਿੱਖ ਸੰਸਥਾਵਾਂ, ਸਿੱਖ ਮੈਂਬਰ ਪਾਰਲੀਮੈਂਟ ਤੋਂ ਇਲਾਵਾ ਸਰਕਾਰ ਦੇ ਵੀ ਢੁੱਕਵੇਂ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਸਿੱਖ ਜਗਤ 'ਤੇ ਆਪਹੁਦਰਾ ਫੈਸਲਾ ਠੋਸਣ ਤੋਂ ਗੁਰੇਜ਼ ਕਰੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਬਾਰੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪਹਿਲਾਂ ਹੀ ਪੱਤਰ ਲਿਖਿਆ ਜਾ ਚੁੱਕਾ ਹੈ, ਜਿਸ 'ਤੇ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

## ਕਿਸਾਨਾਂ ਨੂੰ ਜਬਰੀ ਰੋਕਣ ਦੀ ਥਾਂ ਸਰਕਾਰ ਉਨ੍ਹਾਂ ਦੇ ਮਸਲੇ ਹੱਲ ਕਰੇ- ਐਡ. ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧੩ ਫ਼ਰਵਰੀ- ਆਪਣੀਆਂ ਮੰਗਾਂ ਲਈ ਸੰਘਰਸ਼ ਦੇ ਰਾਹ

ਤੁਰੇ ਹੋਏ ਕਿਸਾਨਾਂ 'ਤੇ ਹਰਿਆਣਾ ਸਰਕਾਰ ਵੱਲੋਂ ਵੱਡੀ ਗਿਣਤੀ ਵਿਚ ਅੱਥਰੂ ਗੈਸ ਦੇ ਗੋਲ਼ੇ ਸੁੱਟਣੇ ਅਤੇ ਪੁਲਿਸ ਬਲ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਦਬਾਉਣਾ ਲੋਕਤੰਤਰੀ ਢਾਂਚੇ ਦੇ ਵਿਰੁੱਧ ਹੈ, ਜਿਸ ਪ੍ਰਤੀ ਕੇਂਦਰ ਸਰਕਾਰ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ।

ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕਿਸਾਨੀ ਦੇਸ਼ ਦੀ ਰੀੜ ਦੀ ਹੱਡੀ ਹੈ ਜਿਸ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਸਾਨਾਂ ਨੂੰ ਰੋਕਣ ਲਈ ਪੁਲਿਸ ਸ਼ਕਤੀ ਦੀ ਵਰਤੋਂ ਦੀ ਨਿੰਦਾ ਕਰਦਿਆਂ ਕਿਹਾ ਕਿ ਲੋਕਤੰਤਰ ਅੰਦਰ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨਾ ਸਭ ਦਾ ਹੱਕ ਹੈ, ਇਸ ਲਈ ਸਰਕਾਰਾਂ ਨੂੰ ਕਿਸਾਨਾਂ ਦੇ ਮਸਲਿਆਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਉੱਤੇ ਤਸ਼ੱਦਦ ਕਰ ਕੇ ਮਾਮਲਾ ਹੋਰ ਉਲਝਾਇਆ ਜਾਵੇ।

ਉਨ੍ਹਾਂ ਆਖਿਆ ਕਿ ਲੰਮੇ ਅਰਸੇ ਤੋਂ ਦੇਸ਼ ਦੇ ਕਿਸਾਨ ਆਪਣੇ ਮਾਮਲਿਆਂ ਨੂੰ ਲੈ ਕੇ ਸੰਘਰਸ਼ ਦੇ ਰਾਹ 'ਤੇ ਹਨ ਪਰੰਤੂ ਸਰਕਾਰਾਂ ਵੱਲੋਂ ਉਦਾਸੀਨਤਾ ਦਿਖਾਈ ਜਾ ਰਹੀ ਹੈ। ਭਾਰਤ ਦੇ ਕਿਸਾਨਾਂ ਨੂੰ ਇਕੱਲੇ ਦੇਸ਼ ਹੀ ਨਹੀਂ ਸਗੋਂ ਪੂਰੀ ਦੁਨੀਆ ਦੇ ਅੰਨਦਾਤੇ ਵਜੋਂ ਜਾਣਿਆ ਜਾਂਦਾ ਹੈ ਅਤੇ ਜੇਕਰ ਅੱਜ ਇਹ ਕਿਸਾਨ ਸੰਘਰਸ਼ ਦੇ ਰਾਹ 'ਤੇ ਹਨ ਤਾਂ ਸਰਕਾਰਾਂ ਲਈ ਸੋਚਣ ਦਾ ਵੇਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਤੋਂ ਜਬਰੀ ਰੋਕਣ ਦੀ ਥਾਂ ਉਨ੍ਹਾਂ ਦੇ ਮਸਲੇ ਨਜਿੱਠਣ ਵੱਲ ਧਿਆਨ ਦੇਵੇ। ਉਨ੍ਹਾਂ ਹਰਿਆਣਾ ਪੁਲਿਸ ਵੱਲੋਂ ਕੀਤੀ ਕਾਰਵਾਈ ਵਿਚ ਪੱਤਰਕਾਰਾਂ ਨੂੰ ਵੀ ਨਿਸ਼ਾਨਾ ਬਣਾਏ ਜਾਣ ਦੀ ਵੀ ਸਖ਼ਤ ਨਿੰਦਾ ਕੀਤੀ।

## ਨਿਊਜ਼ੀਲੈਂਡ ਦੇ ਆਗੂਆਂ ਨੇ ਐਡ. ਹਰਜਿੰਦਰ ਸਿੰਘ ਧਾਮੀ ਨਾਲ ਸਿੱਖ ਮਸਲਿਆਂ ਸੰਬੰਧੀ ਕੀਤੀ ਚਰਚਾ

ਸ੍ਰੀ ਅੰਮ੍ਰਿਤਸਰ, ੧੪ ਫ਼ਰਵਰੀ– ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਆਏ ਨਿਊਜ਼ੀਲੈਂਡ ਦੀ ਸੁਪਰੀਮ ਸਿੱਖ ਸੁਸਾਇਟੀ ਦੇ ਮੁੱਖ ਪ੍ਰਬੰਧਕ ਸ. ਦਲਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰ ਕੇ ਨਿਊਜ਼ੀਲੈਂਡ ਵਿਚ ਸਿੱਖ ਮਾਮਲਿਆਂ ਅਤੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਚਰਚਾ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਦਲਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਨਿਊਜ਼ੀਲੈਂਡ ਵਿਖੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਿਭਾਈਆਂ ਜਾ

ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਗੱਲ ਕਰਦਿਆਂ ਸ. ਦਲਜੀਤ ਸਿੰਘ ਨੇ ਕਿਹਾ ਕਿ ਹਰ ਖਿੱਤੇ ਵਿਚ ਵਸਦੇ ਸਿੱਖਾਂ ਲਈ ਪੰਥ ਦੀ ਇਸ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰ ਸਮੇਂ ਅਵਾਜ਼ ਉਠਾਈ ਹੈ। ਸੰਸਥਾ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ ਨੇ ਪੂਰੀ ਦੁਨੀਆ ਵਿਚ ਸਿੱਖ ਕੌਮ ਦਾ ਨਾਮ ਉੱਚਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਵਿਚ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਤਤਪਰ ਹੈ ਅਤੇ ਇਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸਹਿਯੋਗ ਦੀ ਆਸ ਕਰਦੇ ਹਾਂ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਦਲਜੀਤ ਸਿੰਘ ਅਤੇ ਉਨ੍ਹਾਂ ਨਾਲ ਧਾਰਮਿਕ ਖੇਤਰ ਵਿਚ ਸੇਵਾਵਾਂ ਨਿਭਾਉਣ ਵਾਲੇ ਸ. ਜਤਿੰਦਰ ਸਿੰਘ ਨੂੰ ਸਨਮਾਨਿਤ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਸ. ਬਾਵਾ ਸਿੰਘ ਗੁਮਾਨਪੁਰਾ, ਸਕੱਤਰ ਸ. ਪ੍ਰਤਾਪ ਸਿੰਘ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ ਤੇ ਹੋਰ ਮੌਜੂਦ ਸਨ। ■

## ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਸਿੱਖ ਮਿਸ਼ਨ ਕਲਕੱਤਾ ਵੱਲੋਂ ਗੁਰਮਤਿ ਚੇਤਨਾ ਕੈਂਪ ਅਤੇ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਕਲਕੱਤਾ (ਪੂਰਬੀ ਭਾਰਤ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ੨੨ ਤੋਂ ੩੧ ਦਸੰਬਰ, ੨੦੨੩ ਈ. ਤਕ ਜ਼ਿਲ੍ਹਾ ਆਸਨਸੋਲ, ਵਰਧਮਾਨ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ-ਗੁਰਦੁਆਰਾ ਵਰਧਮਾਨ, ਗੁਰਦੁਆਰਾ ਪਾਨਗੜ੍ਹ, ਗੁਰਦੁਆਰਾ ਕੋਮਾਡੂਬੀ, ਗੁਰਦੁਆਰਾ ਬਰਨਪੁਰ, ਗੁਰਦੁਆਰਾ ਗੋਬਿੰਦ ਨਗਰ ਆਦਿ ਸਥਾਨਾਂ 'ਤੇ ਗੁਰਮਤਿ ਚੇਤਨਾ ਕੈਂਪ ਲਗਾਇਆ ਗਿਆ। ਇਸ ਵਿਚ ਲਗਪਗ ੮੦੦ ਬੱਚਿਆਂ ਨੇ ਹਿੱਸਾ ਲਿਆ। ਇਸ ਤਹਿਤ ੩੦ ਦਸੰਬਰ, ੨੦੨੩ ਈ. ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਦੌਰਾਨ ੧੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਇਸ ਕੈਂਪ ਦੀ ਸਮਾਪਤੀ ਮੌਕੇ ੩੧ ਦਸੰਬਰ, ੨੦੨੩ ਈ. ਨੂੰ ਗੁਰੂ ਨਾਨਕ ਨਗਰ, ਆਸਨਸੋਲ ਵਿਖੇ ਵਿਸ਼ੇਸ਼ ਦੀਵਾਨ ਸਜਾਇਆ ਗਿਆ ਜਿਸ ਵਿਚ ਧਰਮ ਪ੍ਰਚਾਰ ਕਮੇਟੀ ਦੇ ਹੈੱਡ ਪ੍ਰਚਾਰਕ ਸ. ਜਗਦੇਵ ਸਿੰਘ ਅਤੇ ਸਿੱਖ ਮਿਸ਼ਨ ਕਲਕੱਤਾ ਦੇ ਇੰਚਾਰਜ ਸ. ਜਗਮੋਹਨ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕੈਂਪ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਸ਼ੀਲਡਾਂ, ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸਿੱਖ ਮਿਸ਼ਨ ਕਲਕੱਤਾ ਦੇ ਪ੍ਰਚਾਰਕ ਭਾਈ ਚਰਨਜੀਤ ਸਿੰਘ ਫ਼ਾਨੀ ਅਤੇ ਭਾਈ ਗੁਰਵਿੰਦਰ ਸਿੰਘ ਜੰਮੂ ਨੇ ਵੱਖ-ਵੱਖ ਸਥਾਨਾਂ 'ਤੇ ਸਿੱਖੀ ਦੇ ਪ੍ਰਚਾਰ ਲਈ ਵੱਖ-ਵੱਖ ਉਪਰਾਲੇ ਕੀਤੇ ਅਤੇ ਨਾਮ-ਬਾਣੀ ਨਾਲ ਜੁੜਨ ਲਈ ਪ੍ਰੇਰਨਾ ਕੀਤੀ। ਇਨ੍ਹਾਂ ਸਮੁੱਚੇ ਸਮਾਗਮਾਂ ਦੀ ਸਫਲਤਾ ਲਈ ਗੁਰਮਤਿ ਲਹਿਰ ਆਰਗਨਾਈਜ਼ੇਸ਼ਨ ਆਸਨਸੋਲ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ। ■

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

# ਆਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਖੁਸ਼ੀ ਲੈਣੀ ਸਿੱਖੀਏ !

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਰੂਪੀ ਹੁਕਮ ਨੂੰ ਮੰਨਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਬਹੁਤ ਅਦਬ ਨਾਲ ਮੱਥਾ ਟੇਕਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਵੱਲ ਕਦੇ ਵੀ ਆਪਣੇ ਪੈਰ ਕਰ ਕੇ ਨਾ ਬੈਠਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਤੋਂ ਹਰ ਰੋਜ਼ ਸਹਿਜ ਪਾਠ ਕਰਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਅੱਗੇ ਹਰ ਰੋਜ਼ ਦੋਵੇਂ ਹੱਥ ਜੋੜ ਕੇ ਅਰਦਾਸ ਕਰਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਦਸਾਂ ਪਾਤਸ਼ਾਹੀਆਂ ਦਾ ਆਤਮਿਕ ਸਰੂਪ ਜਾਣਨਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੭. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨਾਲ, ਗੁਰੂ ਦੀ ਸੰਗਤ ਨੂੰ ਜੋੜਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਹਾਜ਼ਰ ਨਾਜਰ ਗੁਰੂ ਜਾਣ ਕੇ, ਆਪਣੇ ਹਿਰਦੇ ਅੰਦਰ ਗੁਰੂ ਜੀ ਦਾ ਵੱਡਾ ਭੈ ਰੱਖਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਤੇ ਵੀ ਰਸਤੇ ਵਿਚ ਪੰਜਾਂ ਪਿਆਰਿਆਂ ਨਾਲ ਆਉਂਦਿਆਂ ਵੇਖ ਕੇ, ਗੁਰੂ ਜੀ ਨੂੰ ਅਦਬ ਨਾਲ ਸੀਸ ਝੁਕਾਉਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੦. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦੇ ਬਚਨ ਉੱਪਰ ਅਟੱਲ ਵਿਸ਼ਵਾਸ ਰੱਖਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦੀ ਸੰਥਿਆ ਕਰ ਕੇ, ਗੁਰਬਾਣੀ ਨੂੰ ਸ਼ੁੱਧ ਪੜ੍ਹਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਨੂੰ ਹਰ ਵਕਤ ਰੱਬ ਦਾ ਰੂਪ ਜਾਣਨਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਨੂੰ ਆਪਣੇ ਅੰਦਰ ਕੰਠ ਕਰਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਹੋਰ ਕਿਸੇ ਵੀ ਦੇਹਧਾਰੀ ਨੂੰ ਆਪਣਾ ਗੁਰੂ ਨਾ ਮੰਨਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਉਪਦੇਸ਼ਾਂ ਦੇ ਅਰਥਾਂ ਨੂੰ ਲਿਖ-ਲਿਖ ਕੇ, ਗੁਰੂ ਕੀ ਪਿਆਰੀ ਸੰਗਤ ਵਿਚ ਵੰਡਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਤੇ ਹਰ ਰੋਜ਼ ਬਹੁਤ ਹੀ ਅਦਬ ਨਾਲ ਚੌਰ ਕਰਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੭. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਉਪਦੇਸ਼ਾਂ ਮੁਤਾਬਕ, ਹਰ ਰੋਜ਼ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੮. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਹੁਕਮ ਮੁਤਾਬਕ, ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ, ਤਿਆਰ-ਬਰ-ਤਿਆਰ ਸਿੰਘ ਸਜਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੧੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਹੁਕਮ ਮੁਤਾਬਕ ਆਪਣੇ ਹਿਰਦੇ ਅੰਦਰ ਹਰ ਵਕਤ ਆਪਣੇ ਮਨ ਨਾਲ ਯੁੱਧ ਕਰਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੨੦. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਨੂੰ ਬਹੁਤ ਹੀ ਸਹਿਜ ਅਵਸਥਾ ਵਿਚ ਵੀਚਾਰ-ਵੀਚਾਰ ਕੇ ਪੜ੍ਹਦੇ ਰਹਿਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

੨੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਹੋਰ ਕਿਸੇ ਵੀ ਮੜ੍ਹੀ, ਮਸਾਣੀ ਆਦਿ 'ਤੇ ਮੱਥਾ ਨਾ ਟੇਕਣਾ ਹੀ, ਸਤਿਗੁਰੂ ਜੀ ਦੀ ਖੁਸ਼ੀ ਲੈਣੀ ਹੁੰਦੀ ਹੈ।

ਸੋ ਗੁਰੂ ਕੇ ਪਿਆਰਿਓ, ਆਓ ਅੱਜ ਅਸੀਂ ਸਾਰੇ ਸਿੱਖ ਪ੍ਰਣ ਕਰੀਏ ਕਿ ਅਸੀਂ ਆਪਣੇ ਮਹਾਨ ਸਤਿਗੁਰੂ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਸਦਾ ਸਦਾ ਲਈ ਓਟ ਆਸਰਾ ਰੱਖਣਾ ਹੈ।

-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ

Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

March 2024

Dharam Parchar Committee, Shiromani Gurdwara Parbandhak Committee, Sri Amritsar Sahib

## ਅਕਾਲੀ ਫੂਲਾ ਸਿੰਘ ਜੀ




Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-3-2024